Monthly

THE PUNJAB HERALD

ਮਾਨਵੀ ਪਰਚਮ ਨੂੰ ਸਿਦਕ ਦਿਲੀ ਨਾਲ ਬੁਲੰਦ ਰੱਖਣ ਦਾ ਹਸਤਾਖਰ

Bilingual

# ਦਾ ਪੰਜਾਬ ਹੈਰਲਡ

# The Punjab Herald

ਅਖਬਾਰ ਦੇ ਸੰਪਾਦਕ ਡਾ: ਅਵਤਾਰ ਐਸ. ਸੰਘਾ ਦੇ ਛਪ ਰਹੇ ਦੋ ਕਹਾਣੀ ਸੰਗ੍ਰਹਿ: 'ਮੈਹਲਾ ਮਾਜਰਾ ਤੇ ਹੋਰ ਕਹਾਣੀਆਂ' ਤੇ 'Free Train Ride and other stories'

Chief Editor & Publisher - Dr.Avtar S.Sangha B.A.Hons., M.A., Ph.D.(English)-India | Graduate Dip. In Edu. - English & History (NSW) Certificate IV Course in Trg. & Assess. (TAFE)-Australia

Free Copy

Edition - (143) June 2026, Sydney, Phone - 0437641033 , Email - thepunjabherald1@gmail.com

www.thepunjabherald.com



*Senior citizens join Sahitak Darbar every month in Baba Buddha Hall of Glenwood Gurughar. This group photo covers all those who joined this Darbar in May. For full report please see page No. 4*



## SINGH TRUCK DRIVING SCHOOL

**Get your truck licence for MR,HR, HC or MC classes.**

One day courses Available

Friendly trainer speaks Punjabi, Hindi and English.

Established 2012



**CALL JATINDER SINGH : 0433572723**

## ਆਪਣੇ ਕਾਰੋਬਾਰ ਵਿਚ ਵਾਧਾ ਕਰਨ ਲਈ ਅੱਜ ਹੀ ਆਪਣਾ ਇਸ਼ਤਿਹਾਰ

## 'ਦਾ ਪੰਜਾਬ ਹੈਰਲਡ' ਵਿਚ ਛਪਵਾਉ।

**ਈਮੇਲ - thepunjabherald1@gmail.com, Phone - 0437641033**

ਕਿਸੇ ਵੀ ਤਰ੍ਹਾਂ ਦੀਆਂ ਖਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ ੨੦ ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ।

ਮਾਨਵੀ ਪਰਚਮ ਨੂੰ ਸਿਦਕ ਦਿਲੀ ਨਾਲ ਬੁਲੰਦ ਰੱਖਣ ਦਾ ਹਸਤਾਖਰ
Bilingual
ਦਾ ਪੰਜਾਬ ਹੈਰਲਡ
The Punjab Herald
THE PUNJAB HERALD
IS LIVE NOW
For all types of advertisements in 'The Punjab Herald' please contact with us.
Scan this code
connect with us
+61 437 641 033
thepunjabherald1@gmail.com
www.thepunjabherald.com/

# ਤੇ ਮਾਲੀ ਵਾਲਾ ਮਸਲਾ ਹੱਲ ਹੋ ਗਿਆ



ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵਿੱਚ ਐੱਮ ਐੱਸਸੀ ਕਰਦਿਆਂ ਮੈਂ ਹੋਸਟਲ ਨੰਬਰ ਪੰਜ ਵਿੱਚ ਰਹਿੰਦਾ ਸੀ। ਹੋਸਟਲ ਦਾ ਮਾਲੀ ਕਈ ਦਿਨਾਂ ਤੋਂ ਆ ਨਹੀਂ ਸੀ ਰਿਹਾ। ਫੁੱਲਾਂ ਦੀਆਂ ਕਿਆਰੀਆਂ ਸੁੱਕਣ ਲੱਗੀਆਂ ਅਤੇ ਸੁੱਕਦੇ ਹੋਏ ਫੁੱਲਾਂ ਦੇ ਉੱਤੋਂ ਘਾਹ-ਫੂਸ ਸਿਰ ਕੱਢਣ ਲੱਗ ਪਿਆ। ਇਸ ਨਾਲ ਹੋਸਟਲ ਦੀ ਦਿੱਖ ਭੱਦੀ ਲਗਦੀ ਸੀ। ਇਸ ਬਾਰੇ ਹੋਸਟਲ ਦੇ ਕਲਰਕ ਨੂੰ ਵੀ ਕਿਹਾ ਅਤੇ ਵਾਰਡਨ ਹੋਰਾਂ ਨੂੰ ਵੀ ਦੱਸਿਆ ਸੀ, ਪਰ ਮਸਲਾ ਕਈ ਦਿਨਾਂ ਤੋਂ ਉੱਥੇ ਦਾ ਉੱਥੇ ਖੜ੍ਹਾ ਸੀ। ਪਤਾ ਲੱਗਿਆ ਕਿ ਮਾਲੀ ਬਿਮਾਰ ਹੈ।

ਇੱਕ ਦਿਨ ਐਤਵਾਰ ਨੂੰ ਦੁਪਹਿਰ ਦਾ ਖਾਣਾ ਖਾ ਕੇ ਅਸੀਂ ਕੁਝ ਕੁ ਵਿਦਿਆਰਥੀ ਮਾਲੀ ਵਾਲੇ ਮਸਲੇ 'ਤੇ ਚਰਚਾ ਕਰਨ ਲੱਗੇ। ਸਭ ਦਾ ਵਿਚਾਰ ਸੀ ਕਿ ਇਸ ਬਾਰੇ ਯੂਨੀਵਰਸਿਟੀ ਦੇ ਡਾਇਰੈਕਟਰ ਵਿਦਿਆਰਥੀ ਭਲਾਈ ਨੂੰ ਮਿਲਣਾ ਚਾਹੀਦਾ ਏ ਤਾਂ ਜੋ ਕਿਆਰੀਆਂ ਦੀ ਸਾਂਭ-ਸੰਭਾਲ ਦਾ ਕੋਈ ਪ੍ਰਬੰਧ ਹੋ ਸਕੇ। ਅਸੀਂ ਉੱਥੇ ਬੈਠ ਕੇ ਅਰਜ਼ੀ ਲਿਖ ਲਈ ਤੇ ਸਭ ਨੇ ਦਸਤਖਤ ਕਰ ਦਿੱਤੇ। ਸੋਚਿਆ ਕਿ ਕੱਲ੍ਹ ਨੂੰ ਸਾਰੇ ਜਾਣੇ ਇਕੱਠੇ ਹੋ ਕੇ ਡਾਇਰੈਕਟਰ ਨੂੰ ਮਿਲਾਂਗੇ। ਭੰਗੜੇ ਵਾਲਾ ਭੱਠਲ ਆਖਣ ਲੱਗਾ, "ਕੱਲ੍ਹ ਕੀਹਨੇ ਦੇਖਿਐ, ਅੱਜ ਈ ਚਲਦੇ ਆਂ।" ਸਾਰੇ ਉਸ ਦੇ ਮੂੰਹ ਵੱਲ ਵੇਖਣ ਲੱਗੇ ਕਿ ਅੱਜ ਐਤਵਾਰ ਕਿਹੜਾ ਦਫਤਰ ਖੁੱਲ੍ਹਿਆ ਹੋਊ।" ਪਰ ਮੈਂ ਉਸ ਦੀ ਗੱਲ ਸਮਝ ਗਿਆ। ਮੈਂ ਕਿਹਾ, "ਠੀਕ ਐ ਅੱਜ ਈ ਚਲਦੇ ਆਂ। ਡਾਇਰੈਕਟਰ ਸਾਹਿਬ ਨੂੰ ਉਨ੍ਹਾਂ ਦੇ ਘਰੇ ਮਿਲਦੇ ਆਂ। ਨਾਲੇ ਦਫਤਰ ਵਿੱਚ ਤਾਂ ਉਹ ਬਹੁਤ ਬਿਜ਼ੀ ਹੁੰਦੇ ਐ। ਘਰੇ ਚੱਜ ਨਾਲ ਆਪਣੀ ਗੱਲ ਸੁਣ ਲੈਣਗੇ।" ਉਸੇ ਦਿਨ ਸ਼ਾਮ ਨੂੰ ਅਰਜ਼ੀ ਲੈ ਕੇ ਮੈਂ, ਫੁਲਵਿੰਦਰ, ਸੁਖਵਿੰਦਰ ਸੁੱਖੀ, ਭੱਠਲ ਤੇ ਤੇਜਪਾਲ ਭਿੰਡਰ- ਅਸੀਂ ਡਾਇਰੈਕਟਰ ਦੇ ਘਰ ਵੱਲ ਚੱਲ ਪਏ। ਉਸ ਵੇਲੇ ਯੂਨੀਵਰਸਿਟੀ ਦੇ ਡਾਇਰੈਕਟਰ ਵਿਦਿਆਰਥੀ ਭਲਾਈ ਡਾ. ਮਲਵਿੰਦਰ ਸਿੰਘ ਸਨ, ਜੋ ਨੌਂ ਨੰਬਰ ਘਰ ਵਿੱਚ ਰਹਿੰਦੇ ਸਨ। ਹੋਸਟਲ ਤੋਂ ਤੁਰਨ ਲੱਗਿਆਂ ਅਸੀਂ ਪੂਰੀ ਵਿਉਂਤ ਬਣਾ ਲਈ ਕਿ ਕਿਸ ਨੇ ਕੀ ਤੇ ਕਿਵੇਂ ਕਹਿਣਾ ਹੈ। ਜਾਂਦਿਆਂ ਜਾਂਦਿਆਂ ਮੈਂ ਅਰਜ਼ੀ ਇੱਕ ਵਾਰ ਫਿਰ ਪੜ੍ਹੀ। ਤੁਰੇ ਜਾਂਦਿਆਂ ਨੂੰ ਉਨ੍ਹਾਂ ਦੇ ਘਰ ਮੂਹਰੇ ਬਣੀ ਕਿਆਰੀ ਵਿੱਚ ਕੋਈ ਮਾਲੀ ਕੰਮ ਕਰਦਾ ਦੂਰੋਂ ਦਿਸ ਰਿਹਾ ਸੀ। ਅਸੀਂ ਸੋਚਿਆ ਕਿ ਡਾਇਰੈਕਟਰ ਸਾਹਿਬ ਮਿਹਰਬਾਨ ਹੋ ਜਾਣ ਤਾਂ ਇਸੇ ਮਾਲੀ ਨੂੰ ਕਹਿ ਦੇਣ ਬਈ ਦੋ-ਤਿੰਨ ਘੰਟੇ ਪੰਜ ਨੰਬਰ ਹੋਸਟਲ 'ਚ ਵੀ ਲਾ ਦਿਆ ਕਰੇ, ਜਿੰਨਾ ਚਿਰ ਸਾਡੇ ਵਾਲਾ ਮਾਲੀ ਠੀਕ ਨਹੀਂ ਹੁੰਦਾ। ਇਹੀ ਸੋਚਦੇ ਹੋਏ ਅਸੀਂ ਉਨ੍ਹਾਂ ਦੇ ਘਰ ਕੋਲ ਪਹੁੰਚੇ ਤਾਂ ਹੱਥ ਵਿੱਚ ਰੰਬਾ ਫੜੀ ਡਾ. ਮਲਵਿੰਦਰ ਸਿੰਘ ਖੁਦ ਫੁੱਲਾਂ ਦੀਆਂ ਕਿਆਰੀਆਂ 'ਚੋਂ ਘਾਹ-ਫੂਸ ਕੱਢ ਰਹੇ ਸਨ। ਸਾਡੇ ਬੋਲਣ ਤੋਂ ਪਹਿਲਾਂ ਹੀ ਆਖਣ ਲੱਗੇ, "ਆ ਬਈ ਨਿਰਮਲ ਸਿੰਹਾਂ। ਕਲਾਕਾਰਾਂ ਦੀ ਟੋਲੀ 'ਕੱਠੀ ਹੋਈ ਫਿਰਦੀ ਐ ਅੱਜ ਤਾਂ। ਕੋਈ ਪ੍ਰੋਗਰਾਮ ਕਰਨਾ ਲੱਗਦੈ।" ਫਿਰ ਉਹ ਰੰਬਾ ਥੱਲੇ ਰੱਖ ਕੇ ਡੱਬੇ ਨਾਲ ਫੁੱਲਾਂ ਨੂੰ ਪਾਣੀ ਦੇਣ ਲੱਗ ਪਏ, "ਦੋ ਮਿੰਟ ਰੁਕੋ ਯਾਰ, ਮੈਂ ਆਹ ਪਾਣੀ ਆਲਾ ਕੰਮ ਵੀ ਨਿਬੇੜਲਾਂ। ਫੇਰ ਤੁਹਾਡੀ ਗੱਲ ਸੁਣਦਾਂ, ਨਾਲੇ ਤੁਹਾਨੂੰ ਚਾਹ ਪਿਆਉਨਾਂ।" ਫੁੱਲਾਂ ਨੂੰ ਪਾਣੀ ਦੇ ਕੇ ਉਨ੍ਹਾਂ ਆਪਣੇ ਹੱਥ ਪੈਰ ਧੋਤੇ, ਮੂੰਹ 'ਤੇ ਪਾਣੀ ਦੇ ਛਿੱਟੇ ਮਾਰੇ, ਪਰਨਾ ਠੀਕ ਕੀਤਾ, "ਆਜੋ ਅੰਦਰ।" ਅਸੀਂ ਉਨ੍ਹਾਂ ਨਾਲ ਹੀ ਅੰਦਰ ਚਲੇ ਗਏ। ਸਾਨੂੰ ਡਰਾਇੰਗ ਰੂਮ ਵਿੱਚ ਬੈਠਣ ਦਾ ਇਸ਼ਾਰਾ ਕਰਕੇ ਉਹ ਰਸੋਈ ਵਿੱਚੋਂ ਪਾਣੀ ਦਾ ਜੱਗ ਤੇ ਗਲਾਸ ਲਿਆਏ। ਪਾਣੀ ਪਿਆਉਣ ਲੱਗੇ ਤਾਂ ਤੇਜਪਾਲ ਨੇ ਉਨ੍ਹਾਂ ਕੋਲੋਂ ਜੱਗ ਅਤੇ ਗਲਾਸ ਫੜ ਲਏ, "ਸਰ, ਅਸੀਂ ਆਪੇ ਪੀ ਲੈਂਦੇ ਆਂ ਪਾਣੀ।" "ਚਾਹ ਪੀਓਗੇ?" ਪੁੱਛਦੇ ਹੋਏ ਉਹ ਹੱਸ ਕੇ ਕਹਿਣ ਲੱਗੇ, "ਅਸਲ ਵਿੱਚ ਮੈਂ ਚਾਹ ਬਹੁਤ ਵਧੀਆ ਬਣਾਉਂਦਾਂ, ਪੰਜਾਂ ਮਿੰਟਾਂ 'ਚ ਬਣਜੂ।" ਅਸੀਂ ਚਾਹ ਪੀਣ ਤੋਂ ਮਨ੍ਹਾਂ ਕਰ ਦਿੱਤਾ ਤਾਂ ਉਹ ਸਾਡੇ ਸਾਹਮਣੇ ਬੈਠ ਗਏ। ਸਿਰ ਦੇ ਪਰਨੇ ਨੂੰ ਦੁਆਰਾ ਠੀਕ ਕਰਦਿਆਂ ਆਖਣ ਲੱਗੇ, "ਅਸਲ ਵਿੱਚ ਨਾ ਮੁੰਡਿਓ, ਪਾਣੀ ਧਾਣੀ ਤਾਂ ਮੈਂ ਰੋਜ਼ ਸ਼ਾਮ ਨੂੰ ਫੁੱਲਾਂ ਨੂੰ ਦਿੰਨਾਂ ਤੇ ਐਤਵਾਰ ਨੂੰ ਪੂਰੀ ਕਾਂਟ-ਛਾਂਟ ਵੀ ਕਰਦਾਂ ਮੈਂ ਇਨ੍ਹਾਂ ਕਿਆਰੀਆਂ ਦੀ। ਸਬਜ਼ੀਆਂ ਵੀ ਲਾਈਆਂ ਆਪਾਂ ਥੋੜ੍ਹੀਆਂ ਜਿਹੀਆਂ ਲੋੜ ਜੋਗੀਆਂ। ਨਾਲੇ ਤਾਂ ਹੱਥ ਪੈਰ ਚਲਦੇ ਰਹਿੰਦੇ ਐ ਨਾਲੇ ਕਿਆਰੀਆਂ ਸੋਹਣੀਆਂ ਬਣੀਆਂ ਰਹਿੰਦੀਆਂ ਨੇ।" ਡਰਾਇੰਗ ਰੂਮ ਵਿੱਚੋਂ ਉਹ ਬਾਹਰ ਫੁੱਲਾਂ ਦੀਆਂ ਕਿਆਰੀਆਂ ਵੱਲ ਵੇਖ ਕੇ ਖੁਸ਼ ਵੀ ਹੋ ਰਹੇ ਸਨ। ਅਸੀਂ ਇੱਕ-ਦੂਜੇ ਨਾਲ ਅੱਖਾਂ ਮਿਲਾਈਆਂ ਕਿ ਮਾਲੀ ਵਾਲੀ ਗੱਲ ਕਿਵੇਂ ਸ਼ੁਰੂ ਕਰੀਏ? ਡਾ. ਮਲਵਿੰਦਰ ਸਿੰਘ ਫਿਰ ਬੋਲ ਪਏ, "ਆਹ ਮੈਂ ਕਈਆਂ ਨੂੰ ਦੇਖਦਾਂ ਇੱਥੇ ਆਂਢ-ਗੁਆਂਢ 'ਚ, ਨਿੱਕੇ ਨਿੱਕੇ ਕੰਮਾਂ ਲਈ ਨੌਕਰ ਰੱਖੇ ਐ। ਕਿਆਰੀਆਂ ਲਈ ਮਾਲੀ ਰੱਖੇ ਐ, ਬਈ ਯਾਰ ਆਵਦਾ ਕੰਮ ਆਪ ਕਰੋ, ਤੰਦਰੁਸਤ ਵੀ ਰਹਿੰਦੈ ਬੰਦਾ।" ਉਨ੍ਹਾਂ ਆਪਣੀ ਖੱਬੀ ਬਾਂਹ 'ਤੇ ਲੱਗੇ ਘਾਹ ਨੂੰ ਸੱਜੇ ਹੱਥ ਨਾਲ ਝਾੜਦਿਆਂ ਅੱਗੇ ਕਿਹਾ, "ਆਪਾਂ ਪਿੰਡਾਂ 'ਚੋਂ ਆਏ ਆਂ, ਖੇਤਾਂ 'ਚ ਹੀ ਕੰਮ ਕਰਦੇ ਰਹੇ ਆਂ ਹੁਣ ਤੱਕ। ਉਹੀ ਕੰਮ ਜੇ ਹੁਣ ਇੱਥੇ ਕਰ ਲਵਾਂਗੇ ਤਾਂ ਕੀ ਹੋ ਜਾਊ। ਸੋ ਭਾਈ ਮੁੰਡਿਓ, ਮੈਂ ਤਾਂ ਕਦੇ ਕਿਸੇ ਕੰਮ ਤੋਂ ਸੰਗਿਆ ਨਹੀਂ। ਆਪਣੇ ਘਰਾਂ ਦੇ ਮਾਲੀ ਆਪ ਹੀ ਬਣਨਾ ਚਾਹੀਦੈ।" ਡਾ. ਮਲਵਿੰਦਰ ਸਿੰਘ ਦੀ ਗੱਲ ਸੁਣਦਿਆਂ ਮੈਂ ਆਪਣੇ ਹੱਥ ਵਿੱਚ ਫੜੀ ਅਰਜ਼ੀ ਹੌਲੀ ਕੁ ਦੇਣੇ ਮੋੜ ਕੇ ਜੇਬ ਵਿੱਚ ਪਾ ਲਈ। ਉਨ੍ਹਾਂ ਪੁੱਛਿਆ, "ਤੁਸੀਂ ਦੱਸੋ, ਕਿਵੇਂ ਆਏ ਅੱਜ?" ਸੁੱਖੀ ਨੇ ਗੱਲ ਮੋੜ ਦਿੱਤੀ, ਆਖਣ ਲੱਗਾ, "ਵੈਸੇ ਈ ਸਰ, ਇੱਧਰ ਸੈਰ ਕਰਦੇ ਫਿਰਦੇ ਸੀ, ਤੁਸੀਂ ਦਿਸਗੇ ਸੋਚਿਆ ਮਿਲ ਚੱਲੀਏ ਸਰ ਨੂੰ।" "ਜੀਅ ਆਇਆਂ ਨੂੰ ਮੁੰਡਿਓ!" ਉਹ ਖੁਸ਼ ਹੋਏ। ਅਸੀਂ ਉੱਠ ਕੇ ਖੜ੍ਹੇ ਹੋ ਗਏ। "ਅੱਜ ਘਰਦੇ ਜੀਅ ਬਾਹਰ ਗਏ ਹੋਏ ਐ। ਚਾਹ ਪੀਣੀ ਐ ਤਾਂ ਮੈਂ ਬਣਾ ਦਿੰਨਾਂ," ਉਨ੍ਹਾਂ ਫਿਰ ਸਾਨੂੰ ਚਾਹ ਪੀਣ ਲਈ ਜ਼ੋਰ ਪਾਇਆ। "ਨਹੀਂ ਸਰ," ਕਹਿ ਕੇ ਅਸੀਂ ਹੱਥ ਜੋੜ ਕੇ ਉਨ੍ਹਾਂ ਦਾ ਧੰਨਵਾਦ ਕਰਕੇ ਤੁਰ ਪਏ। ਰਸਤੇ ਵਿੱਚ ਫੁਲਵਿੰਦਰ ਕਹਿਣ ਲੱਗਾ, "ਹੋਸਟਲ ਵਿੱਚੋਂ ਮਾਲੀ ਵਾਲਾ ਸਮਾਨ ਲੱਭੋ। ਆਪਾਂ ਈ ਸ਼ਾਮ ਨੂੰ ਲਾ ਲਿਆ ਕਰਾਂਗੇ ਘੰਟਾ ਕਿਆਰੀਆਂ 'ਤੇ। ਆਪਣੇ ਹੋਸਟਲ ਦੇ ਮਾਲੀ ਆਪ ਬਣੀਏ, ਨਾਲੇ ਵਰਜ਼ਿਸ਼ ਹੋ ਜਾਇਆ ਕਰੂ।" ਟਹਿਲਦੇ ਟਹਿਲਦੇ ਅਸੀਂ ਹੋਸਟਲ ਪਹੁੰਚ ਗਏ ਜਿਵੇਂ ਮਾਲੀ ਵਾਲਾ ਮਸਲਾ ਹੱਲ ਹੋ ਗਿਆ ਹੋਵੇ।

ਡਾ: ਨਿਰਮਲ ਜੌੜਾ

# ਕਾਕਰੋਚ, ਕਾਫਕਾ, ਲੋਰਕਾ ਤੇ ਅਸੀਂ

"ਇੱਕ ਸਵੇਰ ਜਦੋਂ ਗਰੇਗਰ ਸਮਸਾ ਆਪਣੇ ਬੇਚੈਨ ਕਰ ਦੇਣ ਵਾਲੇ ਸੁਫਨਿਆਂ 'ਚੋਂ ਜਾਗਿਆ ਤਾਂ ਉਸ ਨੇ ਆਪਣੇ ਬਿਸਤਰੇ ਵਿੱਚ ਆਪਣੇ ਆਪ ਨੂੰ ਇੱਕ ਵੱਡੇ ਕੀੜੇ ਮਕੌੜੇ (ਕਾਕਰੋਚ) ਵਿੱਚ ਬਦਲ ਲਿਆ ਸੀ।"

– ਫਰਾਂਜ਼ ਕਾਫਕਾ, ਨਾਵਲ 'ਦਿ ਮੇਟਾਮਾਰਫੋਸਿਸ'

"ਓ ਸ਼ਾਇਰ, ਮਨੁੱਖਾਂ ਨੂੰ ਦੱਸ ਕਿ ਨਿਮਰ ਹੋਣ। ਕੁਦਰਤ ਵਿੱਚ ਸਾਰੇ ਜੀਵ ਬਰਾਬਰ ਹਨ।"

– ਲੋਰਕਾ, ਨਾਟਕ 'ਤਿਤਲੀ ਦਾ ਟੂਣਾ'

ਮਨੁੱਖ ਕਾਕਰੋਚ ਕਦੋਂ ਤੇ ਕਿਵੇਂ ਬਣਦਾ ਹੈ? ਕੀ ਉਹ ਖੁਦ ਆਪਣੇ ਆਪ ਨੂੰ ਕਾਕਰੋਚ ਵਿੱਚ ਬਦਲ ਲੈਂਦਾ ਹੈ ਜਾਂ ਸਮਾਜਿਕ, ਆਰਥਿਕ ਤੇ ਸਿਆਸੀ ਹਾਲਾਤ ਉਸ ਨੂੰ ਕਾਕਰੋਚ ਬਣਾ ਦਿੰਦੇ ਜਾਂ ਉਸ ਨੂੰ ਕਾਕਰੋਚ ਵਰਗੀ ਸਥਿਤੀ ਵਿੱਚ ਪਹੁੰਚਾ ਦਿੰਦੇ ਹਨ? ਉਪਰੋਕਤ ਸ਼ਬਦ ਫਰਾਂਜ਼ ਕਾਫਕਾ ਦੇ ਹਨ, ਜਿਹੜਾ 1883 ਵਿੱਚ ਪਰਾਗ (ਹੁਣ ਚੈੱਕ ਰਿਪਬਲਿਕ ਦੀ ਰਾਜਧਾਨੀ) ਵਿੱਚ ਜੰਮਿਆ, ਪਰ ਲਿਖਦਾ ਜਰਮਨ ਭਾਸ਼ਾ ਵਿੱਚ ਸੀ। ਵਿਦਵਾਨਾਂ ਦਾ ਮੰਨਣਾ ਹੈ ਕਿ ਇਹ ਲਘੂ ਨਾਵਲ ਸਰਮਾਏਦਾਰੀ ਨਿਜ਼ਾਮ ਹੇਠ ਮਨੁੱਖ ਦੀ ਆਪਣੇ ਆਪ ਤੋਂ ਬੇਗਾਨੇ () ਹੋ ਜਾਣ ਦੀ ਕਹਾਣੀ ਹੈ, ਇਸ ਨਿਜ਼ਾਮ ਦੀ ਅਣਮਨੁੱਖਤਾ ਵਿੱਚ ਮਨੁੱਖ ਦੀ ਮਨੁੱਖਤਾ ਦੇ ਗੁਆਚਣ ਦੀ ਕਹਾਣੀ, ਮਨੁੱਖ ਦੀ ਮਨੁੱਖ ਤੋਂ ਕਾਕਰੋਚ ਬਣ ਜਾਣ ਦੀ ਗਾਥਾ। ਸਪੇਨੀ ਕਵੀ ਤੇ ਨਾਟਕਕਾਰ ਫਰੈਗੇਕੋ ਗਾਰਸੀਆ ਲੋਰਕਾ ਦੇ ਇੱਕ ਲਘੂ ਨਾਟਕ 'ਤਿਤਲੀ ਦਾ ਟੂਣਾ' ਵਿੱਚ ਵੀ ਕਾਕਰੋਚਾਂ ਦੀ ਕਹਾਣੀ ਦੱਸੀ ਗਈ ਹੈ; ਇਹ ਇੱਕ ਜਖਮੀ ਹੋ ਗਈ ਤਿਤਲੀ ਤੇ ਇੱਕ ਨੌਜਵਾਨ ਕਾਕਰੋਚ, ਜੋ ਸ਼ਾਇਰ ਹੈ, ਦੀ ਅਸੰਭਵ ਪ੍ਰੇਮ ਕਹਾਣੀ ਹੈ।

ਇਹ ਕਿਹਾ ਜਾ ਸਕਦਾ ਹੈ ਕਿ ਸਾਹਿਤ ਵਿੱਚ ਤਾਂ ਕੁਝ ਵੀ ਹੋ ਸਕਦਾ ਹੈ, ਜਿਵੇਂ ਆਪਣੇ ਨਾਵਲ 'ਗੁਲੀਵਰ'ਜ਼ ਟਰੈਵਲਜ਼' ਵਿੱਚ ਜੋਨਾਥਨ ਸਵਿਫਟ ਇੱਕ ਪਾਸੇ 6 ਇੰਚ ਦੇ ਲਘੂ ਮਨੁੱਖਾਂ ਦੇ ਦੇਸ ਲਿਲੀਪੁਟ ਦੀ ਕਲਪਨਾ ਕਰਦਾ ਹੈ ਤੇ ਦੂਸਰੇ ਪਾਸੇ 72 ਫੁੱਟ ਕੱਦ ਵਾਲੇ ਵਿਰਾਟ ਮਨੁੱਖਾਂ ਦੀ ਧਰਤੀ ਬਰੋਬਡਿੰਗਨੈਗ () ਦੀ; ਉਸ ਨਾਵਲ ਵਿੱਚ ਹੋਰ ਕਾਲਪਨਿਕ ਧਰਤੀਆਂ ਵੀ ਹਨ। ਇਸੇ ਤਰ੍ਹਾਂ ਉਰਦੂ ਵਿੱਚ ਲਿਖਣ ਵਾਲਾ ਪੰਜਾਬੀ ਨਾਵਲਕਾਰ ਕ੍ਰਿਸ਼ਨ ਚੰਦਰ 'ਇੱਕ ਗਧੇ ਕੀ ਸਰਗੁਜ਼ਸ਼ਤ' (ਇੱਕ ਗਧੇ ਦੀ ਆਤਮਕਥਾ) ਜਿਹਾ ਵਿਅੰਗਮਈ ਨਾਵਲ ਲਿਖਦਾ ਹੈ; ਪਰ ਇੱਕ ਅਖ਼ਬਾਰੀ ਲੇਖ ਵਿੱਚ ਕਾਕਰੋਚਾਂ ਦਾ ਜ਼ਿਕਰ ਕਿਉਂ ਕੀਤਾ ਜਾ ਰਿਹਾ ਹੈ? ਇਹ ਜ਼ਿਕਰ ਬਹੁਤ ਦੁੱਖ ਨਾਲ ਕੀਤਾ ਜਾ ਰਿਹਾ ਹੈ। ਪੰਦਰਾਂ ਮਈ 2026 ਨੂੰ ਭਾਰਤ ਦੀ ਸੁਪਰੀਮ ਕੋਰਟ ਦੇ ਚੀਫ ਜਸਟਿਸ ਸੂਰਿਆਕਾਂਤ ਨੇ ਇੱਕ ਪਟੀਸ਼ਨ ਸੁਣਦੇ ਸਮੇਂ ਕਿਹਾ, "ਏਥੇ ਕਾਕਰੋਚਾਂ ਜਿਹੇ ਨੌਜਵਾਨ ਹਨ, ਜਿਨ੍ਹਾਂ ਨੂੰ ਰੁਜ਼ਗਾਰ ਨਹੀਂ ਮਿਲਦਾ ਤੇ ਪੇਸ਼ੇ (ਕਾਨੂੰਨੀ ਖੇਤਰ) ਵਿੱਚ ਕੋਈ ਥਾਂ ਨਹੀਂ ਮਿਲਦੀ। ਉਨ੍ਹਾਂ 'ਚੋਂ ਕੁਝ ਮੀਡੀਆ ਵਿੱਚ ਚਲੇ ਜਾਂਦੇ ਹਨ ਤੇ ਕੁਝ ਸ਼ੋਸ਼ਲ ਮੀਡੀਆ ਵਿੱਚ, ਆਰ.ਟੀ.ਆਈ. ਐਕਟੀਵਿਸਟ ਬਣ ਜਾਂਦੇ ਹਨ ਅਤੇ ਹਰ ਕਿਸੇ 'ਤੇ ਹਮਲਾ ਕਰਨਾ ਸ਼ੁਰੂ ਕਰ ਦਿੰਦੇ ਹਨ।" ਪਟੀਸ਼ਨਰ ਨੇ ਸਿਖਰਲੀ ਅਦਾਲਤ ਸਾਹਮਣੇ ਬੇਨਤੀ ਕੀਤੀ ਸੀ ਕਿ ਉਸ ਨੂੰ ਸੀਨੀਅਰ ਐਡਵੋਕੇਟ ਬਣਾ ਦਿੱਤਾ ਜਾਵੇ। ਪਟੀਸ਼ਨਰ ਦੀ ਬੇਨਤੀ ਸ਼ਾਇਦ ਸਹੀ ਨਹੀਂ ਸੀ ਪਰ ਜੋ ਮਾਣਯੋਗ ਚੀਫ ਜਸਟਿਸ ਸਾਹਿਬ ਨੇ ਕਿਹਾ ਉਹ ਸੱਭਿਅਤਾ ਦੀਆਂ ਹੱਦਾਂ ਪਾਰ ਕਰਨ ਵਾਲਾ ਹੈ, ਬੇਰੁਜ਼ਗਾਰ ਨੌਜਵਾਨਾਂ ਪ੍ਰਤੀ ਹਿਕਾਰਤ ਤੇ ਤ੍ਰਿਸਕਾਰ ਨਾਲ ਭਰੇ ਹੋਏ ਸ਼ਬਦ। ਕੀ ਦੇਸ਼ ਦੀ ਨਿਆਂ ਪ੍ਰਣਾਲੀ ਦੇ ਮੁਖੀ ਨੂੰ ਅਜਿਹੇ ਸ਼ਬਦ ਬੋਲਣੇ ਸ਼ੋਭਾ ਦਿੰਦੇ ਹਨ? ਇਸ ਤੋਂ ਵੱਡਾ ਸਵਾਲ ਇਹ ਹੈ ਕਿ ਇਨ੍ਹਾਂ ਸ਼ਬਦਾਂ ਵਿਚਲੀ ਭਾਵਨਾ ਚੀਫ ਜਸਟਿਸ ਸਾਹਿਬ ਦੇ ਮਨ ਵਿੱਚ ਕਿਵੇਂ ਜਨਮੀ ਤੇ ਪਣਪੀ? ਇਸ ਦੇ ਨਾਲ ਜੁੜੇ ਹੋਰ ਸਵਾਲ ਇਹ ਹਨ: ਕੀ ਅਜਿਹੀ ਭਾਵਨਾ ਸਿਰਫ ਚੀਫ ਜਸਟਿਸ ਸਾਹਿਬ ਦੇ ਮਨ ਵਿੱਚ ਹੈ ਜਾਂ ਨਿਆਂਪਾਲਿਕਾ ਅਤੇ ਸਾਸਕ ਵਰਗ ਦੇ ਹੋਰ ਸ਼ਖਸਾਂ ਦੇ ਮਨ ਵਿੱਚ ਵੀ ਏਦਾਂ ਹੀ ਮੌਜੂਦ ਹੈ? ਕੀ ਬੇਰੁਜ਼ਗਾਰਾਂ ਬਾਰੇ ਅਜਿਹੀ ਭਾਸ਼ਾ ਬੇਰੁਜ਼ਗਾਰਾਂ ਤੇ ਉਨ੍ਹਾਂ ਦੇ ਮਨਾਂ ਵਿਚਲੇ ਗੁੱਸੇ ਤੇ ਰੋਹ ਦੀ ਭਾਵਨਾ ਪ੍ਰਤੀ ਕੁਲੀਨ ਵਰਗ ਦੀ ਸਮੂਹਿਕ ਮਾਨਸਿਕਤਾ ਦਾ ਪ੍ਰਗਟਾਵਾ ਹੈ?



ਇਨ੍ਹਾਂ ਸਵਾਲਾਂ ਦੇ ਜਵਾਬ ਦੇਣਾ ਕੋਈ ਜ਼ਿਆਦਾ ਮੁਸ਼ਕਿਲ ਨਹੀਂ। ਸ਼ਬਦ 'ਕਾਕਰੋਚ' ਜਾਂ ਲੋਕਾਂ ਦੀ ਕਾਕਰੋਚਾਂ ਨਾਲ ਤੁਲਨਾ ਕਰਨ ਦੀ ਭਾਵਨਾ ਸਾਸਕ ਵਰਗ ਦੀ ਭਾਸ਼ਾ ਵਿੱਚ ਚਿਰਾਂ ਤੋਂ ਮੌਜੂਦ ਹੈ। 2018 ਵਿੱਚ ਦੇਸ਼ ਦੇ ਗ੍ਰਹਿ ਮੰਤਰੀ ਤੇ ਭਾਰਤੀ ਜਨਤਾ ਪਾਰਟੀ ਦੇ ਤਤਕਾਲੀ ਪ੍ਰਧਾਨ ਅਮਿਤ ਸ਼ਾਹ ਨੇ ਬੰਗਲਾਦੇਸ਼ੀ ਘੁਸਪੈਠੀਆਂ ਦੀ ਤੁਲਨਾ ਦੀਮਕ (ਸਿਉਂਕ) ਨਾਲ ਕੀਤੀ ਸੀ। 1990ਵਿਆਂ ਵਿੱਚ ਰਵਾਂਡਾ ਵਿੱਚ ਹੋਈ ਨਸਲਕੁਸ਼ੀ ਵਿੱਚ ਘੱਟਗਿਣਤੀ ਟੁਟਸੀ () ਭਾਈਚਾਰੇ ਦੇ ਲੋਕਾਂ ਨੂੰ ਕਾਕਰੋਚ ਗਰਦਾਨਿਆ ਗਿਆ ਸੀ। ਵੀਹਵੀਂ ਸਦੀ ਦੇ ਦੂਸਰੇ ਤੇ ਤੀਸਰੇ ਦਹਾਕੇ ਵਿੱਚ ਨਾਜ਼ੀਆਂ ਨੇ ਯਹੂਦੀਆਂ ਨੂੰ ਆਪਣੀ ਨਫਰਤ ਦਾ ਨਿਸ਼ਾਨਾ ਬਣਾਉਂਦੇ ਹੋਏ ਉਨ੍ਹਾਂ ਨੂੰ 'ਟਾਈਫਸ ਬਿਮਾਰੀ ਪੈਦਾ ਕਰਨ ਵਾਲੀਆਂ ਜੂੰਆਂ' ਕਿਹਾ ਸੀ। ਹਿਟਲਰ ਨੇ ਆਪਣੀ ਕਿਤਾਬ 'ਮੀ ਕੈਂਫ' ( ) ਵਿੱਚ ਯਹੂਦੀਆਂ ਨੂੰ ਪਰਜੀਵੀ () ਦੱਸਿਆ ਸੀ। ਹੁਣ ਇਜ਼ਰਾਈਲੀ ਆਗੂ, ਅਫਸਰ ਤੇ ਜ਼ਾਇਨਵਾਦੀ ਯਹੂਦੀ ਫਲਸਤੀਨੀਆਂ ਨੂੰ ਕਾਕਰੋਚ ਤੇ ਕੀੜੇ ਮਕੌੜੇ ਗਰਦਾਨਦੇ ਹਨ। 1983 ਵਿੱਚ ਇਜ਼ਰਾਈਲੀ ਫੌਜਾਂ ਦੇ ਜਰਨੈਲ ਰੈਫਲ ਈਟਨ ਨੇ ਉਨ੍ਹਾਂ ਨੂੰ ਕਾਕਰੋਚ ਗਰਦਾਨਿਆ ਸੀ ਤੇ ਤਤਕਾਲੀ ਪ੍ਰਧਾਨ ਮੰਤਰੀ ਵਾਈ ਸ਼ਮੀਰ ਨੇ ਵੀ। ਹੁਣ ਗਾਜ਼ਾ ਵਿੱਚ ਨਸਲਕੁਸ਼ੀ ਕਰਨ ਵਾਲੀ ਇਜ਼ਰਾਇਲੀ ਸਰਕਾਰ ਦੇ ਮੰਤਰੀ ਫਲਸਤੀਨੀਆਂ ਨੂੰ 'ਮਨੁੱਖੀ ਪਸ਼ੂ' ਤੇ ਕਈ ਹੋਰ ਅਜਿਹੇ ਸ਼ਬਦਾਂ ਨਾਲ ਬੁਲਾਉਂਦੇ ਹਨ।

ਇਹ ਉਦਾਹਰਣਾਂ ਸਪੱਸ਼ਟ ਕਰਦੀਆਂ ਹਨ ਕਿ ਭਾਸ਼ਾ ਰਾਹੀਂ ਮਨੁੱਖ ਨੂੰ ਮਨੁੱਖ ਦੀ ਹਸਤੀ ਤੋਂ ਗਿਰਾ ਕੇ ਦੇਖਣਾ ਦਮਨ ਤੇ ਜਬਰ ਕਰਨ ਵਾਲੀਆਂ ਧਿਰਾਂ ਦਾ ਪ੍ਰਮੁੱਖ ਹਥਿਆਰ ਰਿਹਾ ਹੈ। ਪਹਿਲਾਂ ਮਨੁੱਖ ਦੀ ਕਿਸੇ ਸ਼੍ਰੇਣੀ ਨੂੰ ਕੀੜੇ ਮਕੌੜਿਆਂ ਜਾਂ ਪਸ਼ੂਆਂ ਨਾਲ ਤੁਲਨਾ ਕੀਤੀ ਜਾਂਦੀ ਹੈ ਤੇ ਫਿਰ ਉਨ੍ਹਾਂ ਦਾ ਘਾਣ ਕੀਤਾ ਜਾਂਦਾ ਹੈ। ਬਸਤੀਵਾਦ ਨੂੰ ਨਿਆਂ-ਪੂਰਵਕ ਠਹਿਰਾਉਣ ਵਾਲੇ ਸ਼ਾਇਰ ਤੇ ਨਾਵਲਕਾਰ ਰੁਡਯਾਰਡ ਕਿਪਲਿੰਗ ਨੇ ਆਪਣੀ ਨਜ਼ਮ 'ਵ੍ਹਾਈਟ ਮੈਨਜ਼ ਬਰਡਨ (ਗੋਰੇ ਬੰਦੇ ਦਾ ਬੋਝ)' ਵਿੱਚ ਏਸ਼ੀਆ ਤੇ ਅਫਰੀਕਾ ਦੇ ਲੋਕਾਂ ਨੂੰ 'ਅਰਧ-ਰਾਖਸ਼' ਤੇ 'ਅਰਧ-ਬੱਚੇ' ਕਿਹਾ ਸੀ ਤੇ ਇੰਗਲੈਂਡ ਦੇ ਪ੍ਰਧਾਨ ਮੰਤਰਪੀ ਵਿੰਸਟਨ ਚਰਚਿਲ ਦੇ ਭਾਰਤੀਆਂ ਬਾਰੇ ਵਿਚਾਰ ਕੁਝ ਅਜਿਹੇ ਸਨ, "ਉਹ (ਭਾਰਤੀ) ਪਸ਼ੂਆਂ ਵਰਗੇ ਲੋਕ ਹਨ, ਉਨ੍ਹਾਂ ਦਾ ਧਰਮ ਵੀ ਪਸ਼ੂਆਂ ਵਰਗਾ ਹੈ।" ਭਾਸ਼ਾ ਅਜਬ ਸ਼ੈਅ ਹੈ। ਇਹ ਮਨੁੱਖਾਂ ਵਿੱਚ ਸੰਚਾਰ ਦਾ ਸਾਧਨ ਹੈ। ਇਹ ਜੀਵਨ ਵਿਚਲੇ ਸੱਚ ਤੇ ਹਕੀਕਤਾਂ ਨੂੰ ਸਾਹਮਣੇ ਲਿਆਉਂਦੀ ਹੈ, ਆਪਸੀ ਪ੍ਰੇਮ, ਸਾਂਝੀਵਾਲਤਾ, ਮਨੁੱਖੀ ਬਰਾਬਰੀ ਤੇ ਅਮਨ ਦੀਆਂ ਭਾਵਨਾਵਾਂ ਨੂੰ ਪ੍ਰਗਟਾਉਣ ਤੇ ਅਮਲ ਵਿੱਚ ਲਿਆਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ, ਸਾਹਿਤ ਤੇ ਸੱਭਿਆਚਾਰ ਸਿਰਜਦੀ ਹੈ ਪਰ ਨਾਲ ਨਾਲ ਇਹ ਨਫਰਤ ਵਧਾਉਣ ਤੇ ਹਿੰਸਾ ਭੜਕਾਉਣ ਦਾ ਸੰਦ ਵੀ ਬਣਦੀ ਹੈ, ਮਨੁੱਖਾਂ ਦੇ ਮਨਾਂ ਵਿੱਚ ਕੁੜੱਤਣ ਤੇ ਵਿਤਕਰੇ ਪੈਦਾ ਕਰਦੀ ਹੈ, ਜ਼ੁਲਮ ਕਰਨ ਵਾਲਿਆਂ ਦੀ ਦਾਸੀ ਬਣਦੀ ਹੈ। ਜ਼ੁਲਮ ਵਿਰੁੱਧ ਵਿਦਰੋਹ ਵੀ ਭਾਸ਼ਾ ਰਾਹੀਂ ਹੁੰਦਾ ਹੈ ਤੇ ਗੋਡੇ ਟੇਕੇ ਜਾਣ ਦਾ ਵਿਹਾਰ ਵੀ ਭਾਸ਼ਾ ਰਾਹੀਂ ਅਮਲ ਵਿੱਚ ਆਉਂਦਾ ਹੈ। ਅਨਿਆਂ ਵਿਰੁੱਧ ਆਵਾਜ਼ ਵੀ ਭਾਸ਼ਾ ਰਾਹੀਂ ਉੱਠਦੀ ਹੈ ਤੇ ਚਾਪਲੂਸੀ ਵੀ ਇਸੇ ਦੀ ਗੋਦੀ ਵਿੱਚ ਪਲਦੀ ਹੈ।

ਭਾਸ਼ਾ ਦਾ ਇੱਕ ਹੋਰ ਦਿਲਚਸਪ ਪਹਿਲੂ ਇਹ ਹੈ ਕਿ ਕਈ ਵਾਰ ਇਹ ਇਨਸਾਨ ਨੂੰ ਧੋਖਾ ਦਿੰਦੀ ਹੈ। ਕੋਈ ਜਣਾ ਆਪਣੇ ਵੱਲੋਂ ਬਹੁਤ ਮਹੱਤਵਪੂਰਨ ਦਲੀਲ ਦੇ ਰਿਹਾ ਹੁੰਦਾ ਹੈ, ਪਰ ਭਾਸ਼ਾ ਅਜਿਹੀ ਵਰਤ ਜਾਂਦਾ ਹੈ ਜੋ ਨਾ ਸਿਰਫ ਉਸ ਦੀ ਘਟੀਆ ਜ਼ਿਹਨੀਅਤ ਦਾ ਪਰਦਾਫਾਸ਼ ਕਰਦੀ ਹੈ, ਸਗੋਂ ਇਹ ਵੀ ਦੱਸਦੀ ਹੈ ਕਿ ਇਸ ਇਨਸਾਨ ਅੰਦਰਲੀ ਇਨਸਾਨੀਅਤ ਗਰਕ ਹੋ ਚੁੱਕੀ, ਮਰ ਚੁੱਕੀ ਹੈ। ਏਹੀ ਨਹੀਂ, ਭਾਸ਼ਾ ਮਨੁੱਖਾਂ ਦਾ ਦਮਨ ਕਰਨ ਵਾਲੇ ਨਿਜ਼ਾਮਾਂ ਦੇ ਹੁਕਮਰਾਨਾਂ ਦੀ ਮਾਨਸਿਕਤਾ ਨੂੰ ਦਰਸਾਉਂਦੀ ਹੋਈ ਉਨ੍ਹਾਂ ਸੋਚ-ਸੰਚਾਰਾਂ ਦੇ ਚਿਹਰਿਆਂ ਤੋਂ ਮੁਖੌਟੇ ਉਤਾਰਦੀ ਹੈ, ਜੋ ਉਨ੍ਹਾਂ ਨੇ ਆਪਣੇ ਦਮਨ ਨੂੰ ਸਹੀ ਠਹਿਰਾਉਣ ਲਈ ਪਾਏ ਹੁੰਦੇ ਹਨ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਇਰਾਨ ਦੀ ਸੱਭਿਅਤਾ ਦਾ ਨਾਮੋ-ਨਿਸ਼ਾਨ ਮਿਟਾ ਦੇਣ ਦੀ ਧਮਕੀ ਦੇਣ ਵਾਲੀ ਭਾਸ਼ਾ ਅਜਿਹੀ ਸੀ, ਜੋ ਇਹ ਦੱਸ ਰਹੀ ਸੀ ਕਿ ਪੱਛਮੀ ਸੱਭਿਅਤਾ ਤੇ ਖਾਸ ਕਰਕੇ ਅਮਰੀਕੀ ਸੱਭਿਅਤਾ ਕਿਸ ਤਰ੍ਹਾਂ ਦੀ ਅਣਮਨੁੱਖਤਾ ਦੀ ਕਾਗਾਰ 'ਤੇ ਜਾ ਪਹੁੰਚੀ ਹੈ, ਜਿਸ ਨੂੰ ਮਨੁੱਖੀ ਅਧਿਕਾਰਾਂ ਤੇ ਜਮਹੂਰੀਅਤ ਦੀ ਰੱਖਿਆ ਦੇ ਖੋਖਲੇ ਨਾਅਰਿਆਂ ਨਾਲ ਢਕਿਆ ਜਾ ਰਿਹਾ ਹੈ।

ਇਰਾਨ 'ਤੇ ਹੋਏ ਹਮਲੇ ਤੋਂ ਕੁਝ ਦਿਨ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇਜ਼ਰਾਈਲ ਫੇਰੀ ਵਿੱਚ ਵਰਤੀ ਗਈ ਭਾਸ਼ਾ ਵੀ ਨਸਲਕੁਸ਼ੀ ਕਰਨ ਵਾਲੀ ਇਜ਼ਰਾਇਲੀ ਸਰਕਾਰ ਦੀ ਹਮਾਇਤ ਕਰਨ ਵਾਲੀ ਭਾਸ਼ਾ ਸੀ ਤੇ ਸਾਡੇ ਦੇਸ਼ ਦੀ ਸਰਕਾਰ ਤੇ ਮੀਡੀਆ ਪ੍ਰਧਾਨ ਮੰਤਰੀ ਦੀ ਇਜ਼ਰਾਈਲ ਫੇਰੀ ਅਤੇ ਉੱਥੇ ਹੋਏ ਐਲਾਨਾਂ 'ਤੇ ਬਹੁਤ ਖੁਸ਼ ਵੀ ਸਨ।

ਚੀਫ ਜਸਟਿਸ ਸੂਰਿਆਕਾਂਤ ਨੇ ਸਪੱਸ਼ਟੀਕਰਨ ਦਿੱਤਾ ਹੈ ਕਿ ਉਹ ਨੌਜਵਾਨਾਂ ਦਾ ਬਹੁਤ ਆਦਰ ਕਰਦੇ ਹਨ, ਉਨ੍ਹਾਂ ਨੇ ਉਨ੍ਹਾਂ ਨੌਜਵਾਨਾਂ ਦੀ ਆਲੋਚਨਾ ਕੀਤੀ ਸੀ ਜਿਹੜੇ ਝੂਠੀਆਂ ਡਿਗਰੀਆਂ ਲੈ ਕੇ ਕਾਨੂੰਨਦਾਨੀ ਦੇ ਪੇਸ਼ੇ ਵਿੱਚ ਪ੍ਰਵੇਸ਼ ਕਰਦੇ ਹਨ ਤੇ ਉਹਨਾਂ ਅਨੁਸਾਰ ਅਜਿਹੇ ਲੋਕ 'ਮੀਡੀਆ, ਸ਼ੋਸ਼ਲ ਮੀਡੀਆ ਤੇ ਕਈ ਹੋਰ ਵਧੀਆ ਪੇਸ਼ਿਆਂ ਵਿੱਚ ਵੀ ਦਾਖਲ ਹੋ ਜਾਂਦੇ ਹਨ।

ਭਾਸ਼ਾ ਫਿਰ ਚੀਫ ਜਸਟਿਸ ਸੂਰਿਆਕਾਂਤ ਨੂੰ ਧੋਖਾ ਦੇ ਰਹੀ ਹੈ। 15 ਮਈ ਨੂੰ ਵਰਤੀ ਗਈ ਭਾਸ਼ਾ ਨੇ ਤਾਂ ਇਹ ਦੱਸ ਹੀ ਦਿੱਤਾ ਸੀ ਕਿ ਉਹ ਬੇਰੁਜ਼ਗਾਰਾਂ ਨੂੰ ਕਾਕਰੋਚ ਸਮਝਦੇ ਹਨ। ਉਨ੍ਹਾਂ ਦਾ ਸਪੱਸ਼ਟੀਕਰਨ ਵੀ ਉਨ੍ਹਾਂ ਨੂੰ ਬਚਾਉਂਦਾ ਨਹੀਂ। ਕੀ ਉਹ ਦੱਸਣਗੇ ਕਿ ਜਿਹੜੇ ਨੌਜਵਾਨ ਝੂਠੀਆਂ ਡਿਗਰੀਆਂ ਪ੍ਰਾਪਤ ਕਰ ਰਹੇ ਹਨ, ਉਨ੍ਹਾਂ ਨੂੰ ਝੂਠੀਆਂ ਡਿਗਰੀਆਂ ਕਿਹੜਾ ਰਾਜ-ਪ੍ਰਬੰਧ ਦੇ ਰਿਹਾ ਹੈ; ਉਹ ਵਿਦਿਅਕ ਅਦਾਰੇ ਜਿਹੜੇ ਝੂਠੀਆਂ ਡਿਗਰੀਆਂ ਦੇ ਰਹੇ ਹਨ, ਕਿਸ ਰਾਜ-ਪ੍ਰਬੰਧ ਅਧੀਨ ਹਨ, ਰਾਜ-ਤੰਤਰ ਅਜਿਹੇ ਵਿਦਿਅਕ ਅਦਾਰਿਆਂ ਵਿਰੁੱਧ ਕੀ ਕਾਰਵਾਈ ਕਰ ਰਿਹਾ ਹੈ? ਸਪੱਸ਼ਟੀਕਰਨ ਇਹ ਵੀ ਦੱਸਦਾ ਹੈ ਕਿ ਦਿਸ਼ਾ ਤੋਂ ਭਟਕੇ ਨੌਜਵਾਨਾਂ ਪ੍ਰਤੀ ਉਨ੍ਹਾਂ ਦੇ ਮਨ ਵਿੱਚ ਹਮਦਰਦੀ ਨਹੀਂ, ਹਿਕਾਰਤ ਹੈ। ਸਪੱਸ਼ਟ ਹੈ ਉਨ੍ਹਾਂ ਨੇ ਇਹ ਸ਼ਬਦ 'ਕਾਕਰੋਚ' ਫਰਾਂਜ਼ ਕਾਫਕਾ ਜਾਂ ਲੋਰਕਾ ਵਾਂਗ ਨਹੀਂ ਵਰਤਿਆ ਜਿਨ੍ਹਾਂ ਨੇ ਇਹ ਸ਼ਬਦ ਮਨੁੱਖੀ ਜੀਵਨ ਤੇ ਸਥਿਤੀ ਦਾ ਦੁਖਾਂਤ ਪ੍ਰਗਟਾਉਣ ਲਈ ਵਰਤਿਆ ਸੀ।

ਸਾਡਾ ਦੇਸ਼ ਨਫਰਤ ਫੈਲਾਉਣ, ਭੜਕਾਉਣ ਤੇ ਉਸ ਤੋਂ ਸਿਆਸੀ ਫਾਇਦਾ ਲੈਣ ਵਾਲੇ ਭਾਸ਼ਾ-ਸੰਸਾਰ ਦੀ ਗ੍ਰਿਫਤ ਵਿੱਚ ਹੈ। ਇਸ ਭਾਸ਼ਾ-ਸੰਸਾਰ ਦਾ ਮੁੱਖ ਨਿਸ਼ਾਨਾ ਦੇਸ਼ ਦੀ ਸਭ ਤੋਂ ਵੱਡੀ ਘੱਟਗਿਣਤੀ ਵਾਲਾ ਭਾਈਚਾਰਾ ਤੇ ਗੁਆਂਢੀ ਦੇਸ਼ ਹਨ। ਹੁਣੇ ਹੁਣੇ ਪੱਛਮੀ ਬੰਗਾਲ ਵਿੱਚ ਹੋਈਆਂ ਚੋਣਾਂ ਵਿੱਚ ਭਾਸ਼ਾ-ਸੰਸਾਰ ਹੋਰ ਨਿਵਾਣਾਂ ਵੱਲ ਗਿਆ ਹੈ। ਦੇਸ਼ ਦੀ ਸਿਆਸਤ ਵਿੱਚੋਂ ਮਨੁੱਖਤਾ ਸਿਰਜਣ, ਭਰਾਤਰੀ ਭਾਵ ਵਧਾਉਣ ਅਤੇ ਸਾਂਝੀਵਾਲਤਾ ਤੇ ਆਪਸੀ ਪ੍ਰੇਮ ਦੀ ਪ੍ਰੇਰਨਾ ਦੇਣ ਵਾਲੀ, ਹਲੀਮੀ ਭਰੀ ਭਾਸ਼ਾ ਗਾਇਬ ਹੋ ਗਈ ਹੈ; ਉਸ ਦੀ ਥਾਂ ਗਰੂਰ, ਹਉਮੈ ਤੇ ਨਫਰਤ ਭਰੀ ਭਾਸ਼ਾ ਨੇ ਲੈ ਲਈ ਹੈ। ਦੁਖਾਂਤ ਇਹ ਹੈ ਕਿ ਨਿਆਂ ਅਧਿਕਾਰੀ ਵੀ ਇਸ ਵਰਤਾਰੇ ਵਿੱਚ ਸ਼ਾਮਿਲ ਹੋ ਰਹੇ ਹਨ।

ਚੀਫ ਜਸਟਿਸ ਸੂਰਿਆਕਾਂਤ ਦੇ ਸ਼ਬਦ ਖਲਾਅ ਵਿੱਚ ਨਹੀਂ ਬੋਲੇ ਗਏ। ਉਹ ਦੇਸ਼ ਦੇ ਉਸ ਮਾਹੌਲ ਦਾ ਹਿੱਸਾ ਹਨ, ਜਿਸ ਵਿੱਚ ਜ਼ਿੰਦਗੀ ਵਿੱਚ ਸਫਲ ਹੋ ਗਏ ਮਨੁੱਖਾਂ ਦਾ ਗੁਣਗਾਣ ਕੀਤਾ ਜਾ ਰਿਹਾ ਹੈ ਤੇ ਅਸਫਲ ਹੋਣ ਵਾਲਿਆਂ ਨੂੰ ਛੁਟਿਆਇਆ ਜਾ ਰਿਹਾ ਹੈ, ਉਹ ਮਾਹੌਲ, ਜਿਸ ਵਿੱਚ ਘੱਟਗਿਣਤੀ ਫਿਰਕੇ ਤੇ ਘੱਟ ਸਾਧਨਾਂ ਵਾਲੇ ਲੋਕਾਂ ਤੇ ਵੱਖਰੇ ਵਿਚਾਰ ਰੱਖਣ ਵਾਲੇ ਫਰਦਾਂ ਨੂੰ 'ਟੁਕੜੇ ਟੁਕੜੇ ਗੈਂਗ', 'ਸ਼ਹਿਰੀ ਨਕਸਲੀ' ਤੇ 'ਦੇਸ਼ਧ੍ਰੋਹੀ' ਜਿਹੇ ਲਕਬ ਦਿੱਤੇ ਜਾ ਰਹੇ ਹਨ। ਹੁਣ ਬੇਰੁਜ਼ਗਾਰ ਵੀ ਉਸੇ ਸ਼੍ਰੇਣੀ ਵਿੱਚ ਸ਼ਾਮਿਲ ਕਰ ਲਏ ਗਏ ਹਨ।

ਦੇਸ਼ ਦੇ ਮੁੱਖ ਨਿਆਂਧੀਸ਼ ਦੇ ਸ਼ਬਦਾਂ ਵਿੱਚ ਬਹੁਤ ਤਾਕਤ ਹੁੰਦੀ ਹੈ, ਉਹ ਦੇਸ਼ ਦੀ ਗਾਲਿਬ ਜਮਾਤ ਦੀ ਸੋਚ ਨੂੰ ਪ੍ਰਭਾਵਿਤ ਕਰਦੇ ਹਨ ਤੇ ਦੇਸ਼ ਦੀ ਗਾਲਿਬ ਜਮਾਤ ਤਾਂ ਪਹਿਲਾਂ ਹੀ ਬੇਰੁਜ਼ਗਾਰਾਂ ਨੂੰ ਕਾਕਰੋਚ ਕਹਿੰਦੀ ਹੈ ਤੇ ਉਨ੍ਹਾਂ ਨਾਲ ਅਜਿਹਾ ਵਿਹਾਰ ਕਰ ਰਹੀ ਹੈ। ਸਾਰੇ ਸੂਬਿਆਂ, ਜਿਨ੍ਹਾਂ ਵਿੱਚ ਸਾਡਾ ਪੰਜਾਬ ਵੀ ਸ਼ਾਮਿਲ ਹੈ, ਵਿੱਚ ਰੋਜ਼ ਬੇਰੁਜ਼ਗਾਰਾਂ 'ਤੇ ਲਾਠੀਚਾਰਜ ਹੁੰਦੇ ਹਨ, ਸਿਰ ਪਾਟਦੇ ਹਨ, ਬੇਰੁਜ਼ਗਾਰ ਖੁਦਕੁਸ਼ੀ ਕਰਦੇ ਹਨ। ਉਨ੍ਹਾਂ ਨਾਲ ਉਹੀ ਵਿਹਾਰ ਕੀਤਾ ਜਾਂਦਾ ਹੈ, ਜੋ ਰਸੋਈਆਂ ਵਿੱਚ ਕਾਕਰੋਚਾਂ ਨਾਲ ਹੁੰਦਾ ਹੈ। ਸਿਆਸੀ ਆਗੂ ਤੇ ਅਹਿਲਕਾਰ ਆਪਣੇ ਭਾਸ਼ਣਾਂ ਵਿੱਚ ਨੌਜਵਾਨਾਂ ਦੀ ਮਸਨੂਈ ਸ਼ਲਾਘਾ ਕਰਦੇ ਹਨ ਪਰ ਅਸਲ ਵਿੱਚ ਨੌਜਵਾਨਾਂ ਦਾ ਤੇ ਖਾਸ ਕਰਕੇ ਬੇਰੁਜ਼ਗਾਰਾਂ ਦਾ ਦਮਨ ਹੋ ਰਿਹਾ ਹੈ; ਤੇ ਇਹ ਦਮਨ ਮੁਜ਼ਾਹਰਿਆਂ ਤੇ ਜਲੂਸਾਂ ਤੱਕ ਸੀਮਤ ਨਹੀਂ, ਇਹ ਸਮਾਜ ਤੇ ਆਰਥਿਕ ਢਾਂਚੇ ਵਿੱਚ ਆਤਮਸਾਤ ਹੋ ਚੁੱਕਾ ਹੈ। ਸਮਾਜ ਤੇ ਆਰਥਿਕ ਢਾਂਚਾ ਬੇਰੁਜ਼ਗਾਰਾਂ ਤੇ ਨੌਜਵਾਨਾਂ ਨੂੰ ਜੇ ਰੁਜ਼ਗਾਰ ਦਿੰਦੇ ਵੀ ਹਨ ਤਾਂ ਉਹ ਬੇਹੱਦ ਘੱਟ ਉਜਰਤਾਂ 'ਤੇ ਦਿੱਤਾ ਜਾਂਦਾ ਹੈ ਅਤੇ ਉਨ੍ਹਾਂ ਤੋਂ 12-16 ਘੰਟੇ ਪ੍ਰਤੀ ਦਿਨ ਕੰਮ ਲਿਆ ਜਾਂਦਾ ਹੈ। ਸਪੱਸ਼ਟ ਸ਼ਬਦਾਂ ਵਿੱਚ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਦਾ ਖੂਨ ਚੂਸਿਆ ਜਾਂਦਾ ਹੈ। ਕਾਕਰੋਚ ਬ੍ਰਹਿਮੰਡ-ਜੀਵਨ ਦਾ ਹਿੱਸਾ ਹਨ; ਕਿਸੇ ਵੀ ਜੀਵ ਨੂੰ ਨਫਰਤ ਕਰਨੀ ਗਲਤ ਹੈ ਪਰ ਫਿਰ ਵੀ ਜੇ ਅਸੀਂ ਕਾਕਰੋਚ ਦਾ ਪ੍ਰਤੀਕ ਵਰਤਣਾ ਹੀ ਹੈ ਤਾਂ ਇਹ ਤਾਂ ਸਪੱਸ਼ਟ ਹੈ ਕਿ ਕਾਕਰੋਚ ਕੌਣ ਹਨ, ਨੌਜਵਾਨ, ਬੇਰੁਜ਼ਗਾਰ ਤੇ ਘੱਟ ਸਾਧਨਾਂ ਵਾਲੇ ਲੋਕ ਜਾਂ ਸਮਾਜ ਵਿੱਚ ਗਾਲਿਬ ਜਮਾਤਾਂ ਤੇ ਜਾਤਾਂ ਤੇ ਉਨ੍ਹਾਂ ਦੇ ਕੰਟਰੋਲ ਹੇਠਲਾ ਆਰਥਿਕ ਤੇ ਸਿਆਸੀ ਨਿਜ਼ਾਮ।

ਦੇਸ਼ ਦੇ ਨੌਜਵਾਨਾਂ ਸਾਹਮਣੇ ਵੱਡੀ ਲੜਾਈ ਹੈ: ਕੀ ਉਨ੍ਹਾਂ ਨੇ ਬਿਖਰੇ ਹੋਏ ਰਹਿ ਕੇ ਆਪਣੇ ਆਪ ਨੂੰ ਪਰਜੀਵੀ ਤੇ ਕਾਕਰੋਚ ਅਖਵਾਉਣਾ ਹੈ ਜਾਂ ਜਥੇਬੰਦ ਹੋ ਕੇ ਆਪਣੀ ਮਨੁੱਖਤਾ ਨੂੰ ਲੱਭਣਾ, ਪਾਉਣਾ ਤੇ ਸਮਾਜ ਤੇ ਆਰਥਿਕ ਢਾਂਚੇ ਨੂੰ ਨਿਆਂਸ਼ੀਲ ਤੇ ਬਰਾਬਰੀ ਵਾਲਾ ਬਣਾਉਣ ਲਈ ਸੰਘਰਸ਼ ਕਰਨਾ ਹੈ?

ਸਵਰਾਜਬੀਰ

# ਪੰਜਾਬੀ ਸਾਹਿਤਕ/ਕਵੀ ਦਰਬਾਰ ਸਿਡਨੀ ਆਸਟ੍ਰੇਲੀਆ

## "ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ"








ਦੁਨੀਆਂ ਦੇ ਰਹਿਬਰ ਗੁਰੂ ਨਾਨਕ ਸਾਹਿਬ ਦੇ ਉਪਰੋਕਤ ਮਹਾਨ ਕਥਨ ਅਨੁਸਾਰ ਗੁਰਦੁਆਰਾ ਸਾਹਿਬ ਗਲੈਨਵੁੱਡ ਦੇ ਸੀਨੀਅਰ ਸਿਟੀਜਨ ਵਿੰਗ ਵੱਲੋਂ ਪੰਜਾਬੀ ਸਾਹਿਤਕ ਦਰਬਾਰ ਮਿਤੀ 6 ਮਈ 2026 ਦਿਨ ਬੁਧਵਾਰ ਨੂੰ ਬਾਬਾ ਬੁਢਾ ਜੀ ਹਾਲ ਵਿਚ ਸੀਨੀਅਰ ਸਿਟੀਜਨ ਡਾਇਰੈਕਟਰ ਸ੍ ਅਮੋਲਕ ਸਿੰਘ ਜਸਵਾਲ ਦੇ ਦਿਸਾ ਨਿਰਦੇਸਾਂ ਅਨੁਸਾਰ ਆਯੋਜਤ ਕੀਤਾ ਗਿਆ। ਇਸ ਸਾਹਿਤਕ ਦਰਬਾਰ ਵਿਚ ਭਾਰੀ ਗਿਣਤੀ ਵਿਚ ਪ੍ਰਸਿੱਧ ਸਾਹਿਤਕਾਰਾਂ ਅਤੇ ਦਰਸਕਾਂ ਨੇ ਭਾਗ ਲਿਆ।

ਇਹੋ ਜਰੂਰੀ ਨਹੀਂ ਕਿ ਅਸੀਂ ਕਿਸੇ ਮੁਦੇ ਤੇ ਇਕ ਦੂਜੇ ਨਾਲ ਸਹਿਮਤ ਹੋਈਏ ਪਰ ਹਰ ਇਕ ਕੋਲ ਵਖਰੀ ਸਖਸੀਅਤ, ਵਖਰੀ ਸੋਚ ਤੇ ਵੱਖਰੇ ਜਿੰਦਗੀ ਦੇ ਤਜਰਬੇ ਹੁੰਦੇ ਹਨ।ਸੋ ਸਾਨੂੰ ਵੱਧ ਤੋਂ ਵੱਧ ਦੂਜਿਆਂ ਨੂੰ ਧਿਆਨ ਨਾਲ ਸੁਣਨਾ ਚਾਹੀਦਾ ਹੈ ਅਤੇ ਆਪਣੇ ਵਿਚਾਰ ਵੀ ਉਹਨਾਂ ਸਾਹਮਣੇ ਰਖਣੇ ਚਾਹੀਦੇ ਹਨ। ਇਹ ਪੰਜਾਬੀ ਸਾਹਿਤਕ ਦਰਬਾਰ ਨਵਿਆਂ ਸਾਹਿਤਕਾਰਾਂ ਨੂੰ ਬੋਲਣ ਲਈ ਇਕ ਸਾਨਦਾਰ ਮੰਚ ਮੁਹੱਈਆ ਕਰਵਾ ਰਿਹਾ ਹੈ।ਸਾਹਿਤ ਮਨੁੱਖ ਨੂੰ ਆਤਮ ਚਿੰਤਨ ਕਰਨ ਲਈ ਪਰ੍ਰੇਦਾ ਹੈ। ਇਸ ਸਾਹਿਤਕ ਦਰਬਾਰ ਵਿਚ ਲੇਖਕਾਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਮਿਲਦਾ ਹੈ, ਆਪਸੀ ਸਹਿਯੋਗ ਅਤੇ ਸਤਿਕਾਰ ਦੀ ਭਾਵਨਾ ਮਜਬੂਤ ਹੁੰਦੀ ਹੈ।

ਇਸ ਸਾਹਿਤਕ ਦਰਬਾਰ ਵਿਚ ਸਟੇਜ ਸਕੱਤਰ ਦੀ ਭੂਮਿਕਾ ਜੁਗਿੰਦਰ ਸਿੰਘ ਸੋਹੀ ਨੇ ਬਾਖੂਬੀ ਨਿਭਾਈ।

ਸਾਹਿਤਕ ਦਰਬਾਰ ਦੀ ਸੁਰੂਆਤ ਸ੍ਰੀਮਤੀ ਭਗਵੰਤ ਕੌਰ ਜੌਹਲ ਨੇ ਇਕ ਮਿਠੇ ਸਬਦ ਨਾਲ ਸੁਰੂ ਕੀਤੀ:

ਸਤਿਗੁਰੁ ਹੋਇ ਦਇਆਲੁ ਤ ਸਰਧਾ ਪੂਰੀਐ।। ਸਤਿਗੁਰੁ ਹੋਇ ਦਇਆਲੁ ਨ ਕਬਹੂੰ ਝੂਰੀਐ।।

ਹਰਦੀਪ ਸਿੰਘ ਕੁਕਰੇਜਾ ਨੇ ਵੀ ਇਕ ਪਿਆਰੇ ਜਿਹੇ ਸਬਦ ਨਾਲ ਆਪਣੀ ਹਾਜਰੀ ਲਗਵਾਈ :

ਗੁਰਾ ਇਕ ਦੇਹਿ ਬੁਝਾਈ।<br>
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ।।

ਸੰਤੋਖ ਸਿੰਘ ਅੱਟਾ ਨੇ ਬੁਲੰਦ ਅਵਾਜ ਵਿਚ ਇਕ ਗੀਤ:

ਯਾਰ ਹੁੰਦਾ ਹੈ ਯਾਰ ਦੁਨੀਆਂ ਵਾਲਿਓ।<br>
ਤੂੰਬੀ ਦੀ ਇਹ ਤਾਰ ਦੁਨੀਆਂ ਵਾਲਿਓ।<br>
ਯਾਰ ਦੀ ਯਾਰੀ ਮਹਾਨ।

ਭਵਨਦੀਪ ਸਿੰਘ ਨੇ ਰੱਬ ਅਗੇ ਅਰਜੋਈ ਕੀਤੀ:

ਐਨਾ ਵੀ ਨਾ ਦੇਈਂ ਕਿ ਦਿਮਾਗ ਹਿੱਲ ਜਾਵੇ।<br>
ਐਨਾ ਹੀ ਦੇਈਂ ਬੱਸ, ਜਿੰਨਾਂ ਖਾਧਾ ਉਨਾਂ ਹੀ ਪਚ ਜਾਵੇ।

ਪ੍ਰਿੰਸੀਪਲ ਗੁਰਜੰਟ ਸਿੰਘ ਦੀ ਕਵਿਤਾ:

ਜਦ ਸੁਭਾ ਹੋਣ ਤੇ ਸੋਨ ਸੁਨਹਿਰੀ ਕਿਰਨਾਂ ਨਿਕੀ ਚੁੰਮਣ ਦਿੰਦੀਆਂ ਹਨ ਮਨ ਗਦਗਦ ਹੋ ਉਠਦਾ ਹੈ ।<br>
ਰੂਹ ਸਰਸਾਰ ਹੋ ਜਾਂਦੀ ਹੈ<br>
ਉਠਕੇ ਜੀਵਨ ਜਾਨਣ ਅਤੇ ਮਾਨਣ ਦਾ ਚਾਅ ਜਿਹਾ ਚੜ੍ਹ ਜਾਂਦਾ ਹੈ। "ਅਤੇ" ਚੱਲੀ ਐਸੀ ਚੋਣ ਹਵਾ ਬਦਲ ਗਏ ਸਭ ਰੰਗ ਅਤੇ ਢੰਗ।।

ਮਨਜੀਤ ਸਿੰਘ ਖਹਿਰਾ ਫਰੀਦਕੋਟ ਨੇ ਰੁਬਾਈ ਇੰਝ ਸੁਣਾਈ :

ਗਲ ਗਲ ਤੇ ਰੁਸਦਾ ਰਹਿੰਦਾ ਏ, ਗਲ ਗਲ ਤੇ ਗਾਲਾਂ ਕੱਢਦਾ ਏ ਖਹਿਰਾ ਜਦ ਘੁਟ ਪੀ ਲੈਂਦਾ ਗੱਲ ਗੱਲ ਤੇ ਬਿਲੋ ਬਿਲੋ ਕਹਿੰਦਾ ਏ।

ਸੀਨੀਅਰ ਕੋਆਰਡੀਨੇਟਰ ਜੀਵਨ ਸਿੰਘ ਦੁਸਾਂਝ ਨੇ ਮਾਂ ਦਿਵਸ ਨੂੰ ਸਮਰਪਿਤ ਇਕ ਗੀਤ ਸੁਣਾਇਆ:

ਮਾਂ ਹੁੰਦੀ ਏ ਮਾਂ ਦੁਨੀਆਂ ਵਾਲਿਓ। ਮਾਂ ਬਿਨਾਂ ਨਾ ਕੋਈ ਲਾਡ ਲਡਾਉਂਦਾ ਰੋਂਦਿਆਂ ਨੂੰ ਨਾ ਚੁਪ ਕਰਾਉਂਦਾ।।ਅਤੇ

ਲੋਕ ਤੱਥ "ਛੱਲਾ" ਤਰੰਨਮ ਵਿਚ ਸੁਣਾਇਆ।

ਜਸਵੰਤ ਸਿੰਘ ਪੰਨੂ ਨੇ ਈਰਾਨ ਵਾਰੇ ਕਵਿਤਾ :

ਜਦੋਂ ਦੇਖੀ ਇਕਾਨਮੀ ਗਿਰਦੀ ਟਰੰਪ ਪਾਗਲ ਤੇ ਬੇਈਮਾਨ ਹੋ ਗਿਆ।ਰੋਜ ਦੇਸਾਂ ਨੂੰ ਧਮਕੀ ਦਿੰਦਾ ਦੇ ਨਾਂ ਮੰਨੇ ਤਾਂ ਟੈਰਿਫ ਲੱਗੂ।

ਮੈਨੇਜਰ ਕੁਲਦੀਪ ਸਿੰਘ ਜੌਹਲ ਨੇ ਕਿਹਾ ਕਿ ਰੱਬ ਨੇ ਬੰਦੇ ਨੂੰ ਕੋਰੀ ਕਾਪੀ ਵਾਂਗ ਬੇਦਾਗ ਇਸ ਦੁਨੀਆਂ ਤੇ ਭੇਜਿਆ ਸੀ ਪਰ ਬੰਦਾ ਗੁਨਾਹਾਂ ਨਾਲ ਇਸ ਇਸ ਆਤਮਾਂ ਰੂਪੀ ਕੋਰੀ ਕਾਪੀ ਨੂੰ ਆਪਣੇ ਗੁਨਾਹਾਂ ਨਾਲ ਗੰਦੀ ਕਰ ਦਿੰਦਾ ਹੈ :

ਸਾਹਾਂ ਦੀ ਕੋਰੀ ਕਾਪੀ ਮੈਲੀ ਨਾ ਕਰ ਬੰਦਿਆ।<br>
ਸਤਿਗੁਰ ਨੇ ਲੇਖਾ ਮੰਗਣਾ ਕੁਝ ਤਾਂ ਤੂੰ ਡਰ ਬੰਦਿਆ।

ਜੁਗਿੰਦਰ ਸਿੰਘ ਸੋਹੀ ਨੇ ਮਾਂ ਦੇ ਪਿਆਰ ਨੂੰ ਇੰਝ ਬਿਆਨ ਕੀਤਾ:

ਮਾਂ ਦਾ ਪਿਆਰ ਮਿਲਦਾ ਨਸੀਬਾਂ ਵਾਲਿਆਂ ਨੂੰ ਦੁਨੀਆਂ ਵਿਚ ਇਸਦਾ ਕੋਈ ਬਜਾਰ ਨੀ ਹੁੰਦਾ।<br>
ਸਾਂਭ ਲਉ ਸਿਰ ਤੇ ਬੈਠੀਆਂ ਜਿਨਾਂ ਦੀਆਂ ਮਾਵਾਂ।

ਤਰਸੇਮ ਸਿੰਘ ਗਰਚਾ ਨੇ ਗੁਰੂ ਗੋਬਿੰਦ ਸਿੰਘ ਦੇ ਸਮੇਂ ਵਾਰੇ ਬੋਲਦਿਆਂ ਕਿਹਾ:

ਦਸਵੇਂ ਪਾਤਸਾਹ ਜੀ ਨੇ ਮਨੁਖਤਾ ਨੂੰ ਨਵੀਂ ਰੋਸਨੀ ਦਿਖਾਈ, ਉਹ ਸਮਾਂ ਜੁਲਮਾਂ ਨਾਲ ਭਰਿਆ ਹੋਇਆ ਸੀ,ਹਰ ਪਾਸੇ ਅਨਿਆਇ ਸੀ।

ਪ੍ਰਿਤਪਾਲ ਸਿੰਘ ਮਠਾੜੂ ਸੰਗਰੂਰ ਨੇ ਕਵਿਤਾ ਜਿੰਦਗੀ ਸੁਣਾਈ:

ਜਿੰਦਗੀ ਸੇ ਬੜੀ ਕੋਈ ਸਜਾ ਹੀ ਨਹੀਂ ਔਰ ਜੁਲਮ ਕਿਆ ਹੈ ਪਤਾ ਹੀ ਨਹੀਂ। ਇਤਨੇ ਹਿਸੋਂ ਮੇਂ ਵਟ ਗਿਆ ਹੂੰ ਮੈਂ।

ਸੀਨੀਅਰ ਐਡਵੋਕੇਟ ਅਵਤਾਰ ਸਿੰਘ ਖਹਿਰਾ ਜਗਰਾਓਂ ਨੇ ਕਿਹਾ:

ਅਖੀਂ ਡਿੱਠਾ ਹਾਲ ਸੁਣਾਵਾਂ ਸੱਚੋ ਸੱਚ ਕਹਾਣੀ। ਰਿਸਵਤਖੋਰੀ ਖੂਬ ਮਿਲਾਵਟ ਦੁਧ ਵੀ ਆਉਂਦਾ ਪਾਣੀ। ਨਸਿਆਂ ਬੇਰੁਜਗਾਰੀ ਮਿਲਕੇ ਕੀਤੀ ਹੈ ਬਰਬਾਦੀ।

ਲਖਵਿੰਦਰ ਸਿੰਘ ਰਈਆ ਨੇ ਕਿਹਾ:

ਕਿੱਕਲੀ ਕਲੀਰ ਦੀ, ਕੌਣ ਰਾਖੀ ਕਰੇ ਪੰਜਾਬ ਵੀਰ ਦੀ, ਨੈਤਿਕਤਾ ਹਰ ਥਾਂ ਭੁਲ ਗਏ ਕੁਰਸੀ ਬਣ ਗਈ ਪੀਰ ਜੀ।

ਕੁਲਦੀਪ ਸਿੰਘ ਜੌਹਲ



ਗੀਤਕਾਰ ਜਗਜੀਤ ਸਿੰਘ ਅਰਸੀ ਦੀ ਸੋਚ ਉਡਾਰੀ ਇੰਝ ਸੀ :

ਤੇਰੇ ਕੇਸਾਂ ਵਰਗੀ ਯਾਰਾ ਅਜੇ ਹੈ ਰੁਤ ਹਨੇਰੀ। ਸੱਜਣਾਂ ਤੇਰੀਆਂ ਜੁਲਫਾਂ ਨਾਲੋਂ ਮੇਰੀ ਵਾਟ ਲੰਮੇਰੀ।

"ਦੀ ਪੰਜਾਬ ਹੈਰਾਲਡ" ਦੇ ਸੰਪਾਦਕ ਡਾ. ਅਵਤਾਰ ਸਿੰਘ ਸੰਘਾ ਨੇ ਆਪਣੇ ਸਬਦਾਂ ਵਿਚ 'ਜਦ ਪਛੜੇ ਹੋਏ ਬੰਦੇ ਚੰਦ ਸਾਲਾਂ ਵਿਚ ਹੀ ਅਤਿ ਆਧੁਨਿਕ ਬਣ ਗਏ' ਦਾ ਹਵਾਲਾ ਦਿੰਦਿਆਂ ਸਾਹਿਤ ਅਤੇ ਪਤਰਕਾਰੀ ਵਿਚ ਹਾਸਰਸੀ ਰਚਨਾਵਾਂ ਦੇ ਮਹੱਤਵ ਤੇ ਚਾਨਣਾ ਪਾਇਆ। ਉਹਨਾਂ ਦੱਸਿਆ ਕਿ ਪੰਜਾਬ ਖਾਸ ਕਰਕੇ ਦੁਆਬੇ ਤੋਂ ਮੁੰਡੇ ਕੁੜੀਆਂ ਦੇ ਬੇਜੋੜ ਨਰੜ ਵਿਆਹ ਕਰਕੇ ਵਿਕਸਿਤ ਦੇਸਾਂ ਵਿਚ ਜਾਣ ਦੀ ਹੋੜ ਇਕ ਕਲੰਕ ਸੀ ਪਰ ਇਹਨਾਂ ਦੀਆਂ ਅਗਲੀਆਂ ਪੀੜ੍ਹੀਆਂ ਨੇ ਅਜਿਹੇ ਨਰੜ ਵਿਆਹਾਂ ਨੂੰ ਘਾਹ ਪਾਉਣਾ ਬੰਦ ਕਰ ਦਿਤਾ। ਡਾ ਸੰਘਾ ਨੇ ਹਾਸਰਸ ਦੀਆਂ ਵਿਭਿੰਨ ਵੰਨਗੀਆਂ ਤੇ ਚਾਨਣਾ ਪਾਉਂਦਿਆਂ ਅਖਬਾਰਾਂ ਵਿਚ ਛਪਦੇ ਹਾਸਰਸੀ ਕਾਲਮਾਂ ਦੀ ਗੱਲ ਵੀ ਕੀਤੀ।

ਇੰਜਨੀਅਰ ਰਘਬੀਰ ਸਿੰਘ ਨੇ ਤਰੁਨਮ ਅਵਾਜ ਵਿਚ ਗੁਰਦਾਸ ਮਾਨ ਦਾ ਗੀਤ ਸੁਣਾਇਆ:

ਤੇਰੇ ਸਹਿਰ ਵਾਲੀ ਸਾਨੂੰ ਕਿੰਨੀ ਸੋਹਣੀ ਲਗਦੀ ਦੁਪਹਿਰ। ਪਤਾ ਨਹੀਂ ਕਾਹਤੋਂ ਮੋਹ ਜਿਹਾ ਆਈ ਜਾਵੇ ਭਾਵੇਂ ਸਾਡੇ ਸੜ ਗਏ ਨੇ ਪੈਰ। ਵੇ ਸੱਜਣਾਂ!

ਇਸ ਕਵੀ ਦਰਬਾਰ ਵਿਚ ਬੀਬੀਆਂ ਨੇ ਵੀ ਵਧ ਚੜਕੇ ਹਿਸਾ ਲਿਆ। ਬੀਬੀ ਬਿਮਲਾ ਵਰਮਾ, ਕੁਲਦੀਪ ਕੌਰ ਮਠਾੜੂ , ਭਗਵੰਤ ਕੌਰ ਜੌਹਲ, ਜਸਵਿੰਦਰ ਕੌਰ ਚਾਵਲਾ,ਪਰਵਿੰਦਰ ਕੌਰ ਬਰਨਾਲਾ, ਸਲਿੰਦਰ ਹੋਰ ਬੈਂਸ, ਦੇਵਿੰਦਰ ਕੌਰ ਸਰਕਾਰੀਆ ਆਦਿ ਨੇ ਆਪਣੀਆਂ ਕਵਿਤਾਵਾ ਅਤੇ ਧਾਰਮਿਕ ਸਬਦ ਸੁਣਾਕੇ ਸਭ ਦਾ ਦਿਲ ਮੋਹ ਲਿਆ।

ਕੁਲਦੀਪ ਕੌਰ ਮਠਾੜੂ ਨੇ "ਸਿਮਰਿ ਸਿਮਰਿ ਸਿਮਰਿ ਨਾਮੁ ਜੀਵਾ ਤਨੁ ਮਨੁ ਹੋਇ ਨਿਹਾਲਾ" ਬਿਮਲਾ ਵਰਮਾਂ ਨੇ "ਲਾਈਆਂ ਕਿਉਂ ਨਾ ਅਖੀਆਂ ਪ੍ਰਭੂ ਦੇ ਧਿਆਨ ਵਿਚ", ਜਸਵਿੰਦਰ ਕੌਰ ਚਾਵਲਾ "ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ", ਪਰਵਿੰਦਰ ਕੌਰ ਬਰਨਾਲਾ ਨੇ "ਮੇਰੇ ਵੀਰ ਤਸੱਬਰਾ ਇਕ ਤਸਵੀਰ ਬਣਾਦੇ", ਦੇਵਿੰਦਰ ਕੌਰ ਸਰਕਾਰੀਆ ਨੇ "ਮਾਂ ਕਦੇ ਝਿੜਕਦੀ ਹੈ ਸਾਨੂੰ ਕਦੇ ਗਲੇ ਲਗਾਉਂਦੀ ਹੈ", ਸਲਿੰਦਰ ਕੌਰ ਬੈਂਸ ਨੇ"ਅੱਜ ਬਣਾਈਏ ਚਾਹ ਤੇ ਕੱਲ ਨੂੰ ਫੇਰ ਬਣਾਵਾਂਗੇ", ਭਗਵੰਤ ਕੌਰ ਜੌਹਲ ਨੇ "ਸਤਿਗੁਰੁ ਹੋਇ ਦਇਆਲੁ" ਸੁਣਾਕੇ ਸਰੋਤਿਆਂ ਤੋਂ ਵਾਹਵਾ ਖੱਟੀ।

ਮੈਨੇਜਰ ਗੁਰਦੇਵ ਸਿੰਘ ਸੰਗਰੂਰ ਨੇ ਤਾਨਾਸਾਹ ਅਤੇ ਲਾਰੇਬਾਜ ਰਾਜਿਆਂ ਤੇ ਤੰਜ ਕਸਦਿਆਂ ਰਾਜਸਥਾਨ ਦੇ ਊਠਾਂ ਦੀ ਕਹਾਣੀ ਸੁਣਾਈ ਜਿਸ ਵਿਚ ਇਕ ਅਖੌਤੀ ਊਠ ਪ੍ਰਧਾਨ ਨੇ ਕਿਵੇਂ ਆਪਣੇ ਸਾਥੀਆਂ ਨੂੰ ਉਹਨਾਂ ਦੇ ਨੰਗੇ ਪੈਰਾਂ ਵਿਚ ਜੁਤੀਆਂ ਸਿਵਾਕੇ ਦੇਣ ਦਾ ਲਾਰਾ ਲਾਕੇ ਸਭਨੂੰ ਬੁੱਧੂ ਬਣਾਇਆ।

ਮੈਨੇਜਰ ਨਰਿੰਦਰਪਾਲ ਸਿੰਘ ਨੇ ਚਾਹ ਦੇ ਗੁਣ ਗਾਉਂਦਿਆਂ ਕਵਿਤਾ ਸੁਣਾਈ:

ਨਿੰਬੂ ਵਾਲੀ ਚਾਏ ਪੇਟ ਘਟਾਏ, ਮਸਾਲੇ ਵਾਲੀ ਚਾਏ ਇਮੂਇਨਟੀ ਬੜਾਏ, ਸੁਭਾ ਕੀ ਚਾਏ ਤਾਜਗੀ ਲਾਏ, ਕਵੀ ਕੀ ਚਾਏ ਭਾਵਨਏਂ ਬੜਾਏ।

ਦਰਸਨ ਸਿੰਘ ਪੰਧੇਰ ਨੇ ਮਿਠੀ ਅਵਾਜ ਵਿਚ ਯਮਲੇ ਜੱਟ ਦਾ ਗੀਤ ਸੁਣਾਇਆ:

ਮੈਂ ਤੇਰੀ ਤੂੰ ਮੇਰਾ ਛੱਡ ਨਾ ਜਾਵੀਂ ਦੇ, ਜੋ ਅਲੜਪੁਣੇ ਵਿਚ ਲਾਈਆਂ ਤੋੜ ਨਿਭਾਵੀਂ ਨੇ।

ਅਖੀਰ ਵਿਚ ਪ੍ਰਸਿੱਧ ਲੇਖਕ ਗਿਆਨੀ ਸੰਤੋਖ ਸਿੰਘ ਜੀ ਨੇ ਸਾਰੇ ਹਾਜਰੀਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਹਿਤ ਵਿਚ ਕਵਿਤਾ ਅਤੇ ਵਾਰਤਿਕ ਦੀ ਆਪੋ ਆਪਣੀ ਮਹੱਤਤਾ ਹੈ ਪਹਿਲੇ ਸਮਿਆਂ ਵਿਚ ਸਾਰੇ ਖਿਆਲ ਕਵਿਤਾ ਰਾਹੀਂ ਹੀ ਪ੍ਰਗਟਾਈ ਜਾਂਦੇ ਸਨ ਪਰ ਅਜ ਕੱਲ ਵਾਰਤਿਕ ਪ੍ਰਧਾਨ ਹੈ। ਇਸੇ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਰਚਨਾਂ ਕਰਨ ਲਈ 52 ਕਵੀ, ਕੁਝ ਖੁਸਕੱਤ ਲਿਖਣ ਵਾਲੇ ਅਤੇ ਤਰਜਮਾਂ ਕਰਨ ਵਾਲੇ ਵਿਦਵਾਨ ਰੱਖੇ ਹੋਏ ਸਨ।

ਇਸ ਸਾਹਿਤਕ ਦਰਬਾਰ ਵਿੱਚ ਹੋਰਨਾਂ ਤੋਂ ਇਲਾਵਾ ਪ੍ਰਦੀਪ ਸਿੰਘ ਨਾਗੀ, ਚਤਰ ਸਿੰਘ, ਸੁਰਿੰਦਰ ਸਿੰਘ,ਚਾਰਲੀ ਆਦਿ ਨੇ ਵੀ ਆਪਣੀ ਵਡਮੁਲੀ ਹਾਜਰੀ ਲਗਵਾਈ।

ਸਭਾ ਦੀ ਸਮਾਪਤੀ ਤੇ ਇਕ ਫੋਟੋ ਸੈਸਨ ਵੀ ਕੀਤਾ ਗਿਆ। ਅੱਗੋਂ ਤੋਂ ਫਿਰ ਇਸੇ ਤਰਾਂ ਪਿਆਰ ਨਾਲ ਮਿਲ ਬੈਠਣ ਦਾ ਵਾਅਦਾ ਕਰਦਿਆਂ ਸਭ ਨੇ ਫਤਹਿ ਦੀ ਸਾਂਝ ਪਾਉਂਦਿਆਂ ਆਪਣੇ ਆਪਣੇ ਘਰਾਂ ਨੂੰ ਰਵਾਨਗੀ ਪਾਈ। ਪਹਿਲਾਂ ਦੀ ਤਰਾਂ ਇਹ ਸਾਹਿਤਕ ਦਰਬਾਰ ਵੀ ਕਾਮਯਾਬੀ ਦੀ ਇਕ ਮਿਸਾਲ ਕਾਇਮ ਕਰ ਗਿਆ।

# ਮੈਂ ਵਿਰਾਸਤ ਅਤੇ ਚੌਗਿਰਦੇ ਤੋਂ ਵੀ ਬਹੁਤ ਕੁੱਝ ਸਿੱਖਿਆ

ਅਵਤਾਰ ਐੱਸ. ਸੰਘਾ
Avtar S Sangha
0437641033



ਮੈਂ ਪੰਜਾਬ ਦੇ ਇੱਕ ਪਿੰਡ ਵਿੱਚ ਐਸੀ ਅਨਪੜ੍ਹ ਪਿਛੋਕੜ ਤੋਂ ਪੰਜਾਬ ਯੂਨੀਵਰਸਿਟੀ ਵਿੱਚੋਂ ਦੂਜੇ ਨੰਬਰ ਤੇ ਰਹਿ ਕੇ 1972 ਵਿੱਚ ਬੀ.ਏ. ਆਨਰਜ ਅੰਗਰੇਜ਼ੀ ਪਾਸ ਕੀਤੀ ਕਿ ਜਦ ਮੈਂ ਚੰਡੀਗੜ੍ਹ ਜਾ ਕੇ ਐਮ.ਏ. ਅੰਗਰੇਜ਼ੀ ਵਿੱਚ ਦਾਖਲ ਹੋਇਆ ਤਾਂ ਚੰਦ ਮਹੀਨਿਆਂ ਵਿੱਚ ਹੀ ਮੇਰੀ ਬੋਲਚਾਲ ਵਿੱਚ ਇਨਕਲਾਬੀ ਤਬਦੀਲੀ ਆਉਣੀ ਸ਼ੁਰੂ ਹੋ ਗਈ। ਮੈਂ ਛੇ ਕੁ ਮਹੀਨੇ ਚੰਡੀਗੜ੍ਹ ਹੋਸਟਲ ਵਿੱਚ ਰਹਿ ਕੇ ਵਾਪਿਸ ਪਿੰਡ ਆਇਆ। ਮੈਂ ਇੰਨਾ ਸਮਾਂ ਇਸ ਲਈ ਲਗਾ ਦਿੱਤਾ ਕਿਉਂਕਿ ਨਾ ਤਾਂ ਪਿੰਡ ਵਿੱਚ ਬਿਜਲੀ ਸੀ, ਪਿੰਡ ਤੋਂ ਨਾਲ਼ ਦੇ ਸ਼ਹਿਰ ਦੀ ਸੜਕ (5 ਕਿ:ਮੀ:) ਵੀ ਕੱਚੀ ਸੀ ਤੇ ਉੱਥੇ ਬਸ ਸਰਵਿਸ ਵੀ ਨਹੀਂ ਸੀ। ਜਦ ਮੈਂ ਘਰ ਆਇਆ ਤਾਂ ਆਮ ਬੋਲ ਚਾਲ ਵਿੱਚ ਮੈਂ 'ਥੱਲੇ' ਨੂੰ 'ਨੀਚੇ', 'ਢੂਹੀ' ਨੂੰ 'ਪਿੱਠ', 'ਟੋਭੇ' ਨੂੰ 'ਛੱਪੜ', 'ਵਾਲ਼ ਕਟਾਉਣ' ਨੂੰ 'ਹੇਅਰ ਕੱਟ ਲੈਣਾ', 'ਜੰਗਲ ਪਾਣੀ ਜਾਣ' ਨੂੰ 'ਟਾਇਲਟ ਜਾਣਾ', 'ਪਰ' ਨੂੰ 'ਲੇਕਿਨ', ਲੌਢੇ ਵੇਲ਼ੇ' ਨੂੰ 'ਬਾਅਦ ਦੁਪਹਿਰ', 'ਸ਼ਾਹਵੇਲੇ' ਨੂੰ 'ਬਰੇਕਫਾਸਟ', 'ਭਾਈਆ' ਨੂੰ 'ਫਾਦਰ', 'ਬੇਬੇ' ਨੂੰ 'ਮਦਰ', 'ਲੀੜਿਆਂ' ਨੂੰ 'ਕੱਪੜੇ', 'ਕੋਟੀ' ਨੂੰ 'ਜਰਸੀ', 'ਰੁਆਹਾਂ' ਨੂੰ 'ਰਾਜਮਾਂਹ', 'ਮੀਟ ਦੀ ਤਰੀ' ਨੂੰ 'ਗਰੇਵੀ', 'ਮੈਂਸ' ਨੂੰ 'ਮੱਝ', 'ਬਜ਼ਾਰ ਜਾਣ' ਨੂੰ 'ਮਾਰਕੀਟ ਜਾਣਾ', 'ਫਿਲਮ ਦੇਖਣਾ' ਨੂੰ 'ਮੂਵੀ ਦੇਖਣਾ', 'ਮੰਜੇ' ਨੂੰ 'ਚਾਰਪਾਈ', 'ਮੀਂਹ' ਨੂੰ 'ਬਾਰਿਸ਼', 'ਹੁੱਟ' ਨੂੰ 'ਗਰਮੀ', 'ਸਿਆਲ਼' ਨੂੰ 'ਸਰਦੀ' ਤੇ 'ਗੱਠਿਆਂ' ਨੂੰ 'ਪਿਆਜ਼' ਕਹਾਂ।

ਇਸ ਪ੍ਰਕਾਰ ਮੈਂ ਹੋਰ ਕਿੰਨੇ ਸਾਰੇ ਪੇਂਡੂ ਸ਼ਬਦਾਂ ਨੂੰ ਸ਼ਹਿਰੀ ਰੰਗਤ ਦੇ ਕੇ ਬੋਲਾਂ। ਮੇਰੀ ਮਾਂ ਮੇਰੇ ਵਿੱਚ ਇਹ ਫਰਕ ਦੇਖ ਕੇ ਮੁਸਕਰਾਈ ਜਾਵੇ, ਕਹੇ ਕੁੱਝ ਨਾ। ਥੋੜ੍ਹਾ ਜਿਹਾ ਇਹੋ ਕੁੱਝ ਮੇਰੇ ਨਾਲ਼ ਮੇਰੇ ਵਿਆਹ ਤੋਂ ਬਾਅਦ ਵੀ ਹੋਇਆ ਸੀ। ਮੇਰੀ ਘਰਵਾਲ਼ੀ ਦੀ ਐਮ. ਏ. ਤੇ ਬੀ. ਐਡ. ਤੱਕ ਦੀ ਸਾਰੀ ਪੜ੍ਹਾਈ ਚੰਡੀਗੜ੍ਹ ਦੀ ਸੀ। ਵੈਸੇ ਉਹ ਪਿੱਛਿਓਂ ਲੁਧਿਆਣਾ ਨੇੜੇ ਇੱਕ ਪਿੰਡ ਦੀ ਹੈ।ਬਾਪ ਪਿੰਜੌਰ ਨੇੜੇ ਨੌਕਰੀ ਕਰਦਾ ਹੋਣ ਕਰਕੇ ਉਹ ਚੰਡੀਗੜ੍ਹ ਹੀ ਪੜ੍ਹੀ ਏ। ਜਦ ਮੇਰਾ ਵਿਆਹ ਹੋਇਆ ਤਾਂ ਉਹ ਦਾਜ ਵਿੱਚ ਕੁੱਝ ਅਜਿਹੀਆਂ ਚੀਜ਼ਾਂ ਲੈ ਆਈ ਜਿਨ੍ਹਾਂ ਦਾ ਨਾਮ ਮੈਂ ਪਹਿਲੀ ਵਾਰ ਸੁਣਿਆ ਸੀ। ਹੋਰ ਦੋ ਕੁ ਬਾਰੇ ਤਾਂ ਮੈਂ ਭੁੱਲ ਚੁੱਕਾ ਹਾਂ। ਹਾਂ ਇੱਕ ਚੀਜ਼ ਸੀ ਜਿਸਨੂੰ ਉਹ 'ਟਕੋਜ਼ੀ' ਕਹਿ ਕੇ ਬੋਲਦੀ ਸੀ। ਇਹ ਕੇਤਲੀ ਵਿੱਚ ਚਾਹ ਨੂੰ ਗਰਮ ਰੱਖਣ ਲਈ ਕੇਤਲੀ ਦੇ ਪਹਿਰਾਵੇ ਦੇ ਤੌਰ ਤੇ ਵਰਤਣ ਲਈ ਥੋੜ੍ਹੇ ਫੁੱਲਵੇਂ ਕੱਪੜੇ ਦੀ ਬਣੀ ਹੋਈ ਹੁੰਦੀ ਏ। ਕਈ ਵਾਰ ਇਸ ਤੇ ਖੂਬਸੂਰਤ ਕਢਾਈ ਵੀ ਕੀਤੀ ਗਈ ਹੁੰਦੀ ਏ। ਇਸ ਪ੍ਰਕਾਰ ਦੀਆਂ ਦੋ ਕੁ ਹੋਰ ਕਰੋਸ਼ੀਆ ਦੀਆਂ ਬਣਾਈਆਂ ਹੋਈਆਂ ਆਈਟਮਾਂ ਵੀ ਸਨ। ਕੁੱਝ ਪਹਿਰਾਵੇ (ਸਾੜੀ, ਮੈਕਸੀ ਆਦਿ) ਵੀ ਫੈਸ਼ਨੇਬਲ ਤੇ ਮਾਡਰਨ ਸਨ। ਘਰ ਵਿੱਚ ਦੋ ਸੱਭਿਆਚਾਰ ਇਕੱਠੇ ਹੋ ਗਏ, ਇੱਕ ਪੂਰਾ ਪੇਂਡੂ ਤੇ ਦੂਜਾ ਪੂਰਾ ਸ਼ਹਿਰੀ। ਮੈਂ ਸੋਚਾਂ ਕਿ ਇਹ ਦੋਵੇਂ ਭਿੜ ਨਾ ਜਾਣ। ਮੇਰੀ ਮਾਂ ਇੰਨੀ ਸਮਝਦਾਰ ਸੀ ਕਿ ਉਹ ਮੇਰੀ ਘਰਵਾਲ਼ੀ ਦੇ ਬਹੁਤੇ ਸ਼ਬਦ ਸੁਣਦੀ ਰਹਿੰਦੀ ਸੀ ਪਰ ਬੋਲਦੀ ਘੱਟ ਸੀ। ਜੇ ਬੋਲਦੀ ਤਾਂ ਉਹ ਸਹਿਮਤੀ ਤੇ ਪ੍ਰਸ਼ੰਸਾ ਦੇ ਸ਼ਬਦ ਹੀ ਬੋਲਦੀ ਸੀ। ਇਸੇ ਕਰਕੇ ਮੇਰੀ ਮਾਂ ਤੇ ਘਰਵਾਲ਼ੀ ਦਰਮਿਆਨ ਕਦੀ ਵੀ ਕੋਈ ਝਗੜਾ ਨਹੀਂ ਸੀ ਹੋਇਆ। ਮੇਰੀ ਘਰਵਾਲ਼ੀ ਨਿਰਸੰਦੇਹ ਅਗਾਂਹਵਧੂ ਅਤੇ ਆਧੁਨਿਕ (modern) ਵਾਲ਼ੀ ਸੀ ਤੇ ਮੇਰੀ ਮਾਂ ਪਰੰਪਰਾਵਾਦੀ ਤੇ ਪੱਛੜੀ ਹੁੰਦੀ ਹੋਈ ਵੀ ਆਧੁਨਿਕ ਅਤੇ ਉਸਾਰੂ ਸੋਚ (forwardly backward and backwardly forward) ਵਾਲ਼ੀ ਸੀ। ਮੇਰੀ ਮਾਂ ਨੇ ਮੇਰੀ ਘਰਵਾਲ਼ੀ ਦੇ ਫੈਸ਼ਨ ਤੋਂ ਕਦੀ ਈਰਖਾ ਤਾਂ ਕੀ ਕਰਨੀ, ਸਗੋਂ ਖੁਸ਼ ਹੁੰਦੀ ਸੀ। ਮੇਰੀ ਮਾਂ ਸਬਜੀਆਂ ਨੂੰ ਵੀ ਦਾਲਾਂ ਹੀ ਕਿਹਾ ਕਰਦੀ ਸੀ। ਜਦ ਪੁੱਛਣਾ -- ਅੱਜ ਕੀ ਚਾੜ੍ਹਿਆ ਏ ਤਾਂ ਉਸਦੇ ਮੂੰਹ ਚੋਂ ਸਹਿਜ ਸੁਭਾਅ ਨਿਕਲ ਜਾਣਾ -- ਗੋਭੀ ਦੀ ਦਾਲ਼, ਆਲੂ ਮਟਰਾਂ ਦੀ ਦਾਲ਼, ਅਰਬੀ ਦੀ ਦਾਲ਼ ਆਦਿ। ਮੇਰੀ ਘਰਵਾਲ਼ੀ ਨੇ ਮੇਰੀ ਮਾਂ ਦੇ ਇੰਝ ਕਹਿਣ ਤੇ ਬਸ ਮੁਸਕਰਾ ਦੇਣਾ, ਕਹਿਣਾ ਕੁੱਝ ਨਾ। ਮੈਨੂੰ ਇਹ ਵੀ ਡਰ ਰਹਿਣਾ ਕਿ ਮੇਰੀ ਮਾਂ ਕਿਤੇ ਮੀਟ ਨੂੰ ਮੀਟ ਦੀ ਦਾਲ਼ ਹੀ ਨਾ ਕਹਿ ਦੇਵੇ।ਮੈਂ ਖੁੱਦ ਪਿੰਡ ਵਿੱਚੋਂ ਜਾ ਕੇ ਤਿੰਨ ਕੁ ਸਾਲ ਚੰਡੀਗੜ੍ਹ ਬਿਤਾ ਆਇਆ ਸੀ। ਇਸ ਲਈ ਮੈਂ ਥੋੜ੍ਹਾ ਸੋਚ ਸਮਝ ਕੇ ਬੋਲਦਾ ਸਾਂ। ਜਦ ਮੇਰੀ ਨਵੀਂ ਨਵੀਂ ਆਈ ਘਰਵਾਲ਼ੀ ਨੇ ਮੀਟ ਦੀ ਤਰੀ ਨੂੰ ਗਰੇਵੀ ਕਿਹਾ ਤੇ 'ਆਲੂ ਗੁੰਨ੍ਹਣ' ਨੂੰ 'ਆਲੂ ਮੈਸ਼ ਕਰਨਾ' ਕਿਹਾ ਤਾਂ ਮੇਰੀ ਮਾਂ ਨੂੰ ਇਵੇਂ ਮਹਿਸੂਸ ਹੋਇਆ ਜਿਵੇਂ ਉਹ ਖੁੱਦ ਕਾਫੀ ਪਛੜੀ ਹੋਈ ਹੋਵੇ। ਜਦ ਮੇਰਾ ਬਾਪ ਬਲਦਾਂ ਨੂੰ 'ਢੱਗੇ' ਕਹਿੰਦਾ ਜਾਂ ਉਨ੍ਹਾਂ ਨੂੰ 'ਨਾਰਿਆ' ਤੇ 'ਸਾਵਿਆ' ਕਹਿ ਕੇ ਬੁਲਾਉਂਦਾ ਤੇ ਚਿਟਕਾਰੀ ਮਾਰਦਾ ਤੇ ਘਰ ਵਿੱਚ ਖੜ੍ਹੇ ਗੱਡੇ ਦੇ ਹਿੱਸਿਆਂ ਨੂੰ 'ਊਠਣਾ', 'ਜਾਤੂ', 'ਜੁੰਗਲਾ' ਆਦਿ ਕਹਿ ਕੇ ਬੁਲਾਉਂਦਾ ਤਾਂ ਵੀ ਮੇਰੀ ਘਰਵਾਲ਼ੀ ਨੂੰ ਉਹ ਅਜੀਬ ਅਜੀਬ ਲਗਦਾ। ਉਦੋਂ ਟਰੈਕਟਰ ਅਜੇ ਨਹੀਂ ਆਏ ਸਨ ਤੇ ਟਿਊਬਵੈੱਲ ਵੀ ਨਹੀਂ ਸਨ। ਜਦ ਅਸੀਂ ਹਲਟ ਚਲਦੇ ਨੂੰ ਦੇਖ ਕੇ ਇਸਦੇ ਹਿੱਸਿਆਂ ਦੇ ਨਾਮ ਜਿਵੇਂ 'ਕੁੱਤਾ', 'ਬੂੜੀਆ', 'ਚੱਠਾ/ਪਾੜਛਾ', 'ਚਲ੍ਹਾ', 'ਗਾਧੀ', 'ਜੁੰਗਲਾ', 'ਮੌਣ', 'ਟਿੰਡਾਂ', 'ਮਾਲ੍ਹ', ਆਦਿ ਲੈਣੇ ਤਾਂ ਮੇਰੀ ਘਰਵਾਲ਼ੀ ਨੇ ਨਵੇਂ ਨਾਮੇਨਕਲੇਚਰ ਤੇ ਹੱਸਣਾ ਵੀ ਤੇ ਮਜ਼ਾ ਵੀ ਲੈਣਾ। ਸੀਰੀ ਨੇ ਬਲਦਾਂ ਪਿੱਛੇ ਗਾਧੀ ਤੇ ਥੱਕ ਟੁੱਟ ਕੇ ਬੈਠਾ ਹੋਣਾ, ਮੇਰੀ ਘਰਵਾਲ਼ੀ ਨੇ ਕਹਿਣਾ-ਦੇਖੋ, ਕਿੰਨੇ ਮਜ਼ੇ ਨਾਲ਼ ਹੂਟੇ ਲੈ ਰਿਹਾ ਏ। ਉਸਨੇ ਇਹ ਕੁਝ ਆਪਣੇ ਬਚਪਨ ਵਿੱਚ ਪੰਚਕੂਲੇ ਪਾਸ ਕਦੀ ਦੇਖਿਆ ਹੀ ਨਹੀਂ ਸੀ। ਅਸੀਂ ਤਾਂ ਆਪਣੇ ਬਚਪਨ ਵਿੱਚ ਸੰਨ 60 ਦੇ ਕਰੀਬ ਕਣਕ ਗਾਹੁਣ ਲਈ ਫਲ੍ਹੇ ਵੀ ਹੱਕੇ ਸਨ। ਚਲਦੇ ਫਲ੍ਹਿਆਂ ਵਿੱਚ ਜੇ ਬਲਦ ਗੋਹਾ ਕਰ ਦੇਵੇ ਤਾਂ ਭੱਜ ਕੇ ਉਸਦਾ ਗੋਹਾ ਇੱਕ ਖੁੱਲ੍ਹੇ ਮੂੰਹ ਵਾਲ਼ੇ ਡੱਬੇ ਵਿੱਚ ਕਰਵਾਈਦਾ ਸੀ ਤਾਂ ਕਿ ਇਹ ਕਣਕ ਦੇ ਲਾਣ੍ਹ ਵਿੱਚ ਨਾ ਡਿੱਗੇ। ਜੇਕਰ ਅੱਜ ਦੇ ਕਿਸੇ ਸ਼ਹਿਰੀ ਮੁੰਡੇ ਕੁੜੀ ਨੂੰ ਕਣਕ ਦੇ ਲਾਣ੍ਹ ਬਾਰੇ ਪੁੱਛੋ ਤਾਂ ਉਹ ਨਹੀਂ ਦੱਸ ਸਕਦੇ। ਉਹ ਇਸਦੀ ਉਲਟੀ ਘੱਗਰੇ ਦੀ ਲੌਣ ਨਾਲ਼ ਤਸ਼ਰੀਹ ਦੇ ਦੇਣਗੇ। ਕਣਕ ਦੇ ਬੋਹਲ ਨੂੰ ਵੀ ਸ਼ਾਇਦ ਅੱਜ ਦੀ ਪਨੀਰੀ ਨਾ ਸਮਝੇ। ਜਦ ਬੋਹਲ ਹੱਥ ਵਾਲ਼ੀ ਤੱਕੜੀ ਨਾਲ਼ ਤੋਲਣ ਲੱਗਣਾ ਤਾਂ ਗਿਣਤੀ ਕਰਦੇ ਤੀਜੀ ਵਾਰ ਭਰ ਕੇ ਛਾਬੇ ਨੂੰ ਸੁੱਟਣ ਨੂੰ 'ਬਹੁਤੇ' ਕਹਿਣਾ ਤਾਂ ਕਿ ਤੋਲਣ ਨੂੰ ਨਜ਼ਰ ਨਾ ਲੱਗੇ। ਤਿੰਨ ਦਾ ਹਿਣਸਾ ਮੂਹੋਂ ਬੋਲਣਾ ਬਦਸ਼ਗਨਾ ਸਮਝਿਆ ਜਾਂਦਾ ਸੀ। ਕਮਾਦ ਨਾਲ਼ ਸੰਬੰਧਤ ਸ਼ਬਦਾਵਲੀ ਵੀ ਆਪਣੀ ਕਿਸਮ ਦੀ ਹੀ ਹਇਆ ਕਰਦੀ ਸੀ ਜਿਵੇਂ ਚੁੱਬ੍ਹਾ, ਗੰਡ, ਘੋਰੀ, ਖੜ, ਰਸ, ਪੀੜ, ਪਤਾਸ਼ਾ ਕਮਾਦ, ਆਰਾ, ਲਾਵਾ ਜਾਂ ਸੀਰੀ (ਝੋਕਣ ਲਈ ਰੱਖਿਆ ਹੋਇਆ ਚਮਾਰਾਂ ਦਾ ਮੁੰਡਾ) ਆਦਿ। ਲਾਵਾ ਤੜਕੇ ਚਾਰ ਵਜੇ ਆ ਜਾਂਦਾ ਸੀ ਤੇ ਰਾਤ ਨੂੰ ਨੌਂ ਵਜੇ ਆਪਣੇ ਘਰ ਜਾਇਆ ਕਰਦਾ ਸੀ। ਇਸ ਬਦਲੇ ਜ਼ਮੀਂਦਾਰ ਉਸਨੂੰ ਬਸ 4-5 ਕਿੱਲੋ ਗੁੜ੍ਹ ਹੀ ਦਿੰਦਾ ਹੁੰਦਾ ਸੀ। ਰੋਟੀ ਉਸਦੀ ਜ਼ਮੀਂਦਾਰ ਦੇ ਘਰ ਹੀ ਹੋਇਆ ਕਰਦੀ ਸੀ। ਇਸੀ ਪ੍ਰਕਾਰ ਮੱਝਾਂ ਚਾਰਨ ਦੀ ਸ਼ਬਦਾਵਲੀ ਸੀ ਜਿਵੇਂ ਮੱਝਾਂ ਦਾ ਭੇੜ, ਮੱਝ ਦਾ ਡਾਹਾ, ਮੱਝ ਲੁਆਣੀ, ਝੋਟੇ ਨੂੰ ਮਾਲੀ ਕਹਿਣਾ, ਖੁੰਢੀ ਮੱਝ, ਖੁੰਢੀਆਂ ਦੇ ਸਿੰਗ ਫਸ ਗਏ, ਝੋਟੇ ਨੂੰ ਮੈਹਾਂ ਕਹਿਣਾ, ਸੁਰਗਾ ਸੁਰਗੀ ਖੇਡ ਖੇਡਣੀ ਆਦਿ।

ਮੈਂ ਸੰਨ 64 ਤੋਂ 67 ਤੱਕ ਬੜਾ ਕਮਾਦ ਵੱਢਿਆ, ਗੰਨੇ ਘੜੇ, ਵੇਲਣਾ ਹੱਕਿਆ, ਰਸ ਪੀਤੀ, ਚੁੱਭਾ ਝੋਕਿਆ, ਕੜਾਹੇ ਚੋਂ ਰਸ ਵਿੱਚੋਂ ਮੈਲ਼ ਚੁੱਕੀ, ਗੁੜ ਬਣਾਇਆ, ਸ਼ੱਕਰ ਬਣਾਈ, ਗੰਨਾ ਮਿੱਲ ਨੂੰ ਬਲਦਾਂ ਵਾਲ਼ੇ ਗੱਡੇ ਤੇ ਗੰਨੇ ਢੋਏ, ਕਾਫੀ ਕਾਫੀ ਸਮਾਂ ਗੰਨਾਂ ਮਿੱਲ ਤੇ ਗੁਜ਼ਾਰਿਆ ਆਦਿ। ਗੁੱਗਾ ਨੌਵੀਂ ਦੇ ਸਮੇਂ ਪਿੰਡਾਂ ਵਿੱਚ ਵਿੱਚ ਛਿੰਝਾਂ ਹੋਇਆ ਕਰਦੀਆਂ ਸਨ। ਇਸ ਵਰਤਾਰੇ ਦੇ ਸ਼ਬਦ ਵੀ ਆਪਣੀ ਹੀ ਕਿਸਮ ਦੇ ਹੋਇਆ ਕਰਦੇ ਸਨ ਜਿਵੇਂ 'ਪਹਿਲਵਾਨ' ਨੂੰ 'ਮੱਲ', 'ਆਖਰੀ ਵੱਡੀ ਕੁਸ਼ਤੀ' ਨੂੰ 'ਪਟਕੇ ਦੀ ਕੁਸ਼ਤੀ', 'ਕਿਸੇ ਨੂੰ ਹਰਾਉਣ' ਨੂੰ 'ਚਿੱਤ ਕਰਨਾ', 'ਇੱਕ ਦਾਅ ਨੂੰ' 'ਧੋਬੀਪਟੜਾ' ਆਦਿ।

ਉਨ੍ਹਾਂ ਸਮਿਆਂ ਵਿੱਚ ਬੋਲੀ ਵਿੱਚ ਜ਼ਿਆਦਾ ਠੇਠਪੁਣਾ ਵੀ ਹੋਇਆ ਕਰਦਾ ਸੀ। ਇਹ ਠੇਠਪੁਣਾ ਕੁੱਝ ਪਿੰਡਾਂ ਦੇ ਕੁਝ ਬਸ਼ਿੰਦਿਆਂ ਵਿੱਚ ਅਜੇ ਵੀ ਮੌਜੂਦ ਹੈ। ਇਹ ਬਾਸ਼ਿੰਦੇ ਜਿਆਦਾਤਰ ਅਨਪੜ੍ਹ ਹਨ। ਪੜ੍ਹਾਈ ਬੋਲੀ ਵਿੱਚ ਕਾਫੀ ਤਬਦੀਲੀ ਲਿਆ ਦਿੰਦੀ ਏ। ਪੰਜਾਬ ਵਿੱਚ ਫਾਰਸੀ, ਉਰਦੂ ਤੇ ਅੰਗਰੇਜ਼ੀ ਦੇ ਆ ਜਾਣ ਨਾਲ਼ ਬਹੁਤ ਸਾਰੇ ਲੋਕਾਂ ਦੀ ਬੋਲਚਾਲ ਦੀ ਬੋਲੀ ਵਿੱਚ ਬਹੁਤ ਫਰਕ ਪੈ ਗਿਆ ਸੀ। ਸੰਨ 47 ਤੋਂ ਪਹਿਲਾਂ ਕਚਹਿਰੀਆਂ ਦਾ ਬਹੁਤਾ ਕੰਮ ਉਰਦੂ ਵਿੱਚ ਹੀ ਹੁੰਦਾ ਸੀ। ਹੁਣ ਤੱਕ ਵੀ ਉਹੀ ਉਰਦੂ ਦੇ ਸ਼ਬਦ ਗੁਰਮੁਖੀ ਲਿੱਪੀ ਵਿੱਚ ਲਿਖੇ ਜਾਂਦੇ ਹਨ ਜਿਵੇਂ 'ਫਰਦ', 'ਨਿਸ਼ਾਨਦੇਹੀ', 'ਅਰਜ਼ੀਨਵੀਸ', 'ਅਹਿਲਕਾਰ', 'ਨਕਸ਼ਾਨਵੀਸ਼', 'ਮੁਣਸ਼ੀ', 'ਇਕਰਾਰਨਾਮਾ' ਆਦਿ। ਇੱਕ ਨਾਵਲਕਾਰ ਤੇ ਕਹਾਣੀਕਾਰ ਨੇ ਹੇਠ ਲਿਖੇ ਪ੍ਰਗਟਾਵੇ ਆਪਣੇ ਬਿਰਤਾਂਤ ਵਿੱਚ ਵਰਤੇ ਹਨ-- ਡੰਡਾ ਲੈ ਕੇ ਉਸਨੇ ਫੌਜਣ ਦੀ ਤਹਿ ਲਗਾ ਦਿੱਤੀ, ਮੇਰੇ ਤਾਂ ਔਸਾਣ ਮਾਰੇ ਗਏ, ਧੂੰਆਂ ਰੋਲ ਹੋ ਗਿਐ (ਸਭ ਨੂੰ ਪਤਾ ਲੱਗ ਗਿਆ), ਦੇਬੋ ਨੇ ਘਰਾਟ ਰਾਗ ਸ਼ੁਰੂ ਕਰ ਦਿੱਤਾ, ਬੁੜੀ ਨੇ ਭਕਾਟ ਪਾ ਦਿੱਤਾ, ਬੁੜੀ ਦਾ ਗੁੱਗਾ ਪੂਜਿਆ ਗਿਆ, ਉਹ ਨਿੱਤ ਮੇਰੀ ਹਿੱਕ ਤੇ ਮੂੰਗ ਦਲ਼ਦਾ ਸੀ, ਉਸਦਾ ਸਿਰ ਖਰਬੂਜੇ ਵਾਂਗ ਖਿੱਲਰ ਗਿਆ, ਬਿੱਲੀ ਦੇ ਭਾਗੀਂ ਮਸਾਂ ਛਿੱਕਾ ਟੁੱਟਿਆ, ਭਾਬੋ ਦਾ ਸੂਤ ਦਿਓਰ ਦਲਾਲ, ਉਹ ਤੋਕੜ ਮੱਝ ਵਾਂਗ ਲੱਤ ਚੁੱਕ ਗਈ, ਗਲ਼ ਥਾਣੀ ਪਜਾਮਾ ਲਾਹੁਣਾ, ਕੋਠਾ ਉਸਰਿਆ ਤਖਾਣ ਵਿਸਰਿਆ, ਇਸ਼ਕ ਨਾ ਦੇਖੇ ਜਾਤ ਕੁਜਾਤ ਭੁੱਖ ਨਾ ਦੇਖੇ ਮਾਸ, ਲੀਡਰ ਵੋਟਾਂ ਵੇਲ਼ੇ ਗਧੇ ਨੂੰ ਬਾਪ ਆਖਦੇ ਨੇ ਤੇ ਜਿੱਤ ਜਾਣ ਤੋਂ ਬਾਅਦ ਬਾਪ ਨੂੰ ਗਧਾ, ਜਿਹੋ ਜਿਹੀ ਨੰਦੋ ਬਾਹਮਣੀ ਉਹੋ ਜਿਹਾ ਘੁੱਦੂ ਜੇਠ, ਪਾਉਣਾ ਦੂਜੇ ਦੇ ਸਿਰ ਤੇ ਮਧਾਣੀ ਚੀਰਾ ਤੇ ਦੱਸਣੀਆਂ ਝਰੀਟਾਂ, ਘੋੜਾ ਲਗਾਮ ਬਿਨ੍ਹਾਂ ਗਿਆ ਤੇ ਰਾਜ ਗੁਲਾਮ ਬਿਨਾਂ, ਟਾਟ ਦੀਆਂ ਜੁੱਲੀਆਂ ਨੂੰ ਰੇਸ਼ਮ ਦੇ ਬਖੀਏ, ਪਰਾਲ਼ੀ ਤੋਂ ਹੀ ਧਾਨਾਂ ਵਾਲ਼ੇ ਪਿੰਡ ਦੀ ਤਸਵੀਰ ਦਿਖਣ ਲੱਗ ਪੈਂਦੀ ਏ, ਬਾਂਦਰਾਂ ਨੂੰ ਬਨਾਰਸ ਦੀਆਂ ਟੋਪੀਆਂ, ਕਪਾਹ ਦੀ ਫੁੱਟੀ, ਜਿੱਥੇ ਪਈ ਉੱਥੇ ਲੁੱਟੀ, ਦਿਲ ਚੰਗਾ ਤੇ ਕਟੋਰੇ ਵਿੱਚ ਗੰਗਾ, ਗਿਰਝਾਂ ਗਾਲੜ੍ਹ ਦੇਵਣ ਦਾਦ, ਉੱਲੂ ਗਾਉਣ ਬਸੰਤ ਬਹਾਰ, ਕੀੜੀ ਨੂੰ ਕੂੰਡਾ ਹੀ ਦਰਿਆ ਏ, ਦੱਸੀ ਕਸਤੂਰੀ ਵੇਚੀ ਹਿੰਗ, ਜੇ ਫੱਟਾ ਸਾਹ ਦਊ ਤਾਂ ਹੀ ਬਾਜੀਗਰ ਛਾਲ ਮਾਰੂ, 20 ਗਜ ਦਾ ਘੱਗਰਾ 40 ਗਜ ਦੀ ਗੇੜੀ ਦੇਣ ਲੱਗ ਪਿਆ, ਬੁੱਢੀਆਂ ਗਾਈਆਂ ਦੇ ਵਗ 'ਚ ਤੁਰੀ ਜਾਂਦੀ ਵਹਿੜੀ ਵੀ ਮੌਲੀ ਦਿਖਣ ਲੱਗ ਪੈਂਦੀ ਏ, ਆਪਣੀਆਂ ਕੱਛ 'ਚ ਦੂਜੇ ਦੀਆਂ ਹੱਥ 'ਚ, ਤਿਲਕ ਕੇ ਡਿੱਗੇ ਦਾ, ਤੀਵੀਂ ਦੇ ਝਿੜਕੇ ਦਾ ਤੇ ਸਰਕਾਰ (ਪੁਲਿਸ) ਦੇ ਘੂਰੇ ਦਾ ਮਸੋਸ ਨਹੀਂ ਕਰਨਾ ਚਾਹੀਦਾ, ਚੱਲ ਨੂੰਹੇ ਤੂੰ ਥੱਕੀ ਮੈਂ ਚਰਖੇ ਤੂੰ ਚੱਕੀ, ਬੁੱਢੀ ਬੋਤੇ ਵਾਂਗ ਬੁੱਲ੍ਹ ਸੁੱਟੀ ਬੈਠੀ ਸੀ, ਲੰਡੇ ਨੂੰ ਮੀਣਾ ਸੌ ਕੋਹ ਦਾ ਵਲ ਪਾ ਕੇ ਵੀ ਮਿਲ ਹੀ ਪੈਂਦਾ ਏ, ਤੇਰੇ ਕੋਲ ਨਾ ਤੀਰ ਏ, ਨਾ ਕਮਾਨ, ਤੂੰ ਕਾਹਦਾ ਪਠਾਣ, ਲਮਹੋਂ ਨੇ ਖਤਾ ਕੀ, ਸਦੀਓਂ ਨੇ ਸਜਾ ਪਾਈ, ਇਸ ਹਲ ਦੇ ਜੰਦਰੇ ਢਿੱਲੇ ਨੇ, ਪਿੱਦੀਆਂ ਵੀ ਹੁਣ ਪੀਂਘਾਂ ਪਾਉਣ ਲੱਗੀਆਂ ਨੇ, ਜੇ ਮੇਖ ਕਮਜ਼ੋਰ ਹੋਵੇਗੀ ਤਾਂ ਉਹ ਮੱਖਣ 'ਚ ਵੀ ਮੋਰੀ ਨਹੀਂ ਕਰੇਗੀ, ਬੁੱਢਾ ਚੋਰ ਮਸੀਤੇ ਡੇਰਾ, ਨੱਚਣ ਵਾਲੇ ਦਾ ਡਿਗਣਾ ਵੀ ਕਲਾਬਾਜ਼ੀ ਹੁੰਦਾ ਏ, ਅੱਖੀਆਂ ਵੀ ਮਾੜੇ ਮੋਟੇ ਨੂੰ ਹੀ ਤੰਗ ਕਰਦੀਆਂ ਹਨ, ਚੁੱਪ ਚੁਪੀਤਾ ਕੁੱਤਾ ਤੇ ਸ਼ਾਂਤ ਪਾਣੀ ਦੋਵੇਂ ਹੀ ਖਤਰਨਾਕ ਹੁੰਦੇ ਹਨ, ਸੰਗੀਤਕਾਰ, ਕਵੀ ਤੇ ਚਿੱਤਰਕਾਰ ਅੱਧੇ ਪਾਗਲ ਹੁੰਦੇ ਹਨ (ਸਪੇਨ) ਆਦਿ। ਮੈਂ ਅੱਤ ਦੇ ਪੇਂਡੂ ਚੌਗਿਰਦੇ ਚੋਂ ਤੁਰ ਕੇ ਆਖਰ ਕਾਰ ਅੱਤ ਦੇ ਸ਼ਹਿਰੀ ਤੇ ਵਿਦੇਸ਼ੀ ਚੌਗਿਰਦੇ ਵਿੱਚ ਆਪਣਾ ਜੀਵਨ ਬਿਤਾ ਰਿਹਾ ਹਾਂ। ਮੈਂ ਕਦੀ ਪੇਂਡੂ ਤੇ ਕਦੀ ਸ਼ਹਿਰੀ ਵਾਤਾਵਰਣ ਵਿੱਚ ਵੀ ਗੁਜਰਦਾ ਰਿਹਾ ਹਾਂ। ਮੇਰਾ ਪਰਿਵਾਰ ਅਨਪੜ੍ਹ ਜਿਹਾ ਹੈ ਜਾਂ ਥੋੜ੍ਹਾ ਪੜ੍ਹਿਆ ਹੋਇਆ ਏ। ਉਸੇ ਨਾਲ਼ ਪੇਸ਼ ਆਉਂਦਾ ਹੋਇਆ ਮੈਂ ਓਹੀ ਪੇਂਡੂ ਸ਼ਬਦ ਵਰਤਦਾ ਆਇਆ ਹਾਂ।ਅਸੀਂ ਪਹਿਲਾਂ ਪਹਿਲ ਸਿਡਨੀ ਤੋਂ ਪੰਜਾਬ ਗਏ। ਇੱਕ ਛੋਟੇ ਜਿਹੇ ਸ਼ਹਿਰ ਤੋਂ ਕਿੱਲੋ ਲੱਡੂ ਲੈਣ ਲੱਗੇ। ਮੇਰੀ ਘਰਵਾਲ਼ੀ ਦੁਕਾਨਦਾਰ ਨੂੰ ਕਹਿੰਦੀ -- ਵੱਨ ਕੇ ਜੀ (One kg), ਉਹ ਮੂਹਰਿਓਂ ਕਹਿਣ ਲੱਗਾ ਬੰਨ੍ਹ ਕੇ ਹੀ ਦਿਆਂਗੇ ਜੀ। ਉਹ ਕਿੱਲੋ ਦੇ ਡੱਬੇ ਨੂੰ ਉੱਪਰੋਂ ਡੋਰ ਨਾਲ਼ ਬੰਨ੍ਹਣਾ ਇਸ ਦਾ ਮਤਲਬ ਕੱਢ ਗਿਆ। ਮੈਂ ਅਪਣੀ ਇੱਕ ਅਨਪੜ੍ਹ ਚਚੇਰੀ ਭੈਣ ਨੂੰ ਕਿਹਾ--ਇਸ ਪੁਸਤਕ ਦੀਆਂ 500 ਕਾਪੀਆਂ ਛਪਵਾਈਆਂ ਹਨ। ਉਹ ਕਾਪੀਆਂ ਦਾ ਅਰਥ ਉਹ ਕਾਪੀ (Notebook) ਲਈ ਜਾਵੇ ਜਿਹਦੇ ਤੇ ਆਪਾਂ ਲਿਖਦੇ ਹਾਂ। ਉਹਨੂੰ ਇਹ ਪਤਾ ਹੀ ਨਾ ਲੱਗੇ ਕਿ ਕਾਪੀ ਦਾ ਮਤਲਬ ਪਰਤ ਵੀ ਹੁੰਦਾ ਏ। ਗੱਲ੍ਹ ਕਰਦੇ ਕਰਦੇ ਮੇਰੇ ਮੂੰਹ ਚੋਂ ਕਵਿਤਾ ਦੇ ਸੰਧਰਵ ਵਿੱਚ ਪ੍ਰਗਟਾਵਾ ਸਕੂਲ ਆਫ ਥੌਟ (school of thought) ਨਿਕਲ ਗਿਆ। ਮਾਂ ਕਹਿੰਦੀ ਸਕੂਲ ਤਾਂ ਤੂੰ ਛੋਟਾ ਹੁੰਦਾ ਜਾਂਦਾ ਹੁੰਦਾ ਸੀ। ਕਈ ਲੋਕ ਇਤਨੇ ਜਿਆਦਾ ਅਨਪੜ੍ਹ ਤੇ ਪਛੜੇ ਹੋਏ ਹੁੰਦੇ ਹਨ ਕਿ ਉਹ ਤੁਹਾਡੇ ਕਿਸੇ ਥੋੜ੍ਹੇ ਜਿਹੇ ਨਵੀਨ ਸ਼ਬਦ ਦਾ ਅਰਥ ਤੱਕ ਨਹੀਂ ਸਮਝਦੇ। ਮੈਂ ਪਿੱਛੇ ਜਿਹੇ ਆਰ.ਬੀ. ਬਰਨਜ਼ (R.B. Barns) ਦਾ ਅੰਗਰੇਜ਼ੀ ਦਾ ਲੇਖ ਵਿਰਾਸਤ ਤੇ ਚੌਗਿਰਦਾ (Heredity and Environment) ਪੜ੍ਹ ਰਿਹਾ ਸੀ। ਉਸ ਵਿੱਚ ਕੁੱਝ ਹਵਾਲੇ ਸਨ। ਸਮਾਜ ਸ਼ਾਸਤਰੀ Maclver ਲਿਖਦਾ ਹੈ :-- "Every phenomenon of life is the product of both heredity and environment, each is as necessary to the result as the other, neither can ever be eliminated and' neither can be isolated." Lumbley ਨੇ ਕਿਹਾ ਹੈ --"It is not heredity or environment, but heredity and environment."



(ਮੇਰੀ ਅਣਛਪੀ ਸਵੈਜੀਵਨੀ 'ਡੱਬਰੀ ਤੋਂ ਡਾਰਲਿੰਗ ਹਾਰਬਰ ਤੱਕ' ਵਿੱਚੋਂ)

ਆਪਣੀ ਸਾਰੀ ਜ਼ਿੰਦਗੀ ਦੇ ਤਜਰਬੇ ਤੋਂ ਮੈਂ ਇਹ ਵਿਚਾਰ ਬੜਾ ਨਿਧੜਕ ਹੋ ਕੇ ਦੇ ਸਕਦਾ ਹਾਂ ਕਿ ਵਿਰਾਸਤ ਤੇ ਚੌਗਿਰਦਾ ਸ਼ਾਇਦ ਮਨੁੱਖ ਨੂੰ ਸੰਵਰਨ ਵਿੱਚ ਉਸਦੀ ਸਕੂਲ ਅਤੇ ਕਾਲਜ ਦੀ ਪੜ੍ਹਾਈ ਤੋਂ ਵੀ ਵੱਧ ਯੋਗਦਾਨ ਪਾਉਂਦੇ ਹਨ। ਪਛੜਿਆ ਹੋਇਆ ਪਿਛੋਕੜ ਮਨੁੱਖ ਨਾਲ਼ ਉਸਦੇ ਮਰਨ ਤੱਕ ਜੁੜਿਆ ਰਹਿੰਦਾ ਏ। ਚੰਗਾ ਪਿਛੋਕੜ ਮਨੁੱਖ ਨੂੰ ਮਾਨਸਿਕ ਗੁੰਝਲਾਂ ਤੋਂ ਮੁਕਤ ਕਰਦਾ ਹੈ ਤੇ ਮਾੜਾ ਪਿਛੋਕੜ ਮਨੁੱਖ ਵਿੱਚ ਇਹ ਗੁੰਝਲਾਂ ਉਸਦੇ ਅੰਤ ਤੱਕ ਬਰਕਰਾਰ ਰੱਖਦਾ ਹੈ। ਡਿਗਰੀਆਂ ਪਾਸ ਕਰਨੀਆਂ ਹੋਰ ਗੱਲ ਏ ਤੇ ਮਾਨਸਿਕ ਗੁੰਝਲਾਂ ਤੋਂ ਨਿਜਾਤ ਪ੍ਰਾਪਤ ਕਰਨੀ ਹੋਰ। ਭਾਰਤ ਤੋਂ ਉੱਚ ਡਿਗਰੀਆਂ ਪ੍ਰਾਪਤ ਲੋਕ ਵਿਕਸਿਤ ਦੇਸਾਂ ਨੂੰ ਆਉਂਦੇ ਹਨ।ਬਹੁਤਿਆਂ ਨੂੰ ਅੰਗਰੇਜੀ ਦੀ ਬਿਨ ਝਿਜਕ ਗੱਲਬਾਤ ਤੇ ਕੰਪਿਊਟਰ ਵਿੱਚ ਮੁਹਾਰਤ ਦੀ ਘਾਟ ਹੀ ਲੈ ਬੈਠਦੀ ਹੈ। ਜੇ ਉਨ੍ਹਾਂ ਨੂੰ ਵਿਕਸਿਤ ਦੇਸਾਂ ਵਿੱਚ ਜਾਂਦੇ ਸਾਰ ਛੇ ਕੁ ਮਹੀਨੇ ਅੰਗਰੇਜ਼ੀ ਗੱਲਬਾਤ ਤੇ ਕੰਪਿਊਟਰ ਕਲਾ ਵਿੱਚ ਮਾਹਰ ਕੀਤਾ ਜਾਵੇ ਤਾਂ ਉਹ ਇਨ੍ਹਾਂ ਦੇਸ਼ਾਂ ਲਈ ਇੱਕ ਵੱਡਾ ਸਰਮਾਇਆ ਸਾਬਤ ਹੋ ਸਕਦੇ ਹਨ।

ਮਾੜੇ ਗਰੀਬ ਤੇ ਅਨਪੜ੍ਹ ਪਿਛੋਕੜ ਦਾ ਸਭ ਤੋਂ ਮਾੜਾ ਅਸਰ ਉਦੋਂ ਪੈਣਾ ਸ਼ੁਰੂ ਹੁੰਦਾ ਏ ਜਦ ਬੱਚਾ 16 ਕੁ ਸਾਲ ਦਾ ਹੋ ਕੇ ਪੇਂਡੂ ਕਾਲਜਾਂ ਵਿੱਚ ਪਹੁੰਚਦਾ ਹੈ। ਇਨ੍ਹਾਂ ਪੇਂਡੂ ਕਾਲਜਾਂ ਵਿੱਚ ਥੋੜ੍ਹੇ ਜਿਹੇ ਲੜਕੇ ਲੜਕੀਆਂ ਚੰਗੇ ਅਮੀਰ ਤੇ ਕੁਝ ਕੁ ਪੜ੍ਹੇ ਲਿਖੇ ਪਰਿਵਾਰਾਂ ਦੇ ਵੀ ਹੁੰਦੇ ਹਨ। ਉਨ੍ਹਾਂ ਦਾ ਇੱਥੇ ਸਰਦਾਰਵਾਦ ਹੁੰਦਾ ਏ। ਪਛੜੇ ਹੋਏ ਗਰੀਬ ਵਿਦਿਆਰਥੀ ਇੱਥੇ ਮਾਨਸਿਕ ਤਣਾਅ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਹਾਲਾਤ ਵਿੱਚ ਉਹ ਪੜ੍ਹਾਈ ਵਿੱਚ ਪੱਛੜ ਵੀ ਸਕਦੇ ਹਨ। ਕਈ ਵਾਰ ਮਾੜੇ ਅਦਾਰਿਆਂ 'ਚ ਪਹਿਲੀ ਡਿਵੀਜ਼ਨ ਲੈਣ ਵਾਲ਼ੇ ਗਰੀਬ ਵਿਦਿਆਰਥੀ ਕਾਲਜਾਂ ਵਿੱਚ ਆ ਕੇ ਤੀਸਰੀ ਡਿਵੀਜ਼ਨ ਲੈਣ ਲੱਗ ਪੈਂਦੇ ਹਨ। ਮੈਂ ਚੰਡੀਗੜ੍ਹ ਦੇ ਅੰਗਰੇਜ਼ੀ ਵਿਭਾਗ ਵਿੱਚ ਐਮ.ਏ ਪਹਿਲਾ ਭਾਗ ਵਿੱਚ ਜਾ ਕੇ ਪਹਿਲਾਂ ਬੌਂਦਲ ਗਿਆ ਸੀ। ਅਮੀਜਾਦਿਆਂ ਤੇ ਅਮੀਰਜ਼ਾਦੀਆਂ ਨਾਲ਼ ਆਪਣੇ ਆਪ ਨੂੰ ਘਿਰਿਆ ਦੇਖ ਕੇ ਮੈਂ ਪਹਿਲੇ ਛੇ ਕੁ ਮਹੀਨੇ ਉੱਥੇ ਬੜੇ ਤਣਾਅ ਭਰਪੂਰ ਮਾਹੌਲ ਵਿੱਚ ਬਿਤਾਏ। ਸਾਡਾ ਅੰਗਰੇਜ਼ੀ ਵਿਭਾਗ 60 ਫੀਸਦੀ ਤੋਂ ਜ਼ਿਆਦਾ ਕਾਨਵੈਂਟ ਸਕੂਲਾਂ ਵਿੱਚ ਪੜ੍ਹੇ ਅਮੀਜ਼ਾਦਿਆਂ ਨਾਲ਼ ਭਰਿਆ ਪਿਆ ਸੀ। ਉਹ ਅਧਿਆਪਕਾਂ ਦੇ ਬੜੇ ਜਲਦੀ ਨੇੜੇ ਆ ਜਾਂਦੇ ਸਨ। ਅਸੀਂ ਝਿਜਕਦੇ ਰਹਿੰਦੇ ਸਾਂ। ਅਸੀਂ ਲਿਖਣ ਤੇ ਯਾਦ ਕਰਨ ਵਿੱਚ ਉਨ੍ਹਾਂ ਤੋਂ ਜ਼ਿਆਦਾ ਵਧੀਆ ਸਾਂ। ਇਸੇ ਕਰਕੇ ਮੇਰੇ ਬੈਚ ਵਿੱਚ ਵੀ ਤੇ ਮੇਰੇ ਤੋਂ ਪਹਿਲੇ ਬੈਚ ਵਿੱਚ ਸਾਰੀ ਪੰਜਾਬ ਯੂਨੀਵਰਸਿਟੀ ਤੋਂ ਅੰਗਰੇਜ਼ੀ ਦੇ ਐਮ.ਏ. ਵਿੱਚ ਫਸਟ ਰਹਿਣ ਵਾਲ਼ੇ ਦੇਸੀ ਕਾਲਜਾਂ ਦੇ ਪੜ੍ਹੇ ਮਨਮੋਹਨ ਭਟਨਾਗਰ (ਜਾਟ ਕਾਲਜ ਹਿਸਾਰ) ਤੇ ਜਾਗਰ ਸਿੰਘ (ਕੋਈ ਕਾਲਜ ਸੰਗਰੂਰ) ਸਨ। ਕਾਨਵੈਂਟਾਂ ਤੋਂ ਪੜ੍ਹ ਕੇ ਆਉਣ ਵਾਲ਼ੇ ਬਹੁਤੇ ਤੀਸਰੇ ਦਰਜੇ ਵਿੱਚ ਰਹਿ ਕੇ ਐਮ.ਏ. ਕਰ ਸਕੇ ਸਨ। ਜੇ ਮੈਂ ਯੂਨੀਵਰਸਿਟੀ ਵਿੱਚ ਜਾਣ ਦੀ ਬਜਾਏ ਹੁਸ਼ਿਆਰਪੁਰ ਸਰਕਾਰੀ ਕਾਲਜ ਵਿੱਚ ਜਾਂ ਲੁਧਿਆਣੇ ਸਰਕਾਰੀ ਕਾਲਜ ਵਿੱਚ ਐਮ.ਏ. ਕਰਦਾ ਤਾਂ ਮੈਂ ਮਾਨਸਿਕ ਗੁੰਝਲ ਦਾ ਸ਼ਿਕਾਰ ਨਹੀਂ ਹੋਣਾ ਸੀ। ਹੋ ਸਕਦਾ ਇੱਥੇ ਮੈਂ ਉੱਥੇ ਨਾਲ਼ੋਂ ਵੱਧ ਨੰਬਰ ਪ੍ਰਾਪਤ ਕਰ ਲੈਂਦਾ। ਐਮ.ਏ. ਦੂਜੇ ਸਾਲ ਤੱਕ ਜਾਂਦੇ ਜਾਂਦੇ ਮੇਰੀ ਆਪਣੇ ਆਪ ਬਾਰੇ ਮਾਨਸਿਕ ਗੁੰਝਲ ਅਤੇ ਨੀਵਾਂਪਨ ਕਾਫੀ ਘਟ ਗਏ ਸਨ। ਇਸ ਲਈ ਦੂਜੇ ਸਾਲ ਮੇਰੇ ਨੰਬਰ ਪਹਿਲੇ ਸਾਲ ਨਾਲੋਂ ਜ਼ਿਆਦਾ ਆਏ ਸਨ। ਚੰਡੀਗੜ੍ਹਦੇ ਚਕਾਚੌਂਧ ਮਾਹੌਲ ਨੇ ਐਮ.ਏ. ਕਰਦੇ ਸਮੇਂ ਮੇਰੇ ਤੋਂ ਉਹ ਵਿਲੱਖਣ ਪ੍ਰਾਪਤੀ ਨਹੀਂ ਕਰਵਾਈ ਜਿਹੜੀ ਮੈਂ ਇੱਕ ਛੋਟੇ ਜਿਹੇ ਪੇਂਡੂ ਕਾਲਜ ਵਿੱਚ ਬੀ.ਏ. ਆਨਰਜ ਅੰਗਰੇਜ਼ੀ ਵਿੱਚ ਹਾਸਲ ਕਰ ਚੁੱਕਾ ਹਾਂ। ਚੌਗਿਰਦੇ ਨੇ ਆਪਣਾ ਅਸਰ ਸਪਸ਼ਟ ਪਾਇਆ ਸੀ।

ਇਸ ਲਈ ਵਿਰਾਸਤ ਅਤੇ ਚੌਗਿਰਦੇ ਨੂੰ ਬਾਕੀ ਕਿਤਾਬੀ ਪੜ੍ਹਾਈ ਤੋਂ ਕਦੀ ਵੀ ਨੀਵਾਂ ਨਾ ਸਮਝੋ। ਮਾੜਾ ਚੌਗਿਰਦਾ ਤੁਹਾਨੂੰ ਖਰ੍ਹਵਾ ਬਣਾਉਂਦਾ ਹੈ ਤੇ ਚੰਗਾ ਚੌਗਿਰਦਾ ਤੁਹਾਡੇ ਵਿਅਕਤੀਤਵ ਨੂੰ ਲਿਸ਼ਕਾ ਦਿੰਦਾ ਹੈ।

# ਸਿਰਫ ਕਿਫਾਇਤ ਨਾਲ ਨਹੀਂ ਚੱਲੇਗਾ ਕੰਮ

ਕਿਸੇ ਵੀ ਸੰਸਕ੍ਰਿਤੀ ਤੇ ਸਮੇਂ ਵਿਚ ਕਿਫਾਇਤ ਦੀ ਮਹੱਤਤਾ ਰਹਿੰਦੀ ਹੈ। 'ਪੈਸਾ ਬਚਾਉਣਾ ਵੀ ਪੈਸਾ ਕਮਾਉਣ ਦੇ ਬਰਾਬਰ ਹੈ' ਤੋਂ ਲੈ ਕੇ 'ਫਜ਼ੂਲਖਰਚੀ ਨਾਲ ਤਾਂ ਕੁਬੇਰ ਦਾ ਖਜਾਨਾ ਵੀ ਖਤਮ ਹੋ ਜਾਂਦਾ ਹੈ' ਵਰਗੀਆਂ ਕਹਾਵਤਾਂ ਵੀ ਕਿਫਾਇਤ ਦੀ ਸਰਾਹਨਾ ਕਰਦੀਆਂ ਹਨ। ਅਤੀਤ ਵਿਚ ਵੀ ਅਜਿਹੇ ਮੌਕੇ ਆਏ ਹਨ ਜਦ ਸੱਤਾ ਵਿਚ ਬੈਠੇ ਲੋਕਾਂ ਨੇ ਜਨਤਕ ਜੀਵਨ ਵਿਚ ਸ਼ੁੱਧਤਾ ਦਾ ਪ੍ਰਦਰਸ਼ਨ ਕੀਤਾ ਹੈ ਪਰ ਅਕਸਰ ਅਜਿਹੇ ਯਤਨਾਂ ਦੀ ਪ੍ਰਕਿਰਤੀ ਪ੍ਰਤੀਕਾਤਮਕ ਹੀ ਰਹੀ ਹੈ। ਅਸੀਂ ਇਹੀ ਉਮੀਦ ਕਰਦੇ ਹਾਂ ਕਿ ਇਸ ਵਾਰ ਕਿਫਾਇਤ ਦੇ ਇਹ ਯਤਨ ਦਿਖਾਵਟੀ ਨਾ ਹੋ ਕੇ ਠੋਸ ਲਾਭ ਅਤੇ ਉਮੀਦ ਮੁਤਾਬਕ ਨਤੀਜੇ ਯਕੀਨੀ ਬਣਾਉਣਗੇ। ਭਾਵੇਂ ਹੀ ਕਿਫਾਇਤ ਕਰਨਾ ਕਿੰਨਾ ਹੀ ਸ਼ਲਾਘਾਯੋਗ ਕੰਮ ਕਿਉਂ ਨਾ ਹੋਵੇ ਪਰ ਉਸ ਨਾਲ ਇਕ ਸੀਮਤ ਦਾਇਰੇ ਵਿਚ ਹੀ ਲਾਭ ਮਿਲ ਸਕਦਾ ਹੈ। ਜਿਵੇਂ ਸਿਰਫ ਖਰਚਿਆਂ ਵਿਚ ਕਟੌਤੀ ਕਰ ਕੇ ਹੀ ਕੋਈ ਸੰਸਥਾ ਸਿਖਰ 'ਤੇ ਨਹੀਂ ਪੁੱਜ ਸਕਦੀ, ਇਸ ਦੇ ਨਾਲ ਹੀ ਉਸ ਨੂੰ ਆਪਣੀ ਆਮਦਨ ਵਧਾਉਣ ਦੇ ਵੀ ਉਪਾਅ ਕਰਨੇ ਹੋਣਗੇ। ਭਾਰਤ ਦੇ ਸਿਲਸਿਲੇ ਵਿਚ ਦੇਖੀਏ ਤਾਂ ਇਹ ਕਿਸੇ ਤੋਂ ਛੁਪਿਆ ਨਹੀਂ ਰਿਹਾ ਕਿ ਮਾਲੀਆ ਵਧਾਉਣ ਲਈ ਵਿਨਿਵੇਸ਼ ਦੇ ਨਾਲ ਹੀ ਭੂਮੀ ਦੇ ਮੌਦਰੀਕਰਨ ਨੂੰ ਲੈ ਕੇ ਵੀ ਸਾਡਾ ਪ੍ਰਦਰਸ਼ਨ ਬੇਹੱਦ ਖਰਾਬ ਰਿਹਾ ਹੈ। ਕੇਂਦਰ ਤੇ ਸੂਬਾ ਸਰਕਾਰਾਂ ਕੋਲ ਲੱਖਾਂ ਏਕੜ ਭੂਮੀ ਗੈਰ-ਉਤਪਾਦਕ ਪਈ ਹੋਈ ਹੈ ਜਿਸ ਦੀ ਕੀਮਤ ਦਾ ਅਨੁਮਾਨ ਲਗਾਉਣਾ ਵੀ ਮੁਸ਼ਕਲ ਹੈ। ਸਿਰਫ ਰੱਖਿਆ ਤੇ ਰੇਲ ਮੰਤਰਾਲੇ ਦੀ ਹੀ ਗੱਲ ਕਰੀਏ ਤਾਂ ਉਨ੍ਹਾਂ ਕੋਲ 15 ਤੋਂ 18 ਲੱਖ ਏਕੜ ਤੋਂ ਵੱਧ ਜਮੀਨ ਦਾ ਭੰਡਾਰ ਹੈ। ਇਸ ਜਮੀਨ ਦਾ ਇਕ ਚੰਗਾ-ਖਾਸਾ ਹਿੱਸਾ ਸ਼ਹਿਰੀ ਇਲਾਕਿਆਂ ਵਿਚ ਹੈ। ਇਸ ਗੈਰ-ਉਤਪਾਦਕ ਭੂਮੀ ਨੂੰ ਮੁਕਤ ਕਰਵਾ ਕੇ ਉਤਪਾਦਕ ਬਣਾਉਣ ਦੀ ਦਿਸ਼ਾ ਵਿਚ ਬਿਨਾਂ ਦੇਰੀ ਦੇ ਯਤਨ ਕਰਨੇ ਹੋਣਗੇ। ਇਹ ਵੀ ਅਣਡਿੱਠ ਨਹੀਂ ਕੀਤਾ ਜਾ ਸਕਦਾ ਕਿ ਨੇਤਾਵਾਂ ਅਤੇ ਨੌਕਰਸ਼ਾਹਾਂ ਦੇ ਆਵਾਸ ਦੀ ਵਿਵਸਥਾ ਬਸਤੀਵਾਦੀ ਕਾਲ ਦੀਆਂ ਵਿਸ਼ਾਲ ਸੰਪਤੀਆਂ 'ਤੇ ਹੈ। ਇਹ ਅਤੀਤ ਦਾ ਹੀ ਇਕ ਅਵਸ਼ੇਸ਼ ਹੈ। ਕਿਸੇ ਟੀਅਰ-2 ਸ਼ਹਿਰ ਵਿਚ ਇਕ ਜਿਲ੍ਹਾ ਕੁਲੈਕਟਰ ਦਾ ਸੌ ਕਰੋੜ ਰੁਪਏ ਦੇ ਬਸਤੀਵਾਦੀ ਕਾਲ ਦੇ ਬੰਗਲੇ ਵਿਚ ਰਹਿਣਾ ਤੇ ਗੈਰ-ਉਤਪਾਦਤ ਅਸਾਸੇ ਯਾਨੀ ਐੱਨਪੀਏ ਤੋਂ ਘੱਟ ਨਹੀਂ। ਇਸ ਨੂੰ ਦੇਖਦੇ ਹੋਏ ਪ੍ਰਸ਼ਾਸਕਾਂ ਨੂੰ ਆਧੁਨਿਕ ਬਹੁਮੰਜਿਲਾ ਪਰਿਸਰਾਂ ਵਿਚ ਰੱਖਣ ਦੇ ਉਪਾਅ ਨਾ ਸਿਰਫ ਕਿਫਾਇਤੀ ਬਲਕਿ ਕਮਰਸ਼ੀਅਲ ਇਸਤੇਮਾਲ, ਮਨੋਰੰਜਨ ਅਤੇ ਕਿਫਾਇਤੀ ਆਵਾਸ ਦੀ ਪੂਰਤੀ ਦੇ ਮਾਧਿਅਮ ਬਣਨਗੇ। ਇਸ ਨਾਲ ਰੱਖ-ਰਖਾਅ ਤੇ ਸੁਰੱਖਿਆ ਦੇ ਖਰਚਿਆਂ ਵਿਚ ਵੀ ਭਾਰੀ ਬੱਚਤ ਹੋਵੇਗੀ। ਰਾਸ਼ਟਰੀ ਭੂਮੀ ਮੁਦਰੀਕਰਨ ਨਿਗਮ



(ਐੱਨਐੱਲਐੱਮਸੀ) ਨੂੰ ਇਸ ਮਾੜੇ-ਮੋਟੇ ਬਦਲਾਅ ਦੀ ਦਿਸ਼ਾ ਵਿਚ ਕਦਮ ਅੱਗੇ ਵਧਾਉਣੇ ਹੀ ਚਾਹੀਦੇ ਹਨ। ਬੇਸ਼ੱਕ ਬੀਤੇ 12 ਸਾਲਾਂ ਵਿਚ ਸੜਕ, ਰੇਲ, ਹਵਾਈ ਸੰਪਰਕ ਅਤੇ ਬਿਜਲੀ ਉਤਪਾਦਨ ਵਰਗੇ ਬੁਨਿਆਦੀ ਢਾਂਚਿਆਂ ਵਿਚ ਜਬਰਦਸਤ ਪ੍ਰਗਤੀ ਹੋਈ ਹੈ। ਫਿਰ ਵੀ, ਇਸ ਨੂੰ ਹੋਰ ਚਾਰ ਗੁਣਾ ਵਧਾਉਣ ਦੀ ਜਰੂਰਤ ਹੈ, ਜਿੱਥੇ ਪੂੰਜੀ ਨੂੰ ਉਤਪਾਦਕ ਗਤੀਵਿਧੀਆਂ ਵਿਚ ਲਗਾਉਣ ਦੇ ਮੌਕੇ ਮੌਜੂਦ ਹਨ। ਇਸ ਲੜੀ ਵਿਚ ਭੂਮੀ, ਕਿਰਤ ਤੇ ਪੂੰਜੀ ਨਾਲ ਜੁੜੇ ਅਗਲੀ ਪੀੜ੍ਹੀ ਦੇ ਸੁਧਾਰ ਉਡੀਕੇ ਜਾ ਰਹੇ ਹਨ। ਇਹ ਵੀ ਚੇਤੇ ਰਹੇ ਕਿ ਕਾਰੋਬਾਰੀ ਸਰਲਤਾ ਅਤੇ ਜੀਵਨ ਦੀ ਸੁਗਮਤਾ ਬੇਹੱਦ ਜਰੂਰੀ ਹਨ। ਇਸ ਲਈ ਸਵੱਛਤਾ ਦੇ ਪੱਧਰ, ਸ਼ਹਿਰੀ ਯੋਜਨਾਬੰਦੀ ਤੇ ਲੋਕਲ ਬਾਡੀਜ ਦੇ ਸ਼ਾਸਨ ਵਿਚ ਠੋਸ ਸੁਧਾਰ ਸਮਾਜਿਕ-ਆਰਥਿਕ ਮਾਹੌਲ ਲਈ ਜਰੂਰੀ ਹੀ ਨਹੀਂ, ਲਾਜਮੀ ਹਨ। ਸੰਰਚਨਾਤਮਕ ਨਿਆਇਕ ਸੁਧਾਰ ਕਿਸੇ ਵੱਡੇ ਨਿਵੇਸ਼ਕ ਸੰਮੇਲਨ ਦੀ ਤੁਲਨਾ ਵਿਚ ਉੱਦਮੀਅਤਾ ਦੀ ਭਾਵਨਾ ਨੂੰ ਕਿਤੇ ਜਿਆਦਾ ਵਧਾਉਣ ਦਾ ਕੰਮ ਕਰਨਗੇ। ਇਸ ਨਾਲ ਹਰ ਪੱਧਰ 'ਤੇ ਨਿਵੇਸ਼ ਨੂੰ ਮਜਬੂਤੀ ਮਿਲੇਗੀ। ਭਾਰਤੀ ਬਾਜਾਰ ਦੇ ਬਫੇਟ ਸੰਕੇਤਕ ਯਾਨੀ ਜੀਡੀਪੀ ਦੇ ਅਨੁਪਾਤ ਵਿਚ ਸਮੁੱਚਾ ਸ਼ੇਅਰ ਬਾਜਾਰ ਪੂੰਜੀਕਰਨ ਪੈਮਾਨੇ ਨੂੰ ਦੇਖੀਏ ਤਾਂ ਕਈ ਵਿਕਸਤ ਤੇ ਤੁਲਨਾਤਮਕ ਅਰਥਚਾਰਿਆਂ ਦੇ ਅੱਗੇ ਭਾਰਤ ਕਿਤੇ ਬਿਹਤਰ ਸਥਿਤੀ ਵਿਚ ਹੈ ਪਰ ਬੀਤੇ ਡੇਢ ਸਾਲ ਤੋਂ ਵਿਦੇਸ਼ੀ ਨਿਵੇਸ਼ਕਾਂ ਦੀ ਬਿਕਵਾਲੀ 'ਤੇ ਵਿਰਾਮ ਨਹੀਂ ਲੱਗ ਪਾ ਰਿਹਾ ਹੈ।

ਇਸ ਦਿਸ਼ਾ ਵਿਚ ਕੁਝ ਉਪਾਵਾਂ ਜਿਵੇਂ ਕਿ ਸੀਮਾਂਤ ਦਰਾਂ 'ਤੇ ਲਾਭਾਂਸ਼ ਕਰਾਧਾਨ (ਡਿਵੀਡੈਂਡ ਟੈਕਸ) ਅਤੇ ਲੰਬੇ ਸਮੇਂ ਦੇ ਪੂੰਜੀਗਤ ਲਾਭ ਟੈਕਸ (ਐੱਲਟੀਸੀਜੀ) ਨਾਲ ਇੰਡੈਕਸੇਸ਼ਨ ਨੂੰ ਵਾਪਸ ਲੈਣ 'ਤੇ ਪੁਨਰ-ਵਿਚਾਰ ਕੀਤਾ ਜਾ ਸਕਦਾ ਹੈ। ਇਸ ਦਾ ਮਕਸਦ ਭਾਰਤੀ ਇਕੁਇਟੀ ਬਾਜਾਰਾਂ ਨੂੰ ਜਿਆਦਾ ਆਕਰਸ਼ਕ ਬਣਾਉਣਾ ਹੈ। ਇਹ ਇਕ ਸੁਭਾਵਕ ਪ੍ਰਵਿਰਤੀ ਹੁੰਦੀ ਹੈ ਕਿ ਖੁਦ ਨੂੰ ਜਿਆਦਾ ਖੁਸ਼ਹਾਲ ਮਹਿਸੂਸ ਕਰਨ 'ਤੇ ਹੀ ਨਿਵੇਸ਼ਕ ਜਿਆਦਾ ਉਪਭੋਗ ਵੱਲ ਮੁੜਦੇ ਹਨ। ਥਾਵਾਂ ਦੀ ਵੰਨ-ਸੁਵੰਨਤਾ ਅਤੇ ਵਿਆਪਕਤਾ ਨੂੰ ਦੇਖਦੇ ਹੋਏ ਸੈਰ-ਸਪਾਟਾ ਇਕ ਦਮਦਾਰ ਆਰਥਿਕ ਇੰਜਨ ਬਣਨ ਦੀ ਸਮਰੱਥਾ ਰੱਖਦਾ ਹੈ ਪਰ ਕੌਮਾਂਤਰੀ ਸੈਲਾਨੀਆਂ ਦੇ ਆਗਮਨ ਵਿਚ ਭਾਰਤ ਦਾ ਹਿੱਸਾ ਮਹਿਜ ਇਕ ਪ੍ਰਤੀਸ਼ਤ 'ਤੇ ਅਟਕਿਆ ਹੋਇਆ ਹੈ। ਰੁਜਗਾਰ ਆਧਾਰਤ ਵਿਕਾਸ ਦੀ ਦ੍ਰਿਸ਼ਟੀ ਨਾਲ ਇਹ ਖੇਤਰ ਬੇਜੋੜ ਹਨ ਜਿੱਥੇ ਹਰੇਕ 10 ਲੱਖ ਰੁਪਏ ਦਾ ਨਿਵੇਸ਼ ਔਸਤਨ 45 ਨੌਕਰੀਆਂ ਸਿਰਜਦਾ ਹੈ ਜੋ ਵਿਨਿਰਮਾਣ ਦੀ ਤੁਲਨਾ ਵਿਚ ਤਿੰਨ ਗੁਣਾ ਅਤੇ ਬੁਨਿਆਦੀ ਢਾਂਚੇ ਦੀ ਤੁਲਨਾ ਵਿਚ ਛੇ ਗੁਣਾ ਜਿਆਦਾ ਹੈ। ਨਾਗਰਿਕਾਂ ਤੇ ਵਿਦੇਸ਼ੀ ਸੈਰ-ਸਪਾਟੇ 'ਤੇ ਸੰਜਮ ਦੀ ਅਪੀਲ ਵਿਚ ਭਾਵੇਂ ਹੀ ਕਿੰਨੀ ਹੀ ਚੰਗੀ ਮਨਸ਼ਾ ਕਿਉਂ ਨਾ ਮੌਜੂਦ ਹੋਵੇ ਪਰ ਘਰੇਲੂ ਸੈਰ-ਸਪਾਟੇ ਨੂੰ ਆਕਰਸ਼ਕ ਬਣਾਉਣਾ ਕਿਤੇ ਜਿਆਦਾ ਅਸਰਦਾਰ ਹੋਵੇਗਾ। ਇਸ ਨਾਲ ਭਾਰੀ ਵਿਦੇਸ਼ੀ ਸੈਲਾਨੀ ਘਾਟੇ ਨੂੰ ਘੱਟ ਕਰਨ ਵਿਚ ਵੀ ਮਦਦ ਮਿਲੇਗੀ ਜਿਸ 'ਤੇ ਭਾਰਤੀ ਸਾਲਾਨਾ 15 ਤੋਂ 20 ਅਰਬ ਡਾਲਰ ਖਰਚ ਕਰਦੇ ਹਨ।

ਇਸ ਲੜੀ ਵਿਚ ਸਿੱਖਿਆ ਸੰਭਵ ਤੌਰ 'ਤੇ ਸਭ ਤੋਂ ਵੱਡਾ ਪਰਿਵਰਤਨਕਾਰੀ ਕਾਰਕ ਹੈ। ਸਾਨੂੰ ਤਤਕਾਲ ਮੰਗ ਅਤੇ ਸਪਲਾਈ ਦੇ ਗੰਭੀਰ ਅਸੰਤੁਲਨ ਨੂੰ ਦੂਰ ਕਰਨ, ਗੁਣਵੱਤਾਪੂਰਨ ਸਕੂਲੀ ਸਿੱਖਿਆ ਵਿਚ ਨਿਵੇਸ਼ ਕਰਨ ਅਤੇ ਉੱਚ ਸਿੱਖਿਆ ਵਿਚ ਸੀਟਾਂ ਦੇ ਵਿਸਥਾਰ ਦੀ ਜਰੂਰਤ ਹੈ। ਰਾਸ਼ਟਰੀ ਪ੍ਰੀਖਿਆ ਏਜੰਸੀ (ਐੱਨਟੀਏ) ਦੀ ਕਾਰਜਪ੍ਰਣਾਲੀ ਵਿਚ ਕਮੀਆਂ ਅਤੇ ਵੱਡੇ ਪੈਮਾਨੇ 'ਤੇ ਪੇਪਰ ਲੀਕ ਨੂੰ ਲੈ ਕੇ ਸੰਸਥਾਗਤ ਭਰੋਸੇਯੋਗਤਾ ਬਹਾਲ ਕਰਨ ਲਈ ਉਪਰਾਲੇ ਕਰਨੇ ਹੋਣਗੇ। ਵਿਦੇਸ਼ੀ ਵਿਦਿਆਰਥੀਆਂ ਨੂੰ ਆਕਰਸ਼ਿਤ ਕਰਨ ਲਈ ਜਿੱਥੇ ਮੁੱਲਵਾਨ ਵਿਦੇਸ਼ੀ ਕਰੰਸੀ ਜਮ੍ਹਾ ਹੁੰਦੀ ਹੈ, ਓਥੇ ਹੀ ਭਾਰਤੀ ਵਿਦਿਆਰਥੀਆਂ ਨੂੰ ਦੇਸ਼ ਵਿਚ ਹੀ ਰੋਕਣ ਨਾਲ ਪ੍ਰਤਿਭਾ ਤੇ ਪੂੰਜੀ ਦੇ ਪਲਾਇਨ 'ਤੇ ਰੋਕ ਲੱਗਦੀ ਹੈ। ਬਹੁ-ਪ੍ਰਚਾਰਿਤ ਜਨਸੰਖਿਆ ਲਾਭਾਂਸ਼ ਤਦ ਹੀ ਬਿਹਤਰ ਨਤੀਜੇ ਦੇਵੇਗਾ ਜਦ ਇਸ ਨੂੰ ਗੁਣਵੱਤਾਪੂਰਨ ਸਿੱਖਿਆ ਦੁਆਰਾ ਇਸਤੇਮਾਲ ਵਿਚ ਲਿਆਂਦਾ ਜਾਵੇਗਾ। ਸਿਹਤ ਸੇਵਾਵਾਂ ਦੇ ਨਾਲ ਹੀ ਇਹ ਕਿਸੇ ਵੀ ਵਿਕਸਤ ਸਮਾਜ ਲਈ ਇਕ ਲਾਜਮੀ ਸ਼ਰਤ ਹੈ। ਇਹ ਸਾਰੇ ਉਪਾਅ ਸਹਿਕਾਰੀ ਸੰਘਵਾਦ ਨਾਲ ਹੀ ਸੰਭਵ ਹੋ ਸਕਦੇ ਹਨ। ਕੇਂਦਰ ਤੇ ਲਗਪਗ 70 ਪ੍ਰਤੀਸ਼ਤ ਰਾਜਾਂ ਵਿਚ ਇਕ ਹੀ ਪਾਰਟੀ ਜਾਂ ਗੱਠਜੋੜ ਵਾਲੀ ਸ਼ਾਸਨ ਵਿਵਸਥਾ ਦੇ ਦੌਰ ਵਿਚ ਇਸ ਦੇ ਲਈ ਜਰੂਰੀ ਢਾਂਚਗਤ ਪਰਿਵਰਤਨ ਵਿਚ ਕੋਈ ਵਿਚਾਰਕ ਜਾਂ ਪ੍ਰਕਿਰਿਆਤਮਕ ਅੜਿੱਕਾ ਨਹੀਂ ਪੈਣਾ ਚਾਹੀਦਾ। ਪ੍ਰਧਾਨ ਮੰਤਰੀ ਨੇ ਸਹੀ ਕਿਹਾ ਕਿ 2020 ਦਾ ਦਹਾਕਾ ਅੜਿੱਕਿਆਂ ਨਾਲ ਭਰਿਆ ਰਿਹਾ ਹੈ। ਇਸ ਦੀ ਸ਼ੁਰੂਆਤ ਮਹਾਮਾਰੀ ਦੇ ਨਾਲ ਹੋਈ। ਉਸ ਤੋਂ ਬਾਅਦ ਤੋਂ ਕਈ ਹਥਿਆਰਬੰਦ ਆਲਮੀ ਸੰਘਰਸ਼ ਜਾਰੀ ਹਨ। ਇਸੇ ਦੌਰਾਨ ਹਿਫਾਜਤਵਾਦੀ ਬਿਰਤੀ ਦੀ ਵਾਪਸੀ ਨੇ ਕਾਫੀ ਸਮੇਂ ਤੋਂ ਕਾਇਮ ਪੁਰਾਣੀ ਵਿਵਸਥਾ ਨੂੰ ਉਲਟ ਦਿੱਤਾ। ਕਹਿੰਦੇ ਹਨ ਕਿ ਹਰ ਸੰਕਟ ਵਿਚ ਇਕ ਮੌਕਾ ਲੁਕਿਆ ਹੁੰਦਾ ਹੈ ਤਾਂ ਕੀ ਇਹ ਇਤਿਹਾਸਕ ਪੜਾਅ ਬਦਲਾਅ ਦੀ ਅੱਗ ਨੂੰ ਭਾਂਬੜਾਂ ਦੇ ਰੂਪ ਵਿਚ ਬਦਲ ਸਕਦਾ ਹੈ? ਮਾੜੇ-ਮੋਟੇ ਸੁਧਾਰਾਂ ਅਤੇ ਸੀਮਤ ਗਤੀ ਵਾਲੀ ਤਰੱਕੀ ਦਾ ਦੌਰ ਹੁਣ ਬੀਤ ਚੁੱਕਾ ਹੈ। ਹੁਣ ਵਿਆਪਕ ਸੁਧਾਰ ਕਰਨ, ਸਮਰੱਥ ਪ੍ਰਦਰਸ਼ਨ ਅਤੇ ਡੂੰਘੇ ਰੂਪਾਂਤਰਨ ਦਾ ਸਮਾਂ ਹੈ।

ਤਰੁਣ ਗੁਪਤ


ਦਾ ਪੰਜਾਬ ਹੈਰਲਡ

ਵਿਚ ਕਿਸੇ ਵੀ ਤਰ੍ਹਾਂ ਦੀਆਂ ਖਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਹੇਠ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ 20 ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ। ਸੰਪਰਕ 0437641033

ਜੇਕਰ ਕਿਸੇ ਨੇ ਇਸ਼ਤਿਹਾਰ ਛਪਵਾਉਣਾ ਬੰਦ ਕਰਾਉਣਾ ਹੋਵੇ ਤਾਂ ਉਹ ਮਹੀਨੇ ਦੀ 20 ਤਾਰੀਖ ਤੋਂ ਪਹਿਲਾਂ ਪਹਿਲਾਂ ਸਾਨੂੰ ਸੂਚਿਤ ਕਰੇ।

If somebody wishes to discontinue the advertisement, then please intimate us by calling 0437641033 before 20th every month.

thepunjabherald1@gmail.com

# ਆਪਣੇ ਭਾਜੀ ਮਲਵਿੰਦਰਜੀਤ ਸਿੰਘ ਵੜੈਚ ਨੂੰ ਯਾਦ ਕਰਦਿਆਂ

## ਭਾਗ 1: ਸ਼ਹੀਦ ਹਰਨਾਮ ਸਿੰਘ ਸਿਆਲਕੋਟੀ ਦੇ ਵਾਰਸਾਂ ਨੂੰ ਲੱਭਣਾ

ਇਸ ਸਮੇਂ ਦੌਰਾਨ ਮੇਰੀਆਂ ਨਿੱਜੀ ਕਮਜੋਰੀਆਂ ਕਾਰਨ, ਮੈਂ ਜਲਦੀ ਇਸ ਖੋਜ ਦਾ ਕੰਮ ਛੇਤੀ ਸੁਰੂ ਨਾ ਕਰ ਸਕਿਆ, ਤੋਂ ਅੱਗੇ...........

ਜਦੋਂ ਮੈਂ ਸਹੀਦ ਹਰਨਾਮ ਸਿੰਘ ਸਿਆਲਕੋਟੀ ਬਾਰੇ ਜਾਣਕਾਰੀ ਇਕੱਠਾ ਕਰਨ ਲਈ ਸਰਦਾਰ ਪਿਆਰਾ ਸਿੰਘ ਭੱਟੀ ਗੁਰਾਇਆ ਵਾਲਿਆਂ ਕੋਲ ਪਿੰਡ ਸੇਖਵਾਂ ਵਿੱਚ ਗਿਆ, ਤਾਂ ਉਹ ਪਿੰਡੋਂ ਬਾਹਰ ਆਪਣੇ ਟਿਊਬਵੈਲ ਤੇ ਕੰਮ ਕਰ ਰਹੇ ਸਨ। ਪੰਜਾਬੀ ਪੇਂਡੂ ਪਰੰਪਰਾ ਅਨੁਸਾਰ ਉਹਨਾਂ ਮੇਰੀ ਆਓ ਭਗਤ ਤਾਂ ਬਹੁਤ ਕੀਤੀ, ਪਰ ਉਹਨਾਂ ਕੋਲ ਸਹੀਦ ਦੇ ਪਰਿਵਾਰ ਬਾਰੇ ਕੋਈ ਵਿਸੇਸ ਜਾਣਕਾਰੀ ਨਹੀਂ ਸੀ। ਉਹਨਾਂ ਨੇ ਕੇਵਲ ਏਨਾ ਹੀ ਦੱਸਿਆ ਕਿ, "ਪਾਕਿਸਤਾਨ ਤੋਂ ਆ ਕੇ ਸਹੀਦ ਹਰਨਾਮ ਸਿੰਘ ਸਿਆਲਕੋਟੀ ਦੇ ਛੋਟੇ ਭਰਾ ਸਰਦਾਰ ਸੋਹਣ ਸਿੰਘ ਦਾ ਪਰਿਵਾਰ ਪਿੰਡ ਸੇਖਵਾਂ ਵਿਖੇ ਪੱਕੀ ਅਲਾਟਮੈਂਟ ਤੇ ਆਇਆ ਸੀ, ਪਰ 1978 ਵਿੱਚ ਉਹਨਾਂ ਦੇ ਵੱਡੇ ਲੜਕੇ ਸ੍ਰ ਚੰਨਣ ਸਿੰਘ ਬਾਰੇ ਇਹ ਅਫਵਾਹ ਫੈਲ ਗਈ ਕਿ ਉਹ ਨਿਰੰਕਾਰੀ ਹਨ। ਸੋ, ਆਪਣੀ ਜਾਨ ਬਚਾਉਣ ਖਾਤਰ, ਉਹ ਸਾਰਾ ਪਰਿਵਾਰ ਰਾਤੋ ਰਾਤ ਪਿੰਡ ਛੱਡ ਗਏ ਅਤੇ ਜਮੀਨ ਆਪਣੇ ਗੁਆਂਢੀ ਸ੍ਰ ਕਰਨੈਲ ਸਿੰਘ ਸਾਹ ਨੂੰ ਵੇਚ ਗਏ ਸਨ। ਹੁਣ ਪੱਕੇ ਤੌਰ ਤੇ ਉਹ ਕਿੱਥੇ ਰਹਿੰਦੇ ਹਨ? ਇਹਦੇ ਬਾਰੇ ਮੈਨੂੰ ਬਹੁਤਾ ਪੱਕਾ ਪਤਾ ਨਹੀਂ, ਪਰ ਮੈਂ ਐਨਾ ਕੁ ਸੁਣਿਆ ਹੈ ਕਿ ਦੀਨਾਨਗਰ- ਪਠਾਨਕੋਟ ਵਾਲੇ ਪਾਸੇ ਜਮੀਨ ਖਰੀਦ ਕੇ ਉਹ ਉੱਥੇ ਰਹਿ ਰਹੇ ਹਨ। ਕਬੀਲਦਾਰੀਆਂ ਵਧਣ ਕਰਕੇ ਬਹੁਤਾ ਆਪਸ ਵਿੱਚ ਮਿਲਿਆ ਵੀ ਨਹੀਂ ਜਾਂਦਾ, ਪਰ ਮੇਰੇ ਤੋਂ ਛੋਟਾ ਭਰਾ ਸ਼ਿੰਗਾਰਾ ਸਿੰਘ ਹੈ, ਜੋ ਅੱਜ ਕੱਲ ਬਟਾਲਾ ਜਲੰਧਰ ਰੋਡ ਉਪਰ ਅੱਚਲ ਸਾਹਿਬ ਲਾਗੇ ਜਮੀਨ ਖਰੀਦ ਕੇ, ਮੇਰੇ ਦੂਜੇ ਭਰਾਵਾਂ ਨਾਲ ਹੀ ਰਹਿ ਰਿਹਾ ਹੈ, ਉਹ ਇਸ ਪਰਿਵਾਰ ਨੂੰ ਦੀਨਾ ਨਗਰ ਜਾ ਕੇ ਮਿਲਦਾ ਰਹਿੰਦਾ ਹੈ। ਉਸ ਨੂੰ ਮਿਲ ਕੇ ਇਸ ਪਰਿਵਾਰ ਦੇ ਥਹੁ ਟਿਕਾਣੇ ਬਾਰੇ ਕੋਈ ਜਾਣਕਾਰੀ ਮਿਲ ਸਕਦੀ ਹੈ।"

ਸੋ ਉਹਨਾਂ ਤੋਂ ਮਿਲੀ ਜਾਣਕਾਰੀ ਦੇ ਅਧਾਰ ਤੇ ਮੈਂ ਬਟਾਲਾ ਜਲੰਧਰ ਰੋਡ ਪਹੁੰਚ ਕੇ ਅੱਚਲ ਸਾਹਿਬ ਲਾਗੇ ਸ੍ਰ ਸ਼ਿੰਗਾਰਾ ਸਿੰਘ ਦਾ ਡੇਰਾ ਲੱਭਿਆ ਅਤੇ ਉਹਨਾਂ ਨੂੰ ਜਾ ਮਿਲਿਆ। ਸ੍ਰ ਸ਼ਿੰਗਾਰਾ ਸਿੰਘ ਵਿਆਹਿਆ ਹੋਇਆ ਨਹੀਂ ਸੀ ਅਤੇ ਇਥੇ ਉਹ ਆਪਣੇ ਭਰਾਵਾਂ ਦੇ ਨਾਲ ਹੀ ਰਹਿ ਰਿਹਾ ਸੀ। ਉਸ ਨੂੰ ਸ੍ਰ ਸੋਹਣ ਸਿੰਘ ਦੇ ਪਰਿਵਾਰ ਦੇ ਥਹੁ ਟਿਕਾਣੇ ਬਾਰੇ ਪੂਰੀ ਜਾਣਕਾਰੀ ਸੀ ਅਤੇ ਛੜਾ ਛਾਂਟ ਹੋਣ ਕਰਕੇ ਉਹਨਾਂ ਦੇ ਪਰਿਵਾਰਾਂ ਕੋਲ ਅਕਸਰ ਆਉਂਦਾ ਜਾਂਦਾ ਰਹਿੰਦਾ ਸੀ। ਉਸਨੇ ਮੈਨੂੰ ਦੱਸਿਆ ਕਿ ਇਹਨਾਂ ਤਿੰਨ ਭਰਾਵਾਂ ਵਿੱਚੋਂ ਕੇਵਲ ਕਿਰਪਾਲ ਸਿੰਘ ਹੀ ਜਿਉਂਦਾ ਹੈ ਅਤੇ ਸਰਨੇ ਸਟੇਸਨ ਲਾਗੇ ਪਿੰਡ ਰਾਜਪੂਰਾਰੇ ਹੀ ਰਹਿ ਰਿਹਾ ਹੈ। ਸ੍ਰ ਸ਼ਿੰਗਾਰਾ ਸਿੰਘ ਨੇ ਮੈਨੂੰ ਇਹ ਵੀ ਦੱਸਿਆ ਕਿ ਚੰਨਣ ਸਿੰਘ ਨਿਰੰਕਾਰੀ ਸੀ ਅਤੇ 1978 ਵਿੱਚ ਉਹ ਡਰਦਾ ਮਾਰਾ ਇਹ ਪਿੰਡ ਸੇਖਵਾਂ ਤੋਂ ਆਪਣੀ ਜਮੀਨ ਹੀ ਵੇਚ ਗਏ ਸਨ। ਚੰਨਣ ਸਿੰਘ ਦਾ ਪਰਿਵਾਰ ਤਾਂ ਦੀਨਾਨਗਰ ਲਾਗੇ ਵੱਸ ਗਿਆ, ਪਰ ਇਹ ਦੋਵੇਂ ਭਰਾ ਸਵਰਨ ਸਿੰਘ ਅਤੇ ਕਿਰਪਾਲ ਸਿੰਘ ਸਰਨੇ ਲਾਗੇ ਪਿੰਡ ਰਾਜਪੂਰੇ ਜਾ ਵਸੇ। ਸੇਖਵਾਂ ਵਿਚਲੀ ਇਹ ਜਮੀਨ ਵੀ ਇਹ ਆਪਣੇ ਗੁਆਂਢੀ ਕਰਨੈਲ ਸਿੰਘ ਸਾਹ ਨੂੰ ਵੇਚ ਗਏ। ਉਥੇ ਜਾ ਕੇ ਇਹ ਵੀ ਪਤਾ ਲੱਗਾ ਕਿ ਚੰਨਣ ਸਿੰਘ ਦਰਅਸਲ ਕੋਈ ਨਿਰੰਕਾਰੀ ਨਹੀਂ ਸੀ, ਸਗੋਂ ਡੇਰੇ ਵਡਭਾਗ ਸਿੰਘ ਜਾਂਦਾ ਹੁੰਦਾ ਸੀ ਅਤੇ ਡੋਲੀਆਂ ਖਿਡਾਉਂਦਾ ਹੁੰਦਾ ਸੀ। ਕਰਨੈਲ ਸਿੰਘ ਸਾਹ ਨੂੰ ਇਹਨਾਂ ਦੀ ਜਮੀਨ ਨਾਲ ਲੱਗਦੀ ਸੀ। ਸੋ, ਉਸ ਨੇ ਇਹਨਾਂ ਨੂੰ ਨਿਰੰਕਾਰੀਆਂ ਦਾ ਡਰ ਪਾ ਕੇ, ਇਹਨਾਂ ਦੀ ਜਮੀਨ ਰਾਤੋ ਰਾਤ ਖਰੀਦ ਲਈ ਸੀ। ਸ੍ਰ ਕਿਰਪਾਲ ਸਿੰਘ ਹੋਰੀਂ ਸਾਡੇ ਵਿੱਚੋਂ ਹੀ ਹਨ। ਸ੍ਰ ਕਿਰਪਾਲ ਸਿੰਘ ਹੋਰਾਂ ਦੇ ਦਾਦਾ ਜੀ ਅਤੇ ਸਾਡੇ ਦਾਦਾ ਜੀ, ਚਾਚੇ ਤਾਏ ਦੇ ਪੁੱਤ ਭਰਾ ਸਨ। ਸਰਦਾਰ ਪਿਆਰਾ ਸਿੰਘ ਅਤੇ ਸਰਦਾਰ ਸ਼ਿੰਗਾਰਾ ਸਿੰਘ ਦੀਆਂ ਗੱਲਾਂ ਬਾਤਾਂ ਵਿੱਚ ਇਸ ਪਰਿਵਾਰ ਨਾਲ ਇਹਨਾਂ ਦੀ ਅਪਣੱਤ ਕਾਫੀ ਝਲਕ ਰਹੀ ਸੀ। ਸਰਦਾਰ ਸ਼ਿੰਗਾਰਾ ਸਿੰਘ ਤਾਂ ਮੇਰੇ ਨਾਲ ਇਹਨਾਂ ਕੋਲ ਜਾਣ ਨੂੰ ਵੀ ਤਿਆਰ ਹੋ ਗਿਆ, ਪਰ ਮੈਂ ਆਪਣੇ ਰੁਝੇਵਿਆਂ ਕਾਰਨ ਇਸ ਪਰਿਵਾਰ ਨੂੰ ਮਿਲਣ ਜਾਣ ਲੱਗਿਆਂ ਸਰਦਾਰ ਸ਼ਿੰਗਾਰਾ ਸਿੰਘ ਨਾਲ ਠੀਕ ਤਾਲਮੇਲ ਨਾ ਰੱਖ ਸਕਿਆ।

ਸਰਦਾਰ ਕਿਰਪਾਲ ਸਿੰਘ ਹੋਰਾਂ ਨੂੰ ਲੱਭਣ ਵਿੱਚ ਵੀ ਮੈਨੂੰ ਬੜੀ ਮੁਸਕਿਲ ਆਈ, ਪਰ ਸਰਦਾਰ ਸ਼ਿੰਗਾਰਾ ਸਿੰਘ ਵੱਲੋਂ ਦੱਸੇ ਟਿਕਾਣੇ ਅਨੁਸਾਰ ਆਖਰਕਾਰ ਵੱਖ ਵੱਖ ਥਾਵਾਂ ਤੋਂ ਮਿਲੀ ਜਾਣਕਾਰੀ ਦੇ ਆਧਾਰ ਤੇ ਮਿਤੀ 23-4-2001 ਨੂੰ ਪਠਾਨਕੋਟ ਦੇ ਨਜਦੀਕ ਸਰਨੇ ਸਟੇਸਨ ਲਾਗੇ ਪਿੰਡ ਰਾਜਪੂਰਾਰੇ ਵਿਖੇ ਸਹੀਦ ਹਰਨਾਮ ਸਿੰਘ ਦੇ ਸੱਕੇ ਤਿੰਨ ਭਤੀਜਿਆਂ ਵਿੱਚੋਂ ਇੱਕ ਜਿਉਂਦੇ ਬਚੇ ਭਤੀਜੇ ਰਿਟਾਇਰਡ ਸੂਬੇਦਾਰ ਕਿਰਪਾਲ ਸਿੰਘ ਨੂੰ ਲੱਭਣ ਵਿੱਚ ਮੈਨੂੰ ਕਾਮਯਾਬੀ ਮਿਲ ਗਈ। 8 ਮਾਰਚ 1946 ਨੂੰ ਜਨਮੇ ਅਤੇ 31 ਮਾਰਚ 1989 ਨੂੰ ਫੌਜ ਵਿੱਚੋਂ ਸੂਬੇਦਾਰੀ ਪੈਨਸਨ ਲੈ ਕੇ ਆਉਣ ਵਾਲਾ ਸਹੀਦ ਹਰਨਾਮ ਸਿੰਘ ਸਿਆਲਕੋਟ ਦਾ ਭਤੀਜਾ ਕਿਰਪਾਲ ਸਿੰਘ ਇਸ ਸਮੇਂ ਪਿੰਡ ਰਾਜਪੁਰਾਰਾ ਡਾਕਖਾਨਾ ਸਰਨਾ ਸਟੇਸਨ ਵਾਲਾ ਤਹਿਸੀਲ ਤੇ ਜਿਲਾ ਪਠਾਨਕੋਟ ਅੰਦਰ ਆਪਣੀ ਜਮੀਨ ਵਿਚ ਹੀ ਮਕਾਨ ਬਣਾ ਕੇ ਰਹਿ ਰਿਹਾ ਹੈ। ਉਹਨਾਂ ਨੂੰ ਮਿਲ ਕੇ ਪਤਾ ਲੱਗਾ ਕਿ ਉਸ ਸਮੇਂ ਤੱਕ "ਕਿਸੇ ਵੀ ਸਰਕਾਰੀ ਜਾਂ ਗੈਰ ਸਰਕਾਰੀ ਅਦਾਰੇ ਨੇ, ਉਹਨਾਂ ਕੋਲ ਪਹੁੰਚਣ ਦੀ ਕੋਈ ਖੇਚਲ ਨਹੀਂ ਕੀਤੀ। ਕੇਵਲ ਉਹਨਾਂ ਦੇ ਹੀ ਆਪਣੇ ਪਿਛਲੇ ਪਿੰਡ ਭੱਟੀ ਗੁਰਾਇਆ ਦੇ ਇੱਕ ਵਾਸੀ ਕਾਮਰੇਡ ਗੁਰਦਿਆਲ ਸਿੰਘ ਨੇ 1963 ਵਿੱਚ ਦੇਸ ਭਗਤ ਯਾਦਗਾਰ ਹਾਲ ਜਲੰਧਰ ਵਿਚ ਜਾ ਕੇ ਕੋਈ ਯਤਨ ਕੀਤਾ ਸੀ। ਪਰ ਦੇਸ ਭਗਤ ਯਾਦਗਾਰ ਹਾਲ ਜਲੰਧਰ ਵਾਲਿਆਂ ਨੇ ਵੀ ਕੋਈ ਹਿੰਮਤ ਨਹੀਂ ਸੀ ਕੀਤੀ ਅਤੇ ਨਾ ਹੀ ਇਸ ਪੱਖ ਤੋਂ ਕੋਈ ਕਾਮਯਾਬੀ ਹੋਈ ਸੀ।" ਇਹ ਸੁਣ ਕੇ ਮੈਨੂੰ ਬੜਾ ਦੁੱਖ ਹੋਇਆ। ਉਹਨਾਂ ਨੇ ਮੈਨੂੰ ਇਹ ਵੀ ਦੱਸਿਆ ਕਿ "1963-64 ਵਿੱਚ ਪਤਾ ਲੱਗਾ ਸੀ ਕਿ ਜਲੰਧਰ ਵਿੱਚ ਦੇਸ ਭਗਤ ਯਾਦਗਾਰ ਕਮੇਟੀ ਵਾਲੇ ਦੇਸ ਭਗਤਾਂ ਸਬੰਧੀ ਕੁਝ ਕਰਨ ਲੱਗੇ ਹਨ। ਅਸਾਂ ਉਸ ਸਮੇਂ ਉਥੋਂ ਗਦਰ ਪਾਰਟੀ ਸਬੰਧੀ ਇੱਕ ਕਿਤਾਬ ਖਰੀਦੀ ਸੀ। ਇਸ ਕਿਤਾਬ ਵਿੱਚ ਆਪਣੇ ਤਾਇਆ ਜੀ ਹਰਨਾਮ ਸਿੰਘ ਦਾ ਨਾਂ ਛਪਿਆ ਪੜ੍ਹ ਕੇ ਮੈਨੂੰ ਖੁਸੀ ਹੋਈ ਸੀ ਕਿ, ਸਾਡੇ ਖਾਨਦਾਨ ਵਿੱਚ ਵੀ ਕੋਈ





ਐਸਾ ਆਦਮੀ ਹੋਇਆ ਹੈ, ਜੋ ਦੇਸ ਲਈ ਫਾਂਸੀ ਚੜ੍ਹਿਆ ਹੈ। ਸਾਡੇ ਪਾਕਿਸਤਾਨ ਵਾਲੇ ਪਿਛਲੇ ਭੱਟੀ ਗੁਰਾਇਆ ਪਿੰਡ ਵਾਲੇ ਬਹੁਤੇ ਲੋਕ ਕਸਬਾ ਦੀਨਾਨਗਰ ਦੇ ਨੇੜੇ ਪਿੰਡ ਕੱਤੋਵਾਲ ਵਿੱਚ ਬੈਠੇ ਹੋਏ ਹਨ। ਪਰ ਸਾਡੇ ਵੱਡੇ ਕੱਚੀ ਅਲਾਟਮੈਂਟ ਮੌਕੇ ਪਿੰਡ ਯਾਦਪੁਰ ਸੇਖਵਾਂ, ਜਿਲਾ ਗੁਰਦਾਸਪੁਰ ਰਹੇ ਹਾਂ ਅਤੇ ਉਸ ਤੋਂ ਬਾਅਦ ਪੱਕੀ ਅਲਾਟਮੈਂਟ ਹੋਣ ਤੋਂ ਬਾਅਦ ਜਥੇਦਾਰ ਉਜਾਗਰ ਸਿੰਘ ਸੇਖਵਾਂ ਵਾਲੇ ਪਿੰਡ ਸੇਖਵਾਂ ਵਿੱਚ ਵਸ ਗਏ ਸਾਂ।"

ਉਹਨਾਂ ਕਿਹਾ ਕਿ "ਮੈਨੂੰ ਤਾਂ ਆਪਣੀ ਤਾਇਆ ਜੀ ਬਾਰੇ ਜਾਣਕਾਰੀ ਘੱਟ ਹੈ, ਪਰ ਮੇਰੇ ਪਿਤਾ ਜੀ ਸ੍ਰ ਸੋਹਣ ਸਿੰਘ, ਜੋ ਫੌਜ ਵਿੱਚੋਂ ਨੌਕਰੀ ਕਰਕੇ ਪੈਨਸਨ ਆਏ ਹੋਏ ਸਨ, ਸਾਨੂੰ ਸਾਰਿਆਂ ਨੂੰ ਸਾਡੇ ਤਾਇਆ ਜੀ ਬਾਰੇ ਬਹੁਤ ਗੱਲਾਂ ਦੱਸਦੇ ਹੁੰਦੇ ਸਨ। ਪਰ ਅਸੀਂ ਮੁੰਡਪੁਣੇ ਵਿੱਚ ਉਹਨਾਂ ਦੀਆਂ ਬਹੁਤੀਆਂ ਗੱਲਾਂ ਯਾਦ ਨਹੀਂ ਰੱਖ ਸਕੇ। ਪਰ ਜਦੋਂ ਵੀ ਪਿਤਾ ਜੀ ਮੇਰੇ ਤਾਇਆ ਜੀ ਦੀਆਂ ਗੱਲਾਂ ਕਰਦੇ ਹੁੰਦੇ ਸਨ ਤਾਂ ਉਹਨਾਂ ਦਾ ਗਲਾ ਭਰ ਜਾਂਦਾ ਸੀ। ਉਹ ਦੋਵੇਂ ਹੀ ਭਰਾ ਸਨ ਅਤੇ ਦੋਵੇਂ ਭਰਾ ਹੀ ਬੜੇ ਜਵਾਨ ਦੱਸੇ ਜਾਂਦੇ ਹਨ। ਕਹਿੰਦੇ ਨੇ ਅੰਗਰੇਜ ਖੁਦ ਕਹਿੰਦੇ ਸਨ ਕਿ ਏਡੇ ਜਵਾਨ ਨੂੰ ਫਾਂਸੀ ਨਹੀਂ ਸੀ ਦੇਣੀ ਚਾਹੀਦੀ, ਕਿਉਂਕਿ ਅਜਿਹਾ ਜਵਾਨ ਦੇਸ ਦੇ ਕੰਮ ਆ ਸਕਦਾ ਹੈ। ਪਰ ਲੋਕ ਇਹਨਾਂ ਨੂੰ ਸਰਕਾਰ ਦੇ ਬਾਗੀ ਸਮਝਦੇ ਸਨ। ਪੁਲਿਸ ਇਹਨਾਂ ਦੇ ਮਗਰ ਲੱਗੀ ਹੋਈ ਸੀ। ਲੋਕਾਂ ਨੇ ਸਲਾਹ ਦਿੱਤੀ ਕਿ ਤੁਸੀਂ ਵੀ ਲੁਕ ਛਿਪ ਕੇ ਦਿਨ ਕੱਟ ਲਓ, ਯੂਪੀ ਵਾਲੇ ਪਾਸੇ ਚਲੇ ਜਾਓ, ਕਿਉਂਕਿ ਕੁਝ ਲੋਕ ਉਸ ਸਮੇਂ ਲੁੱਕ-ਛਿਪ ਵੀ ਗਏ ਸਨ। ਪਰ ਇਹ ਦਲੇਰ ਸਨ, ਕਹਿਣ ਲੱਗੇ ਕਿ, ਹੁਣ ਲੁਕ-ਛਿਪ ਕੇ ਮੈਦਾਨ ਵਿੱਚੋਂ ਭੱਜ ਜਾਣਾ ਬਹਾਦਰਾਂ ਦਾ ਕੰਮ ਨਹੀਂ, ਇਹ ਮੂਜੀਆਂ ਦਾ ਕੰਮ ਹੁੰਦਾ ਹੈ। ਜਦੋਂ ਅਸਾਂ ਇਹ ਕੰਮ ਕੀਤੇ ਹੋਏ ਨੇ, ਤਾਂ ਲੁੱਕਣਾ ਕਿਉਂ ਹੈ? ਪਿਤਾ ਜੀ ਇਹ ਵੀ ਦੱਸਦੇ ਸਨ ਕਿ ਉਹਨਾਂ ਨੂੰ ਫਾਂਸੀ ਦੇ ਨਾਲ ਨਾਲ ਜਾਇਦਾਦ ਕੁਰਕੀ ਦੇ ਵੀ ਹੁਕਮ ਸੁਣਾਏ ਗਏ ਸਨ। ਜਦੋਂ ਸਾਡੀ ਸਾਰੀ ਜਾਇਦਾਦ ਕੁਰਕ ਹੋਣ ਲੱਗੀ ਤਾਂ ਕਿਸੇ ਨੇ ਕਿਹਾ, ਸਾਰੀ ਜਮੀਨ ਕੁਰਕ ਨਾ ਕਰੋ। ਇਸ ਦਾ ਇਕ ਭਰਾ ਫੌਜ ਵਿੱਚ ਹੈ, ਉਸ ਦਾ ਹਿੱਸਾ ਕੁਰਕ ਨਾ ਕਰੋ। ਸੋ ਤਾਇਆ ਜੀ ਦੇ ਹਿੱਸੇ ਦੀ 20 ਕਿਲੇ ਜਮੀਨ ਤਾਂ ਕੁਰਕ ਕਰਕੇ ਨਿਲਾਮ ਕਰ ਦਿੱਤੀ ਗਈ, ਪਰ ਪਿਤਾ ਜੀ ਦੇ ਹਿੱਸੇ ਦੇ 20 ਕਿਲੇ ਪਾਕਿਸਤਾਨ ਵਿੱਚ ਰਹਿ ਗਈ ਸੀ। ਉਹੀ ਜਮੀਨ ਸਾਨੂੰ ਇਧਰ ਹਿੰਦੁਸਤਾਨ ਚ ਆ ਕੇ ਕਾਟ ਲੱਗ ਕੇ ਮਿਲੀ ਹੈ।" ਹਿੰਦੁਸਤਾਨ ਵਿੱਚ ਆ ਕੇ ਜਮੀਨ ਕਾਟ ਲੱਗ ਕੇ ਮਿਲਣ ਦਾ ਇਹ ਭਾਵ ਹੈ ਕਿ ਦੇਸ ਦੀ ਵੰਡ ਸਮੇਂ ਪਾਕਿਸਤਾਨੋਂ ਆਉਣ ਵਾਲੇ ਲੋਕਾਂ ਦੀਆਂ ਜਮੀਨਾਂ ਤਾਂ ਜਿਆਦਾ ਸਨ, ਪਰ ਹਿੰਦੁਸਤਾਨ ਵਿੱਚੋਂ ਪਾਕਿਸਤਾਨ ਜਾਣ ਵਾਲੇ ਲੋਕਾਂ ਦੀ ਜਮੀਨ ਦਾ ਰਕਬਾ ਘੱਟ ਸੀ। ਸੋ, ਪਾਕਿਸਤਾਨ ਤੋਂ ਆਉਣ ਵਾਲੇ ਲੋਕਾਂ ਨੂੰ ਹਿੰਦੁਸਤਾਨ ਵਿੱਚ ਆ ਕੇ ਜਮੀਨ ਘੱਟ ਮਿਲੀ ਸੀ। ਸਰਦਾਰ ਕਿਰਪਾਲ ਸਿੰਘ ਨੇ ਆਪਣੇ ਪਰਿਵਾਰ ਬਾਰੇ ਮੈਨੂੰ ਜਾਣਕਾਰੀ ਦਿੱਤੀ ਤੇ ਦੱਸਿਆ ਕਿ "ਸਾਡੇ ਦਾਦਾ ਜੀ ਅਰੂੜ ਸਿੰਘ ਦੇ ਦੋ ਪੁੱਤਰ ਸਨ। ਤਾਇਆ ਜੀ ਹਰਨਾਮ ਸਿੰਘ ਵੱਡੇ ਸਨ ਅਤੇ ਮੇਰੇ ਪਿਤਾ ਜੀ ਸਰਦਾਰ ਸੋਹਣ ਸਿੰਘ ਛੋਟੇ ਸਨ। ਮੇਰੇ ਪਿਤਾ ਜੀ ਦੀ ਮੌਤ 1958 ਵਿੱਚ ਹੋਈ ਸੀ। ਉਹ ਪਾਕਿਸਤਾਨ ਬਣਨ ਤੋਂ ਕਾਫੀ ਸਮਾਂ ਪਹਿਲਾਂ ਹੀ ਫੌਜ ਵਿੱਚੋਂ ਪੈਨਸਨ ਆ ਚੁੱਕੇ ਸਨ। ਮੇਰੇ ਤਾਇਆ ਜੀ ਵਿਆਹੇ ਹੋਏ ਨਹੀਂ ਸਨ। ਅਸੀਂ ਨੌਂ ਭੈਣ ਭਰਾ ਸਾਂ। ਮੇਰਾ ਨੰਬਰ ਇਹਨਾਂ ਵਿੱਚੋਂ ਅਠਵਾਂ ਹੈ। ਮੇਰੇ ਤੋਂ ਛੋਟੀ ਮੇਰੀ ਇਕ ਭੈਣ ਹੈ। ਸਭ ਤੋਂ ਵੱਡੀਆਂ ਮੇਰੀਆਂ ਤਿੰਨ ਭੈਣਾਂ ਸਨ। ਉਹਨਾਂ ਤੋਂ ਬਾਅਦ ਮੇਰੇ ਸਭ ਤੋਂ ਵੱਡੇ ਭਰਾ ਚੰਨਣ ਸਿੰਘ ਦਾ ਜਨਮ ਹੋਇਆ। ਉਹਨਾਂ ਦੀ ਆਪਣੀ ਤਾਂ ਮੌਤ ਹੋ ਚੁੱਕੀ ਹੈ, ਪਰ ਉਹਨਾਂ ਦਾ ਪਰਿਵਾਰ ਇਸ ਵੇਲੇ ਦੀਨਾਨਗਰ ਦੀ ਹੱਦ ਵਿੱਚ ਹੀ ਜਮੀਨ ਖਰੀਦ ਕੇ ਰਹਿ ਰਿਹਾ ਹੈ। ਉਹਨਾਂ ਤੋਂ ਛੋਟੀਆਂ ਮੇਰੀਆਂ ਦੋ ਭੈਣਾਂ ਹਨ ਅਤੇ ਇਹਨਾਂ ਤੋਂ ਛੋਟਾ ਮੇਰਾ ਭਰਾ ਸਵਰਨ ਸਿੰਘ ਹੈ, ਜਿਸ ਦੀ ਵੀ ਮੌਤ ਹੋ ਚੁੱਕੀ ਹੈ ਅਤੇ ਉਸਦਾ ਪਰਿਵਾਰ ਵੀ ਸਾਡੇ ਪਿੰਡ ਰਾਜਪੁਰਾਰੇ ਵਿੱਚ ਹੀ ਰਹਿ ਰਿਹਾ ਹੈ। ਚੰਨਣ ਸਿੰਘ ਦੇ ਪਰਿਵਾਰ ਵਿੱਚ ਕੁੱਲ ਪੰਜ ਬੱਚੇ ਹਨ। ਇਹਨਾਂ ਵਿੱਚੋਂ ਸਭ ਤੋਂ ਵੱਡੇ ਲੜਕੇ ਦੀ ਤਾਂ ਮੌਤ ਹੋ ਚੁੱਕੀ ਹੈ, ਪਰ ਬਾਕੀ ਦੋ ਭਰਾ ਅਤੇ ਦੋ ਭੈਣਾਂ ਆਪਣੀ ਵਿਧਵਾ ਮਾਂ ਸਮੇਤ ਦੀਨਾਨਗਰ ਵਿੱਚ ਮਕਾਨ ਬਣਾ ਕੇ ਰਹਿ ਰਹੇ ਹਨ। ਮੈਨੂੰ ਸ੍ਰ ਚੰਨਣ ਸਿੰਘ ਦੀ ਪਤਨੀ ਕੋਲੋਂ ਵੀ ਸਹੀਦ ਹਰਨਾਮ ਸਿੰਘ ਬਾਰੇ ਕੋਈ ਵਿਸੇਸ ਜਾਣਕਾਰੀ ਪ੍ਰਾਪਤ ਨਹੀਂ ਸੀ ਹੋਈ। ਚੰਨਣ ਸਿੰਘ ਤੋਂ ਛੋਟੇ ਭਰਾ ਸ੍ਰ ਸਵਰਨ ਸਿੰਘ ਦੀਆਂ ਚਾਰ ਲੜਕੀਆਂ ਅਤੇ ਇੱਕ ਲੜਕਾ ਹੈ, ਜੋ ਦੁਬਈ ਰਹਿੰਦਾ ਹੈ। ਸਭ ਤੋਂ ਛੋਟੇ ਸ੍ਰ ਕਿਰਪਾਲ ਸਿੰਘ, ਜਿਸ ਨੂੰ ਆਲੇ ਦੁਆਲੇ ਵਧੇਰੇ ਕਰਕੇ ਫੌਜੀ ਦੇ ਨਾਂ ਨਾਲ ਜਾਣਦੇ ਹਨ, ਉਹਨਾਂ ਦੀਆਂ ਦੋ ਲੜਕੇ ਅਤੇ ਦੋ ਲੜਕੀਆਂ ਹਨ। ਸ੍ਰ ਕਿਰਪਾਲ ਸਿੰਘ ਨੇ ਦੱਸਿਆ ਕਿ, "ਮੇਰੇ ਪਿਤਾ ਜੀ ਅਤੇ ਮਾਤਾ ਜੀ ਨੂੰ ਤਾਂ ਮੇਰੇ ਤਾਇਆ ਜੀ ਬਾਰੇ ਕੁੱਝ ਪਤਾ ਸੀ, ਪਰ ਉਹਨਾਂ ਕੋਲੋਂ ਕਿਸੇ ਨੇ ਜਾਣਕਾਰੀ ਨਹੀਂ ਲਈ। ਮੇਰੇ ਸਭ ਤੋਂ ਵੱਡੇ ਸਵਰਗਵਾਸੀ ਭੈਣ ਜੀ ਵੀ ਤਾਇਆ ਜੀ ਬਾਰੇ ਕਾਫੀ ਗੱਲਾਂ ਕਰਦੇ ਹੁੰਦੇ ਸਨ ਜਾਂ ਹੋ ਸਕਦਾ ਹੈ ਕਿ ਮੇਰੇ ਤੋਂ ਵੱਡੀਆਂ ਭੈਣਾਂ ਨੂੰ ਕੋਈ ਸੁਣੀ ਸੁਣਾਈ ਗੱਲ ਯਾਦ ਹੋਵੇ, ਪਰ ਉਹ ਵੀ ਦੂਰ ਵਿਆਹੀਆਂ ਹੋਈਆਂ ਹਨ। ਮੈਂ ਕਈ ਵਾਰ ਸੋਚਦਾ ਹਾਂ ਕਿ ਅੰਗਰੇਜ ਤਾਂ ਇਥੋਂ ਚਲੇ ਗਏ, ਸਾਡਾ ਰਾਜ ਵੀ ਆਪਣਾ ਬਣ ਗਿਆ, ਪਰ, ਅੰਗਰੇਜਾਂ ਵੱਲੋਂ ਦੇਸ ਭਗਤਾਂ ਦੀਆਂ ਕੁਰਕ ਕੀਤੀਆਂ ਜਾਇਦਾਦਾਂ ਅਜੇ ਤੱਕ ਵਾਪਸ ਨਹੀਂ ਹੋਈਆਂ।"

ਪਰ ਮੈਂ ਉਹਨਾਂ ਨੂੰ ਕੀ ਦੱਸਦਾ? ਕਿਉਂਕਿ ਸਾਡੀ ਸਰਕਾਰ ਤਾਂ ਅਜੇ ਤੱਕ ਵੀ ਗਦਰ ਪਾਰਟੀ ਦੇ ਸਹੀਦਾਂ ਨੂੰ (ਸਿਵਾਏ ਕਰਤਾਰ ਸਿੰਘ ਸਰਾਭੇ ਦੇ) ਆਜਾਦੀ ਸੰਗਰਾਮੀਏ ਮੰਨਣ ਨੂੰ ਤਿਆਰ ਹੀ ਨਹੀਂ। ਇਸ ਲਹਿਰ ਵਿੱਚ ਹਿੱਸਾ ਲੈਣ ਵਾਲੇ ਦੇਸ ਭਗਤਾਂ ਨੂੰ ਆਜਾਦੀ ਸੰਗਰਾਮੀਆਂ ਦਾ ਰੁਤਬਾ ਦਿਵਾਉਣ ਲਈ ਪ੍ਰੋਫੈਸਰ ਮਲਵਿੰਦਰਜੀਤ ਸਿੰਘ ਵੜੈਚ ਐਡਵੋਕੇਟ ਵੱਲੋਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਇੱਕ ਪੀਆਈਐਲ ਪਟੀਸਨ ਤਾਂ ਦਾਇਰ ਕੀਤੀ ਹੋਈ ਹੈ, ਪਰ ਅਜੇ ਤੱਕ ਇਸ ਰਿਟ ਪਟੀਸਨ ਦਾ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਕੋਈ ਫੈਸਲਾ ਨਹੀਂ ਹੋਇਆ। ਸ੍ਰ ਕਿਰਪਾਲ ਸਿੰਘ ਹੋਰਾਂ ਨੇ ਮੈਨੂੰ ਦੱਸਿਆ ਕਿ "ਮੈਂ ਤੁਹਾਨੂੰ ਪਹਿਲਾਂ ਵੀ ਦੱਸਿਆ ਸੀ ਕਿ ਸਾਡੇ ਪਿੰਡ ਵਾਲੇ ਕਾਮਰੇਡ ਗੁਰਦਿਆਲ ਸਿੰਘ ਤੋਂ ਬਿਨਾਂ ਹੋਰ ਕਦੇ ਕਿਸੇ ਨੇ ਸਾਡੇ ਨਾਲ ਸਾਡੇ ਤਾਇਆ ਜੀ ਦੀ ਕੋਈ ਗੱਲ ਹੀ ਨਹੀਂ ਕੀਤੀ। ਸੋ, ਹੁਣ ਤਾਂ ਤਾਇਆ ਜੀ ਬਾਰੇ ਸਭ ਤੋਂ ਵੱਧ ਜਾਣਕਾਰੀ ਕਾਮਰੇਡ ਗੁਰਦਿਆਲ ਸਿੰਘ ਹੋਰਾਂ ਤੋਂ ਹੀ ਪ੍ਰਾਪਤ ਹੋ ਸਕਦੀ ਹੈ, ਕਿਉਂਕਿ ਉਹ ਹੀ ਸਹੀਦ ਹਰਨਾਮ ਸਿੰਘ ਹੋਰਾਂ ਬਾਰੇ ਜਿਆਦਾ ਦਿਲਚਸਪੀ ਲੈਂਦੇ ਰਹੇ ਨੇ। ਉਹਨਾਂ ਨੇ ਮੈਨੂੰ ਦੱਸਿਆ ਕਿ ਕਾਮਰੇਡ ਗੁਰਦਿਆਲ ਸਿੰਘ, ਹੁਣ ਦੀਨਾ ਨਗਰ ਲਾਗੇ ਪਿੰਡ ਕੱਤੋਵਾਲ ਵਿੱਚ ਰਹਿੰਦੇ ਹਨ। ਪਰ ਉਹਨਾਂ ਦਾ ਵੱਡਾ ਲੜਕਾ ਲਖਵਿੰਦਰ ਸਿੰਘ ਜੋ ਹੈ ਦੀਨਾਨਗਰ ਸਹਿਰ ਵਿੱਚ ਹੀ ਰਹਿੰਦਾ ਹੈ। ਸੋ, ਹੁਣ ਉਸ ਰਾਹੀਂ ਕਾਮਰੇਡ ਗੁਰਦਿਆਲ ਸਿੰਘ ਹੋਰਾਂ ਨੂੰ ਮਿਲ ਕੇ ਹੀ ਜਾਣਕਾਰੀ ਮਿਲ ਸਕੇਗੀ।

7 ਮਈ 2001 ਨੂੰ ਮੈਂ ਆਪਣੇ ਸਰਕਾਰੀ ਕਾਲਜ ਗੁਰਦਾਸਪੁਰ ਦੇ ਇੱਕ ਵਿਦਿਆਰਥੀ ਵਿਲੀਅਮ ਬੈਂਸ ਨੂੰ ਨਾਲ ਲੈ ਕੇ ਦੀਨਾਨਗਰ ਪਹੁੰਚ ਗਿਆ। ਦੀਨਾ ਨਗਰ ਵਿੱਚ ਕਾਮਰੇਡ ਗੁਰਦਿਆਲ ਸਿੰਘ ਕਤੋਵਾਲ ਦੇ ਲੜਕੇ ਸ੍ਰ ਲਖਵਿੰਦਰ ਸਿੰਘ ਦਾ ਜਦੋਂ ਘਰ ਲੱਭਿਆ, ਤਾਂ ਉੱਥੇ ਜਾ ਕੇ ਸ੍ਰ ਲਖਵਿੰਦਰ ਸਿੰਘ ਤੋਂ ਇਹ ਜਾਣ ਕੇ ਮੈਨੂੰ ਬੜਾ ਹੀ ਦੁੱਖ ਲੱਗਾ ਕਿ ਕਾਮਰੇਡ ਗੁਰਦਿਆਲ ਸਿੰਘ ਕਤੋਵਾਲ ਤਾਂ 1997 ਵਿੱਚ ਹੀ ਸਵਰਗਵਾਸ ਹੋ ਚੁੱਕੇ ਹਨ। ਸੋ ਸਹੀਦ ਹਰਨਾਮ ਸਿੰਘ ਹੋਰਾਂ ਬਾਰੇ ਜਾਣਕਾਰੀ ਦਾ ਇਹ ਸੋਮਾ ਵੀ ਮੇਰੇ ਹੱਥ ਨਾ ਆਇਆ। ਪਰ ਉਸ ਸਮੇਂ ਉਥੇ ਕਾਮਰੇਡ ਗੁਰਦਿਆਲ ਸਿੰਘ ਕਤੋਵਾਲ ਦਾ ਛੋਟਾ ਲੜਕਾ ਕਾਮਰੇਡ ਜਸਬੀਰ ਸਿੰਘ ਕੱਤੋਵਾਲ ਉਸ ਘਰ ਵਿੱਚ ਹੀ ਮੌਜੂਦ ਸੀ। ਉਸ ਨੇ ਮੈਨੂੰ ਦੱਸਿਆ ਕਿ ਸਾਡੇ ਚਾਚਾ ਜੀ ਸ੍ਰ ਹਰਬੰਸ ਸਿੰਘ ਹੋਰਾਂ ਨੂੰ ਵੀ ਸਹੀਦ ਬਾਰੇ ਕੁਝ ਜਾਣਕਾਰੀ ਹੈ। ਸੋ, ਆਓ! ਤੁਹਾਨੂੰ ਪਿੰਡ ਕੱਤੋਵਾਲ ਜਾ ਕੇ ਉਹਨਾਂ ਨੂੰ ਮਿਲਾ ਲਿਆਵਾਂ। ਸੋ ਅਸੀਂ ਤਿੰਨੇ ਜਣੇ ਦੋ ਸਕੂਟਰਾਂ ਉੱਪਰ ਸਰਦਾਰ ਹਰਬੰਸ ਸਿੰਘ ਹੋਰਾਂ ਨੂੰ ਉਹਨਾਂ ਦੀ ਜਮੀਨ ਵਿੱਚ ਬਣੇ ਡੇਰੇ ਉੱਪਰ ਜਾ ਮਿਲੇ। ਸ੍ਰ ਹਰਬੰਸ ਸਿੰਘ ਦੀ ਉਮਰ ਉਸ ਵੇਲੇ ਅੱਸੀ ਸਾਲ ਤੋਂ ਉੱਪਰ ਸੀ। ਉਹਨਾਂ ਨੇ ਆਪਣਾ ਜਨਮ 1920 ਈਸਵੀ ਦੱਸਿਆ। ਉਹਨਾਂ ਨੇ ਮੈਨੂੰ ਦੱਸਿਆ ਕਿ ਮੇਰੇ ਕੋਲ ਇਸ ਸਬੰਧੀ ਸਿੱਧੀ ਜਾਣਕਾਰੀ ਤਾਂ ਕੋਈ ਨਹੀਂ, ਪਰ ਮੇਰੇ ਮਾਤਾ ਜੀ ਸਾਡੇ ਨਾਲ ਸ੍ਰ ਹਰਨਾਮ ਸਿੰਘ ਅਤੇ ਹੋਰ ਦੇਸ ਭਗਤਾਂ ਬਾਰੇ ਗੱਲਾਂ ਬਾਤਾਂ ਦੱਸਦੇ ਰਹਿੰਦੇ ਸਨ। ਸਾਡੇ ਮਾਤਾ ਜੀ ਸਾਨੂੰ ਦੱਸਦੇ ਹੁੰਦੇ ਸਨ, ਕਿ "ਜਦੋਂ ਹਰਨਾਮ ਸਿੰਘ ਗਦਰ ਪਾਰਟੀ ਵਿੱਚ ਰਲ ਗਿਆ ਤਾਂ ਪੁਲਿਸ ਇਸ ਦੇ ਮਗਰ ਲੱਗ ਗਈ। ਪਿੰਡ ਵਾਲਿਆਂ ਨੇ ਇਹਨਾਂ ਨੂੰ ਆਪਣਾ ਇਲਾਕਾ ਛੱਡ ਦੇਣ ਦੀ ਸਲਾਹ ਦਿੱਤੀ, ਪਰ ਉਹ ਨਾ ਮੰਨੇ। ਪਰ ਕੁਝ ਦੇਰ ਬਾਅਦ, ਆਖਰਕਾਰ ਉਹ ਆਪਣੇ ਨਾਨਕੇ ਪਿੰਡ ਡੁਗਰੀ, ਜਿਹੜਾ ਕਿ ਥਰੋ ਦੇ ਲਾਗੇ ਪੈਂਦਾ ਸੀ, ਚਲੇ ਗਏ। ਪੁਲਿਸ ਇਸ ਨੂੰ ਲੱਭਣ ਲਈ ਪਿੰਡ ਭੱਟੀ ਗੁਰਾਇਆ ਵਿੱਚ ਅਕਸਰ ਛਾਪੇ ਮਾਰਦੀ ਰਹਿੰਦੀ ਸੀ। ਸਾਡੇ ਪਿੰਡ ਵਿੱਚ ਹੀ ਇਕ ਢੂੰਡਾ ਨੰਬਰਦਾਰ ਸੀ। ਉਹ ਬੜਾ ਤੇਜ ਤਰਾਰ ਸੀ ਅਤੇ ਪੁਲਿਸ ਦਾ ਟਾਊਟ ਸੀ। ਉਹ ਮੂੰਹ ਦਾ ਬੜਾ ਮਿੱਠਾ ਸੀ, ਪਰ ਅੰਦਰੋਂ ਪੂਰਾ ਛੁਰੀਮਾਰ ਸੀ। ਪਿੰਡ ਵਿੱਚ ਇਸ ਦਾ ਨਾਂ ਮਿੱਠੀ ਛੁਰੀ ਰੱਖਿਆ ਹੋਇਆ ਸੀ। ਇਕ ਦਿਨ ਸ੍ਰ ਹਰਨਾਮ ਸਿੰਘ ਆਪਣੇ ਨਾਨਕੇ ਪਿੰਡ ਤੋਂ ਜਦੋਂ ਭੱਟੀ ਗੁਰਾਇਆ ਆਇਆ ਤਾਂ ਢੂੰਡੇ ਨੰਬਰਦਾਰ ਨੇ ਪੁਲਿਸ ਨੂੰ ਇਹ ਖਬਰ ਭੇਜ ਦਿੱਤੀ। ਪਰ ਪੁਲਿਸ ਕੋਲ ਇਹ ਖਬਰ ਪਹੁੰਚਣ ਵਿੱਚ ਕੁਝ ਦੇਰ ਹੋ ਗਈ ਸੀ। ਸੋ, ਜਦੋਂ ਪੁਲਿਸ ਸ੍ਰ ਹਰਨਾਮ ਸਿੰਘ ਹੋਰਾਂ ਨੂੰ ਫੜਨ ਲਈ ਪਿੰਡ ਭੱਟੀ ਗੁਰਾਇਆ ਪਹੁੰਚੀ ਤਾਂ ਹਰਨਾਮ ਸਿੰਘ ਹੁਰੀਂ ਉਦੋਂ ਤੱਕ ਵਾਪਸ ਆਪਣੇ ਨਾਨਕੇ ਪਿੰਡ ਡੁਗਰੀ ਪਹੁੰਚ ਚੁੱਕੇ ਸਨ। ਪੁਲਿਸ ਵਾਲਿਆਂ ਨੇ ਪਿੰਡ ਵਿੱਚ ਆ ਕੇ ਸਾਰੇ ਪਿੰਡ ਦੀ ਤਲਾਸੀ ਲਈ। ਪਿੰਡ ਦੇ ਹਰ ਇੱਕ ਜੀਅ ਤੋਂ ਸਹੀਦ ਹਰਨਾਮ ਸਿੰਘ ਬਾਰੇ ਪੁੱਛ ਗਿੱਛ ਕੀਤੀ, ਪਰ ਕਿਸੇ ਨੇ ਵੀ ਪੁਲਿਸ ਦੇ ਕੁਝ ਵੀ ਪਿੜ ਪੱਲੇ ਨਾ ਪਾਇਆ। ਢੂੰਡੇ ਨੰਬਰਦਾਰ ਨੂੰ ਵੀ ਹਰਨਾਮ ਸਿੰਘ ਹੋਰਾਂ ਦੇ ਆਪਣੇ ਨਾਨਕੀ ਪਿੰਡ ਡੁੱਗਰੀ ਹੋਣ ਬਾਰੇ ਕੋਈ ਜਾਣਕਾਰੀ ਨਹੀਂ ਸੀ। ਪਰ ਆਖਰਕਾਰ ਪਿੰਡ ਦੀ ਹੀ ਇੱਕ ਔਰਤ ਜੀਨਤੇ ਤੇਲਣ ਪੁਲਿਸ ਪੁੱਛਗਿੱਛ ਦੌਰਾਨ ਬਿੜਕ ਪਈ ਕਿ ਹਰਨਾਮ ਸਿੰਘ ਤਾਂ ਆਪਣੇ ਨਾਨਕੇ ਪਿੰਡ ਦੁਗਰੀ ਚਲਾ ਗਿਆ ਹੈ। ਪੁਲਿਸ ਨੇ ਦੁਗਰੀ ਵੱਲ ਚਾਲੇ ਪਾ ਦਿੱਤੇ। ਪਿੰਡ ਦੇ ਹਰਨਾਮ ਸਿੰਘ ਹਿਤੈਸੀਆਂ ਨੂੰ ਫਿਕਰ ਲੱਗ ਗਿਆ। ਉਹਨਾਂ ਨੇ ਸਲਾਹ ਕੀਤੀ ਕਿ ਕਿਵੇਂ ਨਾ ਕਿਵੇਂ ਪਿੰਡ ਦੁਗਰੀ ਵਿੱਚ ਪੁਲਿਸ ਪਹੁੰਚਣ ਤੋਂ ਪਹਿਲਾਂ ਪਹਿਲਾਂ ਹਰਨਾਮ ਸਿੰਘ ਹੋਰਾਂ ਨੂੰ ਪੁਲਿਸ ਪਹੁੰਚਣ ਦੀ ਇਤਲਾਹ ਭੇਜ ਦਿੱਤੀ ਜਾਵੇ ਤਾਂ ਜੋ ਉਹ ਪੁਲਿਸ ਦੇ ਹੱਥ ਨਾ ਆ ਸਕੇ। ਹੁਣ ਮੁਸਕਿਲ ਇਹ ਸੀ ਕਿ ਜੇਕਰ ਕਿਸੇ ਸਿੱਖ ਨੂੰ ਇਸ ਕੰਮ ਲਈ ਪਿੰਡ ਡੁਗਰੀ ਭੇਜਿਆ ਜਾਂਦਾ ਸੀ ਤਾਂ ਪੁਲਿਸ ਨੂੰ ਸੱਕ ਪੈ ਜਾਣਾ ਸੀ। ਸੋ ਇਸ ਕੰਮ ਲਈ ਪਿੰਡ ਦੇ ਹੀ ਇੱਕ ਮੁਸਲਮਾਨ ਮੰਮੀ ਕਸਮੀਰੀ ਨੂੰ ਦੁਗਰੀ ਭੇਜਿਆ ਗਿਆ, ਤਾਂ ਜੋ ਸਹੀਦ ਹਰਨਾਮ ਸਿੰਘ ਹੁਰਾਂ ਨੂੰ ਪੁਲਿਸ ਦੇ ਛਾਪੇ ਬਾਰੇ ਖਬਰ ਮਿਲ ਜਾਵੇ। ਪਰ ਮੰਮੀ ਕਸਮੀਰੀ ਦੇ ਡੁਗਰੀ ਪਹੁੰਚਣ ਤੋਂ ਪਹਿਲਾਂ ਹੀ ਪੁਲਿਸ ਉੱਥੇ ਪਹੁੰਚ ਚੁੱਕੀ ਸੀ, ਕਿਉਂਕਿ ਪੁਲਿਸ ਵਾਲੇ ਘੋੜੀਆਂ ਉੱਪਰ ਸਵਾਰ ਸਨ। ਉਹਨਾਂ ਨੇ ਸਹੀਦ ਹਰਨਾਮ ਸਿੰਘ ਨੂੰ ਵਾਢੀ ਕਰਦੇ ਨੂੰ ਫੜ ਲਿਆ ਅਤੇ ਮੁਕੱਦਮਾ ਚਲਾਉਣ ਉਪਰੰਤ ਫਾਂਸੀ ਚਾੜ ਦਿੱਤਾ। ਇਹਨਾਂ ਸਹੀਦਾਂ ਨੇ ਸਾਡੇ ਕੋਲੋਂ ਕਦੇ ਕੁਝ ਨਹੀਂ ਮੰਗਿਆ। ਜੇਕਰ ਕਦੇ ਮੰਗਿਆ ਹੈ, ਤਾਂ ਕੇਵਲ ਇੱਕੋ ਗੱਲ, ਕਿ ਸਾਨੂੰ ਯਾਦ ਜਰੂਰ ਕਰਿਓ! ਸਾਨੂੰ ਭੁੱਲ ਨਾ ਜਾਇਓ! ਸਾਡੀਆਂ ਯਾਦਾਂ ਨੂੰ ਸਾਂਭ ਕੇ ਰੱਖਿਓ! ਕਿਤੇ ਦਿਲਾਂ ਤੋਂ ਸਾਨੂੰ ਭੁਲਾ ਨਾ ਜਾਇਓ! ਇਹਨਾਂ ਦੇਸ ਭਗਤਾਂ ਦੇ ਇਕ ਹੋਰ ਸਾਥੀ, ਸਹੀਦ ਰਾਮ ਪ੍ਰਸਾਦਿ ਬਿਸਮਿਲ, ਜੋ ਕਾਕੋਰੀ ਕਾਂਡ ਵਿੱਚ ਆਪਣੇ ਤਿੰਨ ਹੋਰ ਸਾਥੀਆਂ ਸਮੇਤ 19 ਦਸੰਬਰ 1927 ਨੂੰ ਫਾਂਸੀ ਚੜੇ ਸਨ, ਨੇ ਵੀ ਮਰਨ ਲੱਗਿਆਂ ਹੇਠ ਲਿਖਿਆ ਸੁਨੇਹਾ ਭਾਰਤੀ ਨੌਜਵਾਨਾਂ ਨੂੰ ਦਿੱਤਾ ਸੀ:

ਨੌਜਵਾਨੋ! ਜਬ ਤਬੀਅਤ ਮੇਂ ਤੁਮਾਰੀ ਖਟਕੇ,<br>
ਯਾਦ ਕਰ ਲੇਨਾ ਹਮੇਂ ਭੀ ਭੂਲੇ ਭਟਕੇ।

ਅੱਜ ਅਸੀਂ ਆਪਣੇ ਅੰਦਰ ਝਾਤੀ ਮਾਰੀਏ ਅਤੇ ਆਪਣੇ ਆਪ ਨੂੰ ਪੁੱਛੀਏ ਕਿ ਕੀ ਅਸਾਂ ਇਹਨਾਂ ਸਹੀਦਾਂ ਨੂੰ ਕਦੇ ਦਿਲੋਂ ਯਾਦ ਕੀਤਾ ਹੈ? ਨਹੀਂ, ਬਿਲਕੁਲ ਨਹੀਂ, ਅਸੀਂ ਜੇਕਰ ਯਾਦ ਕਰਦੇ ਹਾਂ ਤਾਂ ਕੇਵਲ ਫਿਲਮੀ ਕਲਾਕਾਰਾਂ ਨੂੰ। ਸਾਨੂੰ ਯਾਦ ਹੁੰਦਾ ਹੈ ਕਿ ਕਿਹੜਾ ਐਕਟਰ ਕਿਸ ਤਰਾਂ ਦੀ ਐਕਟਿੰਗ ਕਰਦਾ ਹੈ? ਕਿਹੜੀ ਐਕਟਰੈੱਸ ਕਿਸ ਤਰ੍ਹਾਂ ਦੀ ਲਗਦੀ ਹੈ? ਕ੍ਰਿਕਟ ਦੇ ਕਿਹੜੇ ਖਿਡਾਰੀ ਨੇ ਕਿੰਨੇ ਛੱਕੇ ਮਾਰੇ ਸਨ? ਕਿਸ ਨੇ ਕਿੰਨੀਆਂ ਸੈਂਚਰੀਆਂ ਬਣਾਈਆਂ ਸਨ? ਕਿੰਨੀਆਂ ਵਿਕਟਾਂ ਲਈਆਂ ਸਨ? ਸਾਨੂੰ ਇਹਨਾਂ ਸਾਰਿਆਂ ਦੇ ਪਿਓ ਦਾਦੇ ਤੱਕ ਦੇ ਨਾਂ ਯਾਦ ਨੇ, ਪਰ ਜਿਨ੍ਹਾਂ ਦੇਸ ਭਗਤਾਂ ਨੇ ਦੇਸ ਖਾਤਰ ਨਿਰਸਵਾਰਥ ਹੋ ਕੇ ਆਪਣੀਆਂ ਜਾਨਾਂ ਵਾਰ ਦਿੱਤੀਆਂ ਸਨ, ਉਹਨਾਂ ਦੇਸ ਭਗਤਾਂ ਦੇ ਨਾਂ ਤੱਕ ਸਾਨੂੰ ਯਾਦ ਨਹੀਂ। ਸਾਨੂੰ ਉਹਨਾਂ ਦੇ ਉਦੇਸਾਂ ਨੂੰ ਸਮਝਣ ਅਤੇ ਭਾਰਤ ਵਾਸੀਆਂ ਦੇ ਇੱਕ ਚੰਗੇ ਭਵਿੱਖ ਦੀ ਉਸਾਰੀ ਲਈ ਸਾਂਝੇ ਯਤਨ ਕਰਨ ਦੀ ਫੌਰੀ ਲੋੜ ਹੈ। ਸਾਡੇ ਸਿਰ ਇਹਨਾਂ ਦੇਸ ਭਗਤਾਂ ਦੇ ਬਹੁਤ ਜਿਆਦਾ ਅਹਿਸਾਨ ਨੇ। ਇਹਨਾਂ ਦੀਆਂ ਕੁਰਬਾਨੀਆਂ ਨਾਲ ਹੀ ਅਸੀਂ ਅੱਜ ਆਜਾਦ ਹੋ ਸਕੇ ਹਾਂ। ਨਾਮਵਰ ਸਾਇਰ ਰਾਜ ਕਸਮੀਰੀ ਨੇ ਇਸ ਸਬੰਧੀ ਇੱਕ ਬਹੁਤ ਸੋਹਣੀ ਰੁਬਾਈ ਵਿੱਚ ਲਿਖਿਆ ਹੈ ਕਿ:

ਵਤਨਾਂ ਦੇ ਲੇਖੇ ਲੱਗਦਾ ਏ, ਇਕ ਇਕ ਅਰਮਾਨ ਸਹੀਦਾਂ ਦਾ।<br>
ਤੇ ਕੌਮ ਦੀ ਖਾਤਰ ਮਰਨਾ ਹੀ, ਹੁੰਦੈ ਇਮਾਨ ਸਹੀਦਾਂ ਦਾ,<br>
ਦੇ ਦੇ ਕੁਰਬਾਨੀ ਵੀਰਾਂ ਦੀ ਹਰ ਕੌਮ ਜਵਾਨੀ ਚੜ੍ਹਦੀ ਏ,<br>
ਵਤਨਾਂ ਦੇ ਸਿਰ ਤੇ ਰਹਿੰਦਾ ਹੈ, ਹਰ ਦਮ ਅਹਿਸਾਨ ਸਹੀਦਾਂ ਦਾ।

ਆਓ! ਸਹੀਦ ਹਰਨਾਮ ਸਿੰਘ ਵਰਗੇ ਸਹੀਦਾਂ ਨੂੰ ਯਾਦ ਕਰੀਏ, ਇਹਨਾਂ ਦੇ ਹਮੇਸਾ ਅਹਿਸਾਨ ਮੰਦ ਰਹੀਏ ਅਤੇ ਅਹਿਸਾਨ ਫਰਾਮੋਸ ਨਾ ਹੋਈਏ।



ਪ੍ਰੋ. ਸੁਖਵੰਤ ਸਿੰਘ ਗਿੱਲ

# ਸੰਪਾਦਕ ਦੀ ਕਲਮ ਤੋਂ

ਅਵਤਾਰ ਐਸ. ਸੰਘਾ

## ਭਾਰਤੀ ਮਾਪਿਆਂ ਲਈ ਆਸਟਰੇਲੀਆ ਦਾ ਵੀਜ਼ਾ




ਇਸ ਵਿਸ਼ੇ ਵਿੱਚ ਥੁੜਚਿਰੀ ਰਿਹਾਇਸ਼ ਤੋਂ ਪੱਕੀ ਰਿਹਾਇਸ਼ ਤੱਕ ਦੇ ਕੇਸ ਦੇਖਣ ਵਿੱਚ ਆਉਂਦਾ ਹਨ। ਦੇਖਣਾ ਇਹ ਹੁੰਦਾ ਹੈ ਕਿ ਕੋਈ ਮਾਪੇ ਕਿੰਨਾ ਚਿਰ ਆਸਟਰੇਲੀਆ ਵਿੱਚ ਰਹਿਣਾ ਚਾਹੁੰਦੇ ਹਨ, ਉਨ੍ਹਾਂ ਦੀ ਇੱਧਰ ਨੂੰ ਫੇਰੀ ਕਿੰਨੀ ਕਿੰਨੀ ਦੇਰੀ ਬਾਅਦ ਹੋ ਰਹੀ ਏ, ਕੀ ਉਹ ਪੱਕੇ ਹੋਣ ਦੇ ਇਛੁੱਕ ਹਨ।

(1). ਖੱਚੀ ਰਿਹਾਇਸ਼ (ਵਿਜ਼ਿਟਰ ਵੀਜ਼ੇ) :-

(ੳ) ਸੈਰ ਸਪਾਟਾ ਵੀਜ਼ਾ (ਸਬ ਕਲਾਸ 600) ਇਸ ਵੀਜ਼ੇ ਤਹਿਤ ਮਾਪੇ 3 ਤੋਂ 6 ਮਹੀਨੇ ਜਾਂ 12 ਮਹੀਨੇ ਤੱਕ ਦੇਸ਼ ਵਿੱਚ ਰਹਿ ਸਕਦੇ ਹਨ। ਮਾਪਿਆਂ ਨੇ ਸਿੱਧ ਕਰਨਾ ਹੁੰਦਾ ਹੈ ਕਿ ਉਨ੍ਹਾਂ ਪਾਸ ਰਿਹਾਇਸ਼ ਕਰਨ ਲਈ ਲੋੜੀਂਦੇ ਪੈਸੇ ਹਨ ਤੇ ਉਹ ਵੀਜ਼ੇ ਦੀ ਮਿਆਦ ਖਤਮ ਹੋਣ ਤੇ ਈਮਾਨਦਾਰੀ ਨਾਲ ਵਾਪਸ ਭਾਰਤ ਚਲੇ ਜਾਣਗੇ। ਜੇ ਉਨ੍ਹਾਂ ਪਾਸ ਆਪਣੇ ਨਿਰਬਾਹ ਲਈ ਲੋੜੀਂਦੇ ਪੈਸੇ ਨਹੀਂ ਹਨ ਤਾਂ ਉਨ੍ਹਾਂ ਦੇ ਬੱਚੇ ਉਨ੍ਹਾਂ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਲੈਣ।

(ਅ) ਸਪਾਂਸਰਡ ਵੀਜ਼ਾ (ਸਬ ਕਲਾਸ 870) ਵੀਜ਼ੇ ਦੀ ਇਹ ਕਿਸਮ ਮਾਪਿਆਂ ਨੂੰ ਤਿੰਨ ਤੋਂ ਪੰਜ ਸਾਲ ਰਿਹਾਇਸ਼ ਕਰਨ ਦੀ ਇਜਾਜਤ ਦਿੰਦੀ ਹੈ। ਇਸ ਹਾਲਤ ਵਿੱਚ ਮਾਪੇ ਉਨ੍ਹਾਂ ਦੀ ਬੱਚਿਆਂ ਦੁਆਰਾ ਸਪਾਂਸਰ ਕੀਤੇ ਜਾਣੇ ਚਾਹੀਦੇ ਹਨ। ਇਹ ਬੱਚੇ ਆਸਟਰੇਲੀਆ ਦੇ ਸ਼ਹਿਰੀ ਹੋਣ ਜਾਂ ਇੱਥੇ ਪੱਕੇ ਹੋ ਚੁੱਕੇ ਹੋਣ। ਇਨ੍ਹਾਂ ਬੱਚਿਆਂ ਦੀ ਆਮਦਨ ਤੇ ਟੈਕਸ ਵੀ ਦਿੱਤਾ ਜਾ ਰਿਹਾ ਹੋਣਾ ਚਾਹੀਦਾ ਏ।

(2). ਪੱਕੀ ਰਿਹਾਇਸ਼:-

(ੳ) ਕੰਟਰੀਬਿਊਟਰੀ ਪੇਅਰੈਂਟ ਵੀਜ਼ੇ (ਸਬ ਕਲਾਸ 143/864) ਇਹ ਵੀਜ਼ੇ ਜਲਦੀ ਮਿਲ਼ ਜਾਂਦੇ ਹਨ ਪਰੰਤੂ ਇਨ੍ਹਾਂ ਦਾ ਖਰਚ ਕਾਫੀ ਜ਼ਿਆਦਾ ਹੁੰਦਾ ਏ।

(ਅ) ਨਾਨ - ਕੰਟਰੀਬਿਊਟਰੀ ਪੇਅਰੈਂਟ ਵੀਜ਼ੇ (ਸਬ ਕਲਾਸ 103/804) ਇਸ ਕਿਸਮ ਵਿੱਚ ਖਰਚਾ ਤਾਂ ਹੁੰਦਾ ਏ ਪਰੰਤੂ ਬਿਨੈਕਾਰ ਦੀ ਵਾਰੀ ਲੰਬੀ ਉਡੀਕ ਤੋਂ ਬਾਅਦ ਆਉਂਦੀ ਹੈ। ਵੀਹ ਤੋਂ ਤੀਹ ਸਾਲ ਵੀ ਲੱਗ ਸਕਦੇ ਹਨ।

ਲੋੜੀਂਦੀਆਂ ਸ਼ਰਤਾਂ

ਸਭ ਪ੍ਰਕਾਰ ਦੇ ਵੀਜ਼ਿਆਂ ਲਈ ਹੇਠ ਲਿਖੀਆਂ ਲੋੜੀਂਦੀਆਂ ਸ਼ਰਤਾਂ ਹਨ:-

(ੳ) ਪਰਿਵਾਰ ਕੋਟਾ:- ਪੱਕੇ ਹੋਣ ਲਈ ਮਾਪਿਆਂ ਦਾ ਅੱਧਾ ਪਰਿਵਾਰ ਪੱਕੇ ਤੌਰ ਤੇ ਆਸਟਰੇਲੀਆ ਵਿੱਚ ਰਹਿੰਦਾ ਹੋਵੇ ਜਾਂ ਕਿਸੇ ਹੋਰ ਦੇਸ਼ ਵਿੱਚ ਰਹਿਣ ਨਾਲੋਂ ਵੱਧ ਬੱਚੇ ਆਸਟਰੇਲੀਆ ਵਿੱਚ ਰਹਿੰਦੇ ਹੋਣ।

(ਅ) ਸਭ ਬਿਨੈਕਾਰ ਡਾਕਟਰੀ ਪ੍ਰੀਖਿਆ ਅਤੇ ਪੁਲੀਸ ਪ੍ਰੀਖਿਆ ਪਾਸ ਕੀਤੇ ਹੋਣ।

(ੲ) ਸਭ ਮਾਪਿਆਂ ਦਾ ਬੀਮਾ ਹੋਇਆ ਹੋਵੇ। ਇਹ ਬੀਮਾ ਰਿਹਾਇਸ਼ ਪੂਰੇ ਅਰਸੇ ਲਈ ਹੋਣਾ ਚਾਹੀਦਾ ਹੈ।

ਪੱਕੀ ਰਿਹਾਇਸ਼:- ਆਸਟਰੇਲੀਅਨ ਡਾਲਰ 7345 ਦੋ ਕਿਸ਼ਤਾਂ ਵਿੱਚ ਇੱਕ ਮਾਪੇ ਲਈ। ਨਿਰੀਖਣ ਨੂੰ ਕਾਫੀ ਸਮਾਂ ਲਗਦਾ ਹੈ। ਜ਼ਿਆਦਾ ਜਾਣਕਾਰੀ ਲੈਣ ਲਈ Parent Visa queue release dates ਦੀ ਸਾਈਟ ਤੇ ਜਾਓ।

ਇਸ ਵੀਜ਼ੇ ਨਾਲ਼ ਮਾਪੇ ਆਸਟਰੇਲੀਆ ਵਿੱਚ ਪੱਕੇ ਤੌਰ ਤੇ ਰਹਿ ਸਕਦੇ ਹਨ। ਕੰਮ ਵੀ ਕਰ ਸਕਦੇ ਹਨ। ਸਿਹਤ ਸੇਵਾਵਾਂ ਦੀ ਸਹੂਲਤ ਵੀ ਪ੍ਰਾਪਤ ਕਰ ਸਕਦੇ ਹਨ। ਆਪਣੇ ਪਰਿਵਾਰ ਦੇ ਹੋਰ ਮੈਂਬਰਾਂ ਨੂੰ ਵੀ ਸਪਾਂਸਰ ਕਰ ਸਕਦੇ ਹਨ। ਜੇ ਯੋਗ ਹੋਣ ਤਾਂ Adult Migration English Program ਤੋਂ ਭਾਸ਼ਾ ਦੀ ਮੁਹਾਰਤ ਵੀ ਹਾਸਲ ਕਰ ਸਕਦੇ ਹਨ। ਸ਼ਹਿਰੀ ਬਣਨ ਵੱਲ ਵੀ ਵਧ ਸਕਦੇ ਹਨ।

**ਮੈਂ ਰਾਹਾਂ ਤੇ ਨਹੀਂ ਤੁਰਦਾ, ਮੈਂ ਤੁਰਦਾ ਹਾਂ ਤਾਂ ਰਾਹ ਬਣਦੇ**
**ਯੁਗਾਂ ਤੋਂ ਕਾਫਲੇ ਆਉਂਦੇ ਇਸੇ ਸੱਚ ਦੇ ਗਵਾਹ ਬਣਦੇ**

**ਇਹ ਤਪਦੀ ਰੇਤ ਦੱਸਦੀ ਹੈ ਕਿ ਰਸਤਾ ਠੀਕ ਹੈ ਮੇਰਾ**
**ਇਹ ਸੜਦੇ ਪੈਰ, ਠਰਦੇ ਦਿਲ, ਮੇਰੇ ਸੱਚ ਦੇ ਗਵਾਹ ਬਣਦੇ**

**ਜੁ ਲੋ ਮੱਥੇ 'ਚੋਂ ਫੁੱਟਦੀ ਹੈ, ਉਹ ਅਸਲੀ ਤਾਜ ਹੁੰਦੀ ਹੈ**
**ਤਵੀ ਦੇ ਤਖਤ 'ਤੇ ਬਹਿ ਕੇ ਹੀ ਸੱਚੇ ਪਾਤਸ਼ਾਹ ਬਣਦੇ**
**(ਸੁਰਜੀਤ ਪਾਤਰ)**

# - ਮਿੱਟੀ ਦੀ ਮਹਿਕ -

## ਜੰਗੇ ਆਜ਼ਾਦੀ ਦੇ ਇਤਿਹਾਸਕਾਰ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਸੁਰਗਵਾਸ

## ਮ੍ਰਿਤਕ ਦੇਹ ਪੀ ਜੀ ਆਈ ਚੰਡੀਗੜ੍ਹ ਨੂੰ ਖੋਜ ਕਾਰਜਾਂ ਲਈ ਦਾਨ



ਲੁਧਿਆਣਾ : 9 ਮਈ : ਜੰਗੇ ਆਜਾਦੀ ਦੇ ਤੱਥਮੂਲਕ ਇਤਿਹਾਸਕਾਰ ਤੇ ਗੁਰੂ ਨਾਨਕ ਇੰਜਨੀਰਿੰਗ ਕਾਲਿਜ ਲੁਧਿਆਣਾ ਵਿੱਚ ਲੰਮਾ ਸਮਾਂ ਹਿਉਮੇਨੇਟੀਜ ਦੇ ਪ੍ਰੋਫੈਸਰ ਰਹੇ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦਾ ਅੱਜ ਸਵੇਰੇ ਸਾਕੇਤੜੀ(ਪੰਚਕੂਲਾ) ਵਿਖੇ ਦੇਹਾਂਤ ਹੋ ਗਿਆ ਹੈ। ਕੁਝ ਸਮਾਂ ਪਹਿਲਾਂ ਹੀ ਉਨ੍ਹਾਂ ਆਪਣਾ 96ਵਾਂ ਜਨਮ ਦਿਨ ਮਨਾਇਆ ਸੀ।

ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਜੀ ਦਾ ਪਰਿਵਾਰ ਲੱਧੇਵਾਲਾ ਵੜੈਚ(ਗੁਜਰਾਂਵਾਲਾ) ਤੋਂ ਦੇਸ ਵੰਡ ਵੇਲੇ ਏਧਰ ਆ ਕੇ ਪਹਿਲਾਂ ਕਪੂਰਥਲਾ ਤੇ ਮਗਰੋਂ ਪੱਕੇ ਤੌਰ ਤੇ ਪਿੰਡ ਰਾਵਰ(ਕਰਨਾਲ) ਵਿੱਚ ਵੱਸਿਆ।

ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ 1960 ਤੋਂ 1989 ਤੀਕ ਗੁਰੂ ਨਾਨਕ ਇੰਜਨੀਰਿੰਗ ਕਾਲਿਜ ਵਿੱਚ ਪੜ੍ਹਾਉਂਦੇ ਰਹੇ। ਵਿਦਿਆਰਥੀਆਂ ਵਿੱਚ ਦੇਸ ਭਗਤ ਵਿਰਸਾ ਚੇਤਨਾ, ਸਿਰਜਣਾਤਮਕ ਸੋਝੀ, ਖੇਡ ਸੱਭਿਆਚਾਰ, ਸਵੈ ਅਨੁਸਾਸਨ ਤੇ ਭਾਈਚਾਰਕ ਸਕਤੀ ਦੀ ਨਿਰੰਤਰ ਉਸਾਰੀ ਉਨ੍ਹਾਂ ਦਾ ਮੂਲ ਉਦੇਸ ਰਿਹਾ। ਉਮਰ ਦੇ ਆਖਰੀ ਦੋ ਤਿੰਨ ਸਾਲ ਛੱਡ ਕੇ ਉਹ ਰੋਜਾਨਾ ਖੇਡ ਮੈਦਾਨ ਜਾਂ ਸੁਖਨਾ ਲੇਕ ਦੇ ਕੰਢੇ ਸਵੇਰਸਾਰ ਦੌੜਦੇ ਰਹੇ।

ਉਨ੍ਹਾਂ ਨੇ ਗਦਰ ਪਾਰਟੀ ਦੇ ਬਾਨੀ ਬਾਬਾ ਸੋਹਣ ਸਿੰਘ ਭਕਨਾ, ਬਾਬਾ ਹਰਨਾਮ ਸਿੰਘ ਕਾਲਾ ਸੰਘਿਆ, ਬਾਬਾ ਸੱਜਣ ਸਿੰਘ ਨਾਰੰਗਵਾਲ, ਸਹੀਦ ਭਗਤ ਸਿੰਘ ਦੇ ਸਾਥੀ ਪੰਡਿਤ ਕਿਸੋਰੀ ਲਾਲ, ਸਹੀਦ ਭਗਤ ਸਿੰਘ ਦੇ ਮਾਤਾ ਵਿਦਿਆਵਤੀ, ਬਾਬਾ ਹਰੀ ਸਿੰਘ ਉਸਮਾਨ, ਬਾਬਾ ਅਰਜਨ ਸਿੰਘ ਜਗਰਾਉਂ, ਬਾਬਾ ਰੂੜ ਸਿੰਘ ਚੂਹੜਚੱਕ, ਬਾਬਾ ਪਾਲਾ ਸਿੰਘ ਢੁੱਡੀਕੇ, ਸਹੀਦ ਜਤਿਨ ਦਾਸ ਦੇ ਭਰਾਤਾ ਕਿਰਨ ਦਾਦਾ ਤੇ ਅਨੇਕਾਂ ਹੋਰ ਦੇਸ ਭਗਤਾਂ ਦੀ ਸੰਗਤ ਮਾਣੀ।

ਜਲੰਧਰ ਵਿੱਚ ਆਪਣੇ ਸਾਥੀ ਸਹਿਯੋਗੀਆਂ ਤੇ ਵਿਸਵਾਸਪਾਤਰਾਂ ਦੀ ਸੰਗਤ ਨਾਲ ਉਨ੍ਹਾਂ ਯੁਵਕ ਕੇਂਦਰ ਦੀ ਸਥਾਪਨਾ ਕਰਕੇ ਪੂਰੇ ਪੰਜਾਬ ਵਿੱਚ ਸਹੀਦਾਂ ਵਿਰਾਸਤ ਚੇਤਨਾ ਦਾ ਪਰਚਮ ਲਹਿਰਾਇਆ।

ਆਪਣੇ ਪਿੱਛੋ ਉਹ ਆਪਣੀ ਇਕਲੌਤੀ ਬੇਟੀ ਡਾ. ਮਿੰਨਾ ਵੜੈਚ ਤੇ ਉਸ ਦੇ ਪਰਿਵਾਰ ਤੋਂ ਇਲਾਵਾ ਵਿਸਾਲ ਵਿਚਾਰਧਾਰਕ ਪਰਿਵਾਰ ਛੱਡ ਗਏ ਹਨ।

ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਜੀ ਦੇ ਵਿਦਿਆਰਥੀਆਂ ਵਿੱਚੋਂ ਸਹੀਦ ਭਗਤ ਸਿੰਘ ਦੇ ਭਣੇਵੇ ਪ੍ਰੋ. ਜਗਮੋਹਨ ਸਿੰਘ, ਪ੍ਰਿੰਸੀਪਲ ਮ ਸ ਪਰਮਾਰ, ਮਿਹਰ ਚੰਦ ਭਾਰਦਵਾਜ, ਤੋਂ ਇਲਾਵਾ ਸਾਹਿੱਤ ਖੇਤਰ ਵਿੱਚ ਅਜਮੇਰ ਰੋਡੇ, ਦਰਸਨ ਨੱਤ, ਉਜਾਗਰ ਸਿੰਘ ਕੰਵਲ, ਅਮੋਲਕ ਸਿੰਘ,ਅਜਮੇਰ ਸਿੰਘ,ਸੁਰਿੰਦਰ ਧੰਜਲ, ਕੰਵਲਜੀਤ ਸਿੰਘ ਢੁੱਡੀਕੇ, ਜਸਵੰਤ ਜਫਰ, ਗੁਰਿੰਦਰਜੀਤ ਤੇ ਪਰਮਜੀਤ ਧਾਲੀਵਾਲ ਨੇ ਚੰਗਾ ਨਾਮਣਾ ਖੱਟਿਆ।

ਪੰਜਾਬ ਰਾਜ ਬਿਜਲੀ ਬੋਰਡ ਦੇ ਹੁਣੇ ਸੇਵਾਮੁਕਤ ਹੋਏ ਚੇਅਰਮੈਨ ਸ. ਬਲਦੇਵ ਸਿੰਘ ਸਰਾਂ, ਗੁਰੂ ਕਾਸੀ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਬਾਨੀ ਵਾਈਸ ਚਾਂਸਲਰ ਡਾ. ਦਿਲਬਾਗ ਸਿੰਘ ਹੀਰਾ ਤੇ ਮਾਨਸਾ ਦੇ ਸਾਬਕਾ ਵਿਧਾਇਕ ਨਾਜਰ ਸਿੰਘ ਮਾਨਸਾਹੀਆ ਵੀ ਉਨ੍ਹਾਂ ਦੇ ਵਿਦਿਆਰਥੀ ਸਨ।

ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਨੇ 1989 ਵਿੱਚ ਨੌਕਰੀ ਤੋਂ ਸੇਵਾ ਮੁਕਤੀ ਉਪਰੰਤ ਲਾਅ ਦੀ ਪੜ੍ਹਾਈ ਕਰਕੇ ਆਪਣੇ ਭਣੇਵੇਂ ਤੇ ਪੰਜਾਬ ਹਰਿਆਣਾ ਹਾਈਕੋਰਟ ਦੇ ਸੀਨੀਅਰ ਐਡਵੋਕੇਟ ਰ ਸ ਚੀਮਾ ਨਾਲ ਕੁਝ ਸਮਾਂ ਵਕਾਲਤ ਵੀ ਕੀਤੀ। ਦੇਸ ਭਗਤ ਲਹਿਰਾਂ ਦੇ ਸੂਰਮਿਆਂ ਦੀਆਂ ਸਰਕਾਰ ਵੱਲੋਂ ਜਬਤ ਕੀਤੀਆਂ ਜਾਇਦਾਦਾਂ ਵੀ ਵਾਪਸ ਕਰਵਾਈਆਂ।

ਉਨ੍ਹਾਂ ਵੱਲੋਂ ਲਿਖੀਆਂ ਖੋਜ ਪੁਸਤਕਾਂ ਦੀ ਗਿਣਤੀ ਤੀਹ ਤੋਂ ਵੱਧ ਹੈ। ਪਹਿਲੇ ਤੇ ਦੂਜੇ ਲਾਹੌਰ ਸਾਜ[illegible]ਸ ਕੇਸ ਦੀ ਜੱਜਮੈਂਟ ਨੂੰ ਵੀ ਹਰੀਸ ਜੈਨ ਨਾਲ ਮਿਲ ਕੇ ਸੰਪਾਦਿਤ ਕੀਤਾ ਤੇ ਛਪਵਾਇਆ।

ਪ੍ਰੋ. ਮਲਵਿੰਦਰਜੀਤ ਸਿੰਘ ਨੇ ਸਰਾਭਾ ਪਿੰਡ ਵਿੱਚ ਸਹੀਦ ਕਰਤਾਰ ਸਿੰਘ ਸਰਾਭਾ ਯਾਦਗਾਰੀ ਹਸਪਤਾਲ ਤੇ ਮੈਡੀਕਲ ਕਾਲਿਜ ਖੁਲਵਾਉਣ ਵਿੱਚ ਮੁੱਢਲਾ ਯੋਗਦਾਨ ਪਾਇਆ ਅਤੇ ਸ ਸੁਖਦੇਵ ਸਿੰਘ ਸਰਾਭਾ ਤੇ ਮਿਹਰਚੰਦ ਭਾਰਦਵਾਜ ਨਾਲ ਮਿਲ ਕੇ ਬਦੇਸਾਂ ਵਿੱਚ ਵੱਸਦੇ ਵਿਦਿਆਰਥੀਆਂ ਦੀ ਮਦਦ ਨਾਲ ਵੱਡਾ ਫੰਡ ਇਕੱਠਾ ਕਰਕੇ ਦਿੱਤਾ।

ਮਾਲੇਰਕੋਟਲਾ ਵਿੱਚ ਅੰਗਰੇਜ ਹਕੂਮਤ ਵੱਲੋਂ ਸਹੀਦ ਕੀਤੇ 66 ਕੂਕਿਆਂ ਦੀ ਪਿੰਡਾਂ ਸਮੇਤ ਸੂਚੀ ਵੀ ਪ੍ਰੋ.ਵੜੈਚ ਨੇ ਤਿਆਰ ਕਰਕੇ ਨਾਮਧਾਰੀ ਪੰਥ ਨੂੰ ਸੌਂਪੀ।

ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਪੀ ਆਈ ਐਲ ਦਾਇਰ ਕਰਕੇ ਨਾਮਧਾਰੀ ਕੂਕਾ ਲਹਿਰ ਅਤੇ ਜਲ੍ਹਿਆਂਵਾਲਾ ਬਾਗ ਦੇ ਸਹੀਦਾਂ ਨੂੰ ਆਜਾਦੀ ਸੰਗਰਾਮ ਦਾ ਹਿੱਸਾ ਬਣਾਉਣ ਲਈ ਲੰਬੀ ਕਨੂੰਨੀ ਲੜਾਈ ਲੜੀ ਅਤੇ ਮਾਨਤਾ ਦੁਆਈ। ਗਦਰ ਲਹਿਰ ਨੂੰ ਆਜਾਦੀ ਸੰਗਰਾਮ ਦੀਆਂ ਲਹਿਰਾਂ ਵਿਚ ਚਦਰ ਲਹਿਰ ਲਿਖਿਆ ਹੋਇਆ ਸੀ ਜਿਸ ਬਾਰੇ ਸਰਕਾਰ ਨੂੰ ਕਈ ਚਿੱਠੀਆਂ ਲਿਖੀਆਂ। ਫਿਰ ਇਸ ਵਿਚ ਵੀ ਸੋਧ ਅਦਾਲਤ ਵਿੱਚ ਕੇਸ ਕਰਕੇ ਕਰਵਾਈ ਸੀ।

ਗਦਰੀ ਬਾਬਾ ਹਰਨਾਮ ਸਿੰਘ ਕਾਲਾ ਸੰਘਿਆਂ ਦੀ ਨਿਲਾਮ ਕੀਤੀ ਜਮੀਨ ਦੇ ਮੁਆਵਜੇ ਲਈ ਸਰਕਾਰੀ ਤੰਤਰ ਵਲੋਂ ਨਾਂਹਪੱਖੀ ਰਵੱਈਆ ਅਪਣਾਉਣ ਤੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਪੀ ਆਈ ਐਲ ਰਾਹੀਂ ਨਾਂ ਸਿਰਫ ਬਾਬਾ ਹਰਨਾਮ ਸਿੰਘ ਕਾਲਾ ਸੰਘਿਆਂ ਦੇ ਪੋਤਰਿਆਂ ਨੂੰ 35 ਲੱਖ ਰੁਪਏ ਮੁਆਵਜਾ ਦੁਆਇਆ ਸਗੋਂ ਆਪਣੀਆਂ ਦਲੀਲਾਂ ਨਾਲ ਜੱਜਾਂ ਨੂੰ ਐਨਾ ਕਾਇਲ ਕੀਤਾ ਕਿ ਉਨ੍ਹਾਂ ਨੇ ਆਜਾਦੀ ਸੰਗਰਾਮ ਦੀ ਕਿਸੇ ਵੀ ਲਹਿਰ ਦੇ ਦੇਸ ਭਗਤ ਦੀ ਜਬਤ/ ਨਿਲਾਮ ਹੋਈ ਜਮੀਨ ਵਾਰਸਾਂ ਨੂੰ ਮੋੜਨ ਜਾਂ ਮੌਜੂਦਾ ਭਾਅ ਬਰਾਬਰ ਮੁਆਵਜਾ ਦੇਣ ਦਾ ਹੁਕਮ ਸੁਣਾਇਆ ਸੀ।

ਅੰਗਰੇਜੀ, ਹਿੰਦੀ ਤੇ ਪੰਜਾਬੀ ਵਿਚ ਲਿਖੀਆਂ/ਅਨੁਵਾਦਿਤ/ਸੰਪਾਦਤ 62 ਕਿਤਾਬਾਂ ਹਨ ਅਤੇ ਹੋਰ 5 ਕਿਤਾਬਾਂ ਦੀ ਪੀ ਡੀ ਐਫ ਪਾਠਕਾਂ ਨੂੰ ਵੰਡ ਗਏ ਹਨ।

ਇਨਕਲਾਬੀ ਦੇਸ ਭਗਤਾਂ ਬਾਰੇ ਲਿਖਣ ਵਾਲੇ ਲੇਖਕਾਂ ਨੂੰ ਉਹ ਆਪਣੇ ਖਜਾਨੇ ਵਿਚੋਂ ਦਸਤਾਵੇਜ ਫੋਟੋ ਕਾਪੀਆਂ ਕਰਵਾ ਕੇ ਬੜੇ ਚਾਅ ਨਾਲ ਭੇਜਦੇ ਸਨ।

ਆਜਾਦੀ ਸੰਗਰਾਮ ਦੀਆਂ ਲਹਿਰਾਂ ਦੀ ਜਾਣਕਾਰੀ ਦੇ 41 ਵੱਡ ਅਕਾਰੀ ਪੈਨਲ ਨੈਸਨਲ ਗੈਲਰੀ ਆਫ ਪੋਰਟਰੇਟ 17 ਸੈਕਟਰ ਚੰਡੀਗੜ੍ਹ ਵਿੱਚ ਬਣਾਉਣ ਦੀ ਪ੍ਰਮੁੱਖ ਭੂਮਿਕਾ ਅਦਾ ਕੀਤੀ।

ਆਪਣੇ 52 ਸਾਲਾਂ ਦੇ ਖੋਜੀ ਜੀਵਨ ਦੌਰਾਨ ਇਨਕਲਾਬੀ ਦੇਸ ਭਗਤਾਂ ਨਾਲ ਸਬੰਧਤ ਹਜਾਰਾਂ ਦਸਤਾਵੇਜ, ਬੇਸਕੀਮਤੀ ਕਿਤਾਬਾਂ ਅਤੇ ਗਦਰੀ ਬਾਬਿਆਂ ਦੀਆਂ ਨਿੱਜੀ ਵਸਤਾਂ ਉਹ ਆਪਣੇ ਸਭ ਤੋਂ ਪਿਆਰੇ ਸਾਗਿਰਦ ਸੀਤਾ ਰਾਮ ਬਾਂਸਲ ਅਤੇ ਉਸਦੀ ਜੀਵਨ ਸਾਥਣ ਬਲਵਿੰਦਰ ਕੌਰ ਬਾਂਸਲ ਨੂੰ ਸੌਂਪ ਗਏ ਹਨ। ਬਾਂਸਲ ਜੋੜੀ ਨੇ ਇਹ ਦਸਤਾਵੇਜ ਅਤੇ ਕਿਤਾਬਾਂ ਖੋਜੀਆਂ ਦੀ ਸਹੂਲਤ ਲਈ ਆਪਣੇ ਜਲੰਧਰ ਸਹਿਰ ਵਿਚਲੇ ਆਪਣੇ ਘਰ ਵਿਚ "ਪ੍ਰੋਫੈਸਰ ਮਲਵਿੰਦਰ ਜੀਤ ਸਿੰਘ ਵੜੈਚ ਰੈਵੋਲਿਊਸਨਰੀ ਰਿਚਰਚ ਸੈਂਟਰ" ਵਿਚ ਰੱਖੇ ਹੋਏ ਹਨ।

ਸਾਡੇ ਪਰਿਵਾਰ ਲਈ ਇਹ ਨਿੱਜੀ ਘਾਟਾ ਹੈ ਕਿਉਂਕਿ ਉਹ ਮੇਰੇ ਸਭ ਤੋਂ ਵੱਡੇ ਭੂਆ ਜੀ ਦੇ ਵਿਚਕਾਰਲੇ ਸਪੁੱਤਰ ਸਨ।

ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦੇ ਭਣੇਵੇਂ ਸ. ਰ ਸ ਚੀਮਾ ਨੇ ਦੱਸਿਆ ਹੈ ਕਿ ਉਨ੍ਹਾਂ ਦੀ ਇੱਛਾ ਅਨੁਸਾਰ ਮ੍ਰਿਤਕ ਦੇਹ ਪੀ ਜੀ ਆਈ ਚੰਡੀਗੜ੍ਹ ਨੂੰ ਖੋਜ ਕਾਰਜਾਂ ਲਈ ਸੌਂਪ ਦਿੱਤੀ ਗਈ ਹੈ।



ਗੁਰਭਜਨ ਗਿੱਲ

# ਸੰਪਾਦਕ ਅਵਤਾਰ ਐਸ. ਸੰਘਾ ਦੀ ਪੁਸਤਕਾਂ ਤੇ ਹੋਰ ਰਚਨਾਵਾਂ ਤੇ ਪ੍ਰਾਪਤੀਆਂ ਦੀ ਸੂਚੀ

1). **ਸਿਡਨੀ ਦੀਆਂ ਰੇਲ ਗੱਡੀਆਂ** (ਕਹਾਣੀ-ਨੁਮਾ ਲੇਖ ਅਤੇ ਲੇਖ-ਨੁਮਾ ਕਹਾਣੀਆਂ) ਸਿੰਘ ਬ੍ਰਦਰਜ਼, ਸਿਟੀ ਸੈਂਟਰ, ਅੰਮ੍ਰਿਤਸਰ
2). **ਦਿਲਹੁ ਮੁਹੱਬਤ ਜਿਨ** (ਨਾਵਲ), ਲੋਕਗੀਤ ਪ੍ਰਕਾਸ਼ਨ, ਮੋਹਾਲੀ (2011)
3). **ਖਿਲੌਰੀ ਅੱਖਾਂ** (ਕਹਾਣੀ ਸੰਗ੍ਰਹਿ), ਪੰਜ ਆਬ ਪ੍ਰਕਾਸ਼ਨ, ਜਲੰਧਰ (2013)
4). **ਘੋੜਾ ਡਾਕਟਰ** (ਕਹਾਣੀ ਸੰਗ੍ਰਹਿ), ਲੋਕਗੀਤ ਪ੍ਰਕਾਸ਼ਨ, ਮੋਹਾਲੀ (2019)
5). ………**'ਤੇ ਪ੍ਰੀਖਿਆ ਚਲਦੀ ਰਹੀ** (ਨਾਵਲ) (2021) ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ
6). **5 ਪਰਵਾਸੀ ਕਹਾਣੀਕਾਰ** (ਸੰਪਾਦਿਤ), ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ(2021)
7). ਸੰਨ 2026 ਦੇ ਅੰਤ ਤੱਕ ਡਾ: ਅਵਤਾਰ ਐਸ. ਸੰਘਾ ਦੀਆਂ ਦੋ ਕਹਾਣੀ ਸੰਗ੍ਰਿਹ ਛਪ ਕੇ ਬਾਜ਼ਾਰ ਵਿੱਚ ਆ ਰਹੇ ਹਨ। (1) **ਮੈਹਲਾ ਮਾਜਰਾ ਤੇ ਹੋਰ ਕਹਾਣੀਆਂ** (2) **Free Train Ride and other stories (English)**
8). **ਮੰਗਵੇਂ ਕੋਟ ਦਾ ਨਿੱਘ** (ਕਹਾਣੀ ਸੰਗ੍ਰਹਿ), ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ (2023)
9). **ਸੇਵਾਮੁਕਤ ਸੈਲਾਨੀ ਤੇ ਹੋਰ ਲੇਖ** (ਵਾਰਤਕ) (2025) ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ
10). ਲੇਖਕ ਦਾ ਨਵਾਂ ਕਹਾਣੀ ਸੰਗ੍ਰਹਿ **'ਕੁੜੀ ਕਹਾਣੀ ਬਣਦੀ ਗਈ'** (ਕਹਾਣੀ ਸੰਗ੍ਰਹਿ), ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ (2025)
11). **'ਦਾ ਪੰਜਾਬ ਹੈਰਲਡ'** (ਦੋ ਭਾਸ਼ੀ ਮਾਸਿਕ ਪਰਚਾ) 2014 ਸ਼ੁਰੂ ਤੋਂ ਚਲਦਾ ਆ ਰਿਹਾ ਹੈ।
12). **ਵਿਚਾਰਾ ਵਿਲੀਅਮ, ਓਵਰਟਾਈਮ ਤੇ ਮੈਂ ਸਿਡਨੀ ਤੋਂ ਸੂਬੇਦਾਰ ਸਰੈਣ ਸਿੰਘ ਬੋਲਦਾਂ** (ਤਿੰਨ ਲਘੂ ਨਾਟਕ) ਮੀਡੀਆ ਪੰਜਾਬ, ਜਰਮਨੀ ਤੇ ਪੜ੍ਹੋ
13). 5 Essays in English
14). ਲੇਖਕ ਦੀਆਂ ਪੁਸਤਕਾਂ **'ਮੰਗਵੇਂ ਕੋਟ ਦਾ ਨਿੱਘ', 'ਸਿਡਨੀ ਦੀਆਂ ਰੇਲ ਗੱਡੀਆਂ'** ਅਤੇ **'ਸੇਵਾਮੁਕਤ ਸੈਲਾਨੀ ਤੇ ਹੋਰ ਲੇਖ'** ਦੀਆਂ ਆਡੀਓ ਵੀ ਸੁਹਾਵੀ ਡਾਟ ਕਾਮ ਤੇ ਉਪਲੱਬਧ ਹੋ ਗਈਆਂ ਹਨ। ਇਨ੍ਹਾਂ ਦਾ Suhaviaudiobooks.com ਵਲੋਂ ਆਡੀਓ ਬਣਾਇਆ ਗਿਆ ਹੈ।
15). Keerti, Kalicharan, and Karla--a short story in English fiction book-- 'Tales of Our Times: An Elixir for the Wise'--edited by Dr. Sushminderjeet Kaur, Head, Post-graduate Deptt.of English, GGN Khalsa College, Ludhiana
16). Essay--Ageing Cautiously and Conscientiously--in the book--'Life after 65'--edited by Dr. M. L. Sood, retd. Professor PAU, Ludhiana.
17). ਚੰਦ ਰਿਸਰਚ ਲੇਖ ਅੰਗਰੇਜ਼ੀ ਵਿੱਚ ਜਿਵੇਂ Entropic Vision of Thomas Pynchon ਤੇ Another Contem porary Novelist in hiding.
18). The Tribune, Chandigarh ਨੇ 1983 ਤੋਂ 1986 ਤੱਕ ਲੇਖਕ ਦੀਆਂ 6 ਕਹਾਣੀਆਂ ਅੰਗਰੇਜ਼ੀ ਵਿੱਚ ਛਾਪੀਆਂ। ਬਾਅਦ ਵਿੱਚ ਇਹ 6 ਤੇ 5 ਹੋਰ ਹੈਦਰਾਬਾਦ ਦੇ Vipula ਰਸਾਲੇ ਨੇ ਤੇਲਗੂ ਵਿੱਚ ਅਨੁਵਾਦ ਕਰਕੇ ਛਾਪੀਆਂ।
19). ਲੇਖਕ ਦੀਆਂ 22 ਕਹਾਣੀਆਂ ਪੰਜਾਬੀ ਟ੍ਰਿਬਿਊਨ, 6 ਪ੍ਰੀਤ ਲੜੀ, 4 ਪੰਜ ਦਰਿਆ (UK), 13 Likhari.net, 3 ਡੇਲੀ ਆਸ਼ਿਆਨਾ (ਪਟਿਆਲਾ), 2 ਪੰਜਾਬ ਟਾਈਮਜ਼ (USA), 4 ਟ੍ਰਿਬਿਊਨ, 4 'ਸਰੋਕਾਰ' ਯੂ. ਐਸ. ਵਿੱਚ, 2 'ਪਰਵਾਸ' ਲੁਧਿਆਣਾ ਵਿੱਚ, 1 ਲੇਖ ਤੇ 1 ਕਹਾਣੀ'ਅਜੀਤ' ਜਲੰਧਰ ਵਿੱਚ, 3 ਰੋਜ਼ਾਨਾ ਸਪੋਕਸਮੈਨ ਮੋਹਾਲੀ ਵਿੱਚ ਅਤੇ 15 ਕੁ ਕਹਾਣੀਆਂ ਕੈਨੇਡਾ ਤੇ ਅਮਰੀਕਾ ਦੇ ਹੋਰ ਅਖਬਾਰਾਂ ਵਿੱਚ ਛਪ ਚੁੱਕੀਆਂ ਹਨ।
20). ਲੇਖਕ ਦੀ ਅੰਗਰੇਜੀ ਦੀਆਂ ਕਹਾਣੀਆਂ ਦੀ ਪੁਸਤਕ **'Storm in a Teacup and other stories'** ਉੱਪਰ ਜੀ. ਜੀ. ਐਨ. ਖਾਲਸਾ ਕਾਲਜ ਲੁਧਿਆਣਾ ਦੀ ਅੰਗਰੇਜ਼ੀ ਦੀ ਪੋਸਟ ਗ੍ਰੈਜੂਏਟ ਜਮਾਤਾਂ ਦੀ ਹੈਡ ਡਾ: ਸੁਸ਼ਮਿੰਦਰਜੀਤ ਕੌਰ ਵਲੋਂ 1 ਮਈ 2025 ਨੂੰ ਬਰਧਮਾਨ ਯੂਨੀਵਰਸਿਟੀ ਪੱਛਮੀ ਬੰਗਾਲ ਵਿਖੇ ਪਰਚਾ ਪੜ੍ਹਿਆ ਗਿਆ।
21). ਲੇਖਕ ਦੀਆਂ ਰਚਨਾਵਾਂ ਤੇ ਉੱਤਰੀ ਭਾਰਤ ਦੀ ਇੱਕ ਯੂਨੀਵਰਸਿਟੀ ਵਿੱਚ ਇੱਕ ਖੋਜਾਰਥੀ ਲੜਕੀ ਵਲੋਂ ਪੀ. ਐਚ. ਡੀ. ਕੀਤੀ ਜਾ ਰਹੀ ਏ।
22). ਲੇਖਕ ਦੀ ਕਹਾਣੀ 'ਚੋਰ ਅੱਖ' ਐਸ.ਡੀ ਕਾਲਜ ਪਠਾਨਕੋਟ ਦੀ ਪ੍ਰੋ: (ਅੰਗਰੇਜ਼ੀ) ਛਾਇਆ ਸ਼ਰਮਾ ਨੇ ਅੰਗਰੇਜ਼ੀ ਵਿੱਚ ਅਨੁਵਾਦ ਕੀਤੀ ਤੇ ਛਪਵਾਈ।
23). ਲੇਖਕ ਦੀਆਂ ਤਿੰਨ ਪੁਸਤਕਾਂ **ਮੰਗਵੇਂ ਕੋਟ ਦਾ ਨਿੱਘ, ਸੇਵਾਮੁਕਤ ਸੈਲਾਨੀ ਤੇ ਹੋਰ ਲੇਖ** ਅਤੇ **Storm in a Tea Cup & Other Stories** ਪੰਜਾਬ ਭਵਨ ਸਰੀ (ਕੈਨੇਡਾ) ਵਿਖੇ 8 ਸਤੰਬਰ 2024 ਨੂੰ ਲੋਕ ਅਰਪਣ ਕੀਤੀਆਂ ਗਈਆਂ। ਇਸ ਸਮੇਂ ਲੇਖਕ ਨੂੰ ਸਨਮਾਨਿਤ ਵੀ ਕੀਤਾ ਗਿਆ।
24). ਲੇਖਕ ਨੂੰ 15 ਸਤੰਬਰ 2024 ਨੂੰ ਸੈਕਰਾਮੈਂਟੋ (ਯੂ. ਐਸ.) ਗਦਰੀ ਬਾਬਿਆਂ ਦੇ ਮੇਲੇ ਸਮੇਂ ਵੀ ਮੇਲਾ ਕਮੇਟੀ ਵਲੋਂ ਸਨਮਾਨਿਤ ਕੀਤਾ ਗਿਆ।
25). ਅਵਤਾਰ ਸੰਘਾ ਯੂ-ਟਿਊਬ ਚੈਨਲ ਵੀ ਸ਼ੁਰੂ ਹੋ ਚੁੱਕਾ ਹੈ।
26). ਲੇਖਕ ਦੀਆਂ 3 ਪੁਸਤਕਾਂ **'ਮੰਗਵੇਂ ਕੋਟ ਦਾ ਨਿੱਘ'**, '…..**'ਤੇ ਪ੍ਰੀਖਿਆ ਚਲਦੀ ਰਹੀ'** ਅਤੇ **'ਸੇਵਾਮੁਕਤ ਸੈਲਾਨੀ ਤੇ ਹੋਰ ਲੇਖ'** ਪ੍ਰੋ: ਸੁਖਵੰਤ ਸਿੰਘ ਗਿੱਲ ਨੇ ਆਪਣੀ ਸੰਪਾਦਿਤ ਪੁਸਤਕ 'ਕਿਤਾਬਾਂ ਬੋਲਦੀਆਂ' ਵਿੱਚ ਦਰਜ ਕੀਤੀਆਂ ਹਨ।
27). 15 ਨਵੰਬਰ 2025 ਨੂੰ ਅਕਾਲ ਚੈਨਲ ਟੀ. ਵੀ. ਚੈਨਲ ਤੇ ਡਾ: ਸੰਘਾ ਦੇ ਗਲਪ ਨਿੱਕੀ ਹੁਨਰੀ ਕਹਾਣੀ ਬਾਰੇ ਵਿਚਾਰ ਪੇਸ਼ ਕੀਤੇ।

ਆਜ਼ਾਦ ਬੁੱਕ ਡੀਪੋ, ਹਾਲ ਬਜ਼ਾਰ, ਅੰਮ੍ਰਿਤਸਰ (ਪੰਜਾਬ) ਸੰਪਰਕ 0183-2292513, ਮੋਬਾ: 94631-70369

# ਪੰਜਾਬ ’ਚ ਝੋਨੇ ਦੀ ਲੁਆਈ ਪਹਿਲੀ ਜੂਨ ਤੋਂ ਹੋਵੇਗੀ ਸ਼ੁਰੂ, ਪਰਵਾਸੀ ਮਜ਼ਦੂਰ ਲੱਗੇ ਪਹੁੰਚਣ

ਪੰਜਾਬ ਵਿੱਚ ਭਲਕੇ ਪਹਿਲੀ ਜੂਨ ਤੋਂ ਝੋਨੇ ਦੀ ਲੁਆਈ ਸੁਰੂ ਹੋਣ ਜਾ ਰਹੀ ਹੈ। ਸੂਬੇ ਵਿੱਚ ਇਹ ਲੁਆਈ ਕੁੱਲ ਤਿੰਨ ਪੜਾਵਾਂ ਵਿੱਚ ਕੀਤੀ ਜਾਵੇਗੀ। ਪਹਿਲੇ ਪੜਾਅ ਵਿੱਚ ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ, ਤਰਨਤਾਰਨ, ਰੂਪਨਗਰ ਅਤੇ ਮੁਹਾਲੀ ਜਿਲ੍ਹੇ ਸਾਮਲ ਹਨ। ਦੂਜੇ ਪੜਾਅ ਤਹਿਤ ਮਾਲਵਾ ਖੇਤਰ ਵਿੱਚ ਇਹ ਲੁਆਈ 5 ਜੂਨ ਤੋਂ ਆਰੰਭ ਹੋਵੇਗੀ, ਜਿਸ ਵਿੱਚ ਬਠਿੰਡਾ, ਫਰੀਦਕੋਟ, ਸ੍ਰੀ ਮੁਕਤਸਰ ਸਾਹਿਬ, ਫਿਰੋਜਪੁਰ ਅਤੇ ਫਾਜਿਲਕਾ ਜਿਲ੍ਹੇ ਸਾਮਲ ਹਨ। ਇਸੇ ਤਰ੍ਹਾਂ ਪੰਜਾਬ ਸਰਕਾਰ ਵੱਲੋਂ ਜਾਰੀ ਹੁਕਮਾਂ ਅਨੁਸਾਰ, ਤੀਜੇ ਪੜਾਅ ਵਿੱਚ 9 ਜੂਨ ਤੋਂ ਮਾਨਸਾ, ਬਰਨਾਲਾ, ਮੋਗਾ, ਸੰਗਰੂਰ, ਜਲੰਧਰ, ਪਟਿਆਲਾ, ਮਲੇਰਕੋਟਲਾ, ਲੁਧਿਆਣਾ, ਕਪੂਰਥਲਾ ਅਤੇ ਨਵਾਂਸਹਿਰ ਜਿਲ੍ਹਿਆਂ ਵਿੱਚ ਝੋਨੇ ਦੀ ਲੁਆਈ ਸੁਰੂ ਹੋਵੇਗੀ।

ਇਸੇ ਦੌਰਾਨ ਝੋਨੇ ਦੀ ਲੁਆਈ ਨੂੰ ਲੈ ਕੇ ਵੱਡੇ ਪੱਧਰ ’ਤੇ ਪਰਵਾਸੀ ਮਜਦੂਰ ਮਾਨਸਾ ਅਤੇ ਬਠਿੰਡਾ ਦੇ ਰੇਲਵੇ ਸਟੇਸਨਾਂ ’ਤੇ ਰਾਤ ਨੂੰ ਆਉਣ ਵਾਲੀਆਂ ਰੇਲ ਗੱਡੀਆਂ (ਜਿਵੇਂ ਕਿ ਪੰਜਾਬ ਮੇਲ ਅਤੇ ਆਭਾ ਐਕਸਪ੍ਰੈਸ) ਰਾਹੀਂ ਪਹੁੰਚਣ ਲੱਗੇ ਹਨ। ਇਨ੍ਹਾਂ ਪਰਵਾਸੀ ਮਜਦੂਰਾਂ ਨੂੰ ਸਵੇਰੇ ਹੀ ਪਿੰਡਾਂ ’ਚੋਂ ਆਏ ਕਿਸਾਨ ਆਪੋ-ਆਪਣੇ ਸਾਧਨਾਂ ਰਾਹੀਂ ਆਪਣੀਆਂ ਮੋਟਰਾਂ (ਖੇਤਾਂ) ’ਤੇ ਲੈ ਕੇ ਜਾ ਰਹੇ ਹਨ। ਪਰਵਾਸੀ ਮਜਦੂਰਾਂ ਨੇ ਝੋਨੇ ਦੀ ਲੁਆਈ ਲਈ ਪੂਰੀ ਤਿਆਰੀ ਖਿੱਚ ਲਈ ਹੈ, ਜਦੋਂ ਕਿ ਦੂਜੇ ਪਾਸੇ ਪਿੰਡਾਂ ਦੇ ਸਥਾਨਕ ਮਜਦੂਰਾਂ ਵੱਲੋਂ ਵੀ ਝੋਨਾ ਲਾਉਣ ਲਈ ਕਿਸਾਨਾਂ ਨਾਲ ਹਰ ਤਰ੍ਹਾਂ ਦੀ ਸਾਂਝੇਦਾਰੀ ਕਾਇਮ ਕੀਤੀ ਹੋਈ ਹੈ।



ਪਿੰਡਾਂ ’ਚੋਂ ਹਾਸਲ ਕੀਤੇ ਵੇਰਵਿਆਂ ਤੋਂ ਪਤਾ ਲੱਗਿਆ ਹੈ ਕਿ ਇਸ ਵਾਰ ਕਿਸਾਨਾਂ ਵਿੱਚ ਝੋਨੇ ਦੀ ਸਿੱਧੀ ਬਿਜਾਈ ਦਾ ਰੁਝਾਨ ਪਹਿਲਾਂ ਨਾਲੋਂ ਕਾਫੀ ਘਟਿਆ ਹੈ। ਅਜੇ ਵੀ ਅਨੇਕਾਂ ਪਿੰਡਾਂ ਵਿੱਚ ਕਿਸਾਨਾਂ ਵੱਲੋਂ ਸਥਾਨਕ ਪੰਜਾਬੀ ਮਜਦੂਰਾਂ ਅਤੇ ਪਰਵਾਸੀ ਮਜਦੂਰਾਂ ਨਾਲ ਝੋਨੇ ਦੀ ਇਸ ਲੁਆਈ ਲਈ ਲਗਾਤਾਰ ਰਾਬਤਾ ਕਾਇਮ ਕੀਤਾ ਜਾ ਰਿਹਾ ਹੈ।

ਉਧਰ ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੋਰਾ ਸਿੰਘ ਭੈਣੀਬਾਘਾ ਨੇ ਕਿਹਾ ਕਿ ਇਸ ਵਾਰ ਕਿਸਾਨਾਂ ਨੂੰ ਹੱਥੀਂ ਝੋਨਾ ਲਾਉਣ ਵਾਲੀ ਲੇਬਰ ਦੀ ਕੋਈ ਵੱਡੀ ਘਾਟ ਨਹੀਂ ਰੜਕੇਗੀ ਅਤੇ ਆਉਣ ਵਾਲੇ ਦਿਨਾਂ ਵਿੱਚ ਜਦੋਂ ਲੁਆਈ ਦਾ ਜੋਰ ਪਵੇਗਾ ਤਾਂ ਹੋਰ ਪਰਵਾਸੀ ਮਜਦੂਰਾਂ ਦੇ ਪਹੁੰਚਣ ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ਝੋਨੇ ਲਈ ਕਿਸਾਨਾਂ ਦੀ ਪਨੀਰੀ ਬਿਲਕੁਲ ਤਿਆਰ ਹੈ ਅਤੇ ਪਿਛਲੇ ਦੋ ਦਿਨਾਂ ਤੋਂ ਪੈ ਰਹੀਆਂ ਹਲਕੀਆਂ ਕਣੀਆਂ ਨੇ ਠੰਢਕ ਕਾਰਨ ਪਨੀਰੀ ਨੂੰ ਹੋਰ ਨਿਰੋਈ ਕਰ ਦਿੱਤਾ ਹੈ।

**ਬਣਾਂਵਾਲਾ ਤਾਪਘਰ ਵੱਲੋਂ ਨਿਰਵਿਘਨ ਸਪਲਾਈ ਜਾਰੀ ਰੱਖਣ ਦਾ ਭਰੋਸਾ**

ਇਸੇ ਦੌਰਾਨ ਵੇਦਾਂਤਾ ਪਾਵਰ ਵੱਲੋਂ ਮਾਨਸਾ ਨੇੜਲੇ ਪਿੰਡ ਬਣਾਂਵਾਲਾ ਵਿਖੇ ਨਿੱਜੀ ਭਾਈਵਾਲੀ ਤਹਿਤ ਲੱਗੇ ਉੱਤਰੀ ਭਾਰਤ ਦੇ ਸਭ ਤੋਂ ਵੱਡੇ ਤਾਪਘਰ ਦੇ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਝੋਨੇ ਦੀ ਸੀਜ਼ਨ ਨੂੰ ਮੁੱਖ ਰੱਖਦਿਆਂ ਹੋਇਆ ਲਗਾਤਾਰ ਬਿਜਲੀ ਸਪਲਾਈ ਜਾਰੀ ਰੱਖੀ ਜਾਵੇਗੀ, ਜਿਸ ਲਈ ਪਹਿਲਾਂ ਤੋਂ ਪ੍ਰਬੰਧ ਪੂਰੇ ਕੀਤੇ ਹੋਏ ਹਨ। 1980 ਮੈਗਾਵਾਟ ਦਾ ਇਹ ਤਾਪਘਰ ਪੰਜਾਬ ਵਿੱਚ ਬਿਜਲੀ ਸਪਲਾਈ ਦਾ ਇਸ ਵੇਲੇ ਸਭ ਤੋਂ ਵੱਡਾ ਸਰੋਤ ਮੰਨਿਆ ਜਾਂਦਾ ਹੈ।

# ਕੇਵਲ ਢਿੱਲੋਂ ਦੀ ਅਗਵਾਈ ਹੇਠ 2027 ਵਿੱਚ ਪੰਜਾਬ ‘ਚ ਖਿੜੇਗਾ ਕਮਲ

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸੂਬਾ ਪ੍ਰਧਾਨ ਕੇਵਲ ਢਿੱਲੋਂ ਦੀ ਅਗਵਾਈ ਵਿੱਚ ਪੰਜਾਬ ‘ਚ “ਇੱਕਤਰਫਾ“ ਜਿੱਤ ਦਰਜ ਕਰੇਗੀ।



ਐਤਵਾਰ ਨੂੰ ਕਪੂਰਥਲਾ ਦੇ ਮਾਤਾ ਭੱਦਰਕਾਲੀ ਮੰਦਰ ਦੇ ਦਰਸਨਾਂ ਲਈ ਆਏ ਸੈਣੀ ਨੇ ਪੰਜਾਬ ਇਕਾਈ ਦੇ ਨਵੇਂ ਨਿਯੁਕਤ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੂੰ ਵਧਾਈ ਦਿੱਤੀ।

ਢਿੱਲੋਂ ਦੀ ਨਿਯੁਕਤੀ ਨੂੰ ਲੈ ਕੇ ਕੈਪਟਨ ਅਮਰਿੰਦਰ ਸਿੰਘ ਦੇ ਇਤਰਾਜਾਂ ਦਾ ਜਵਾਬ ਦਿੰਦਿਆਂ ਸੈਣੀ ਨੇ ਕਿਹਾ ਕਿ ਪਾਰਟੀ ਦੀ ਸੂਬਾ ਇਕਾਈ ਦੇ ਆਗੂ ਇਕੱਠੇ ਹਨ ਅਤੇ ਢਿੱਲੋਂ ਨੂੰ ਕੈਪਟਨ ਅਮਰਿੰਦਰ ਸਿੰਘ ਦਾ ਆਸੀਰਵਾਦ ਵੀ ਹਾਸਲ ਹੈ।

ਸਥਾਨਕ ਚੋਣਾਂ ਤੋਂ ਬਾਅਦ ਸੂਬੇ ਵਿੱਚ ਭਾਜਪਾ ਦੀਆਂ ਸੰਭਾਵਨਾਵਾਂ ਬਾਰੇ ਪੁੱਛੇ ਸਵਾਲਾਂ ਦਾ ਜਵਾਬ ਦਿੰਦਿਆਂ ਸੈਣੀ ਨੇ ਕਿਹਾ, “ਪੰਜਾਬ ਵਿੱਚ ਭਾਜਪਾ ਆਉਣ ਵਾਲੀਆਂ ਚੋਣਾਂ ਇਕੱਲਿਆਂ ਹੀ ਲੜੇਗੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਜਪਾ ‘ਇੱਕਤਰਫਾ’ ਜਿੱਤ ਦਰਜ ਕਰੇਗੀ। ਪੰਜਾਬ ਦੇ ਲੋਕਾਂ ਨੇ ਭਾਜਪਾ ਲਈ ਮਨ ਬਣਾ ਲਿਆ ਹੈ। ਪ੍ਰਧਾਨ ਮੰਤਰੀ ਦੀਆਂ ਜਿਹੜੀਆਂ ਨੀਤੀਆਂ ਅਤੇ ਸਕੀਮਾਂ ਅਸੀਂ ਹਰਿਆਣਾ ਵਿੱਚ ਚਲਾ ਰਹੇ ਹਾਂ, ਉਹ ਇੱਥੇ ਵੀ ਲਾਗੂ ਕੀਤੀਆਂ ਜਾਣਗੀਆਂ।“

ਕੇਵਲ ਸਿੰਘ ਢਿੱਲੋਂ ਬਾਰੇ ਸੈਣੀ ਨੇ ਕਿਹਾ, “ਉਹ ਬਹੁਤ ਚੰਗੇ ਇਨਸਾਨ ਹਨ। ਉਨ੍ਹਾਂ ਦੀ ਅਗਵਾਈ ਹੇਠ ਪੰਜਾਬ ਵਿੱਚ ਕਮਲ ਖਿੜਨ ਜਾ ਰਿਹਾ ਹੈ। ਪਾਰਟੀ ਨੇ ਉਨ੍ਹਾਂ ਨੂੰ ਵੱਡੀ ਜ਼ਿੰਮੇਵਾਰੀ ਸੌਂਪੀ ਹੈ। ਮੈਂ ਤਹਿ ਦਿਲੋਂ ਉਨ੍ਹਾਂ ਦਾ ਸੁਆਗਤ ਕਰਦਾ ਹਾਂ।“

ਜਦੋਂ ਸੈਣੀ ਨੂੰ ਪੁੱਛਿਆ ਗਿਆ ਕਿ ਕੀ ਦੂਜੀਆਂ ਪਾਰਟੀਆਂ ਦੇ ਆਗੂ ਭਾਜਪਾ ਦੇ ਸੰਪਰਕ ਵਿੱਚ ਹਨ, ਤਾਂ ਉਨ੍ਹਾਂ ਨੇ ਜਵਾਬ ਦਿੱਤਾ, “ਸਾਡੇ ‘ਸੰਪਰਕ’ ਵਿੱਚ ਕੋਈ ਨਹੀਂ ਹੈ। ਅਸੀਂ ਜਿਸ ਦੇ ਸੰਪਰਕ ਵਿੱਚ ਹਾਂ, ਉਹ ਸਿਰਫ ਪੰਜਾਬ ਦੇ ਲੋਕ ਹਨ। ਉਨ੍ਹਾਂ ਨੇ ਫੈਸਲਾ ਕਰ ਲਿਆ ਹੈ, ‘ਅਬ ਕੀ ਬਾਰ ਮੋਦੀ ਦੀ ਡਬਲ ਇੰਜਣ ਦੀ ਸਰਕਾਰ’।“

ਸੂਬੇ ਵਿੱਚ ਫਿਰੌਤੀ ਦੇ ਮਾਮਲਿਆਂ ਬਾਰੇ ਬੋਲਦਿਆਂ ਉਨ੍ਹਾਂ ਕਿਹਾ, “ਕਾਂਗਰਸ ਸਰਕਾਰ ਵੇਲੇ ਪੰਜਾਬ ਵਿੱਚ ਲੁੱਟ ਹੁੰਦੀ ਸੀ, ਪਰ ‘ਆਪ’ ਦੇ ਰਾਜ ਵਿੱਚ ‘ਮਹਾਂ ਲੁੱਟ’ ਹੋ ਰਹੀ ਹੈ। ਕੋਈ ਨਹੀਂ ਜਾਣਦਾ ਕਿ ਕਿਸ ਨੂੰ ਫਿਰੌਤੀ ਦੀ ਕਾਲ ਆ ਜਾਵੇ।“

# ਧੂਰੀ ਵਿੱਚ ‘ਆਪ’ ਤੇ ਭਾਜਪਾ ਸਮਰਥਕਾਂ ਵਿਚਾਲੇ ਝੜਪ



ਇੱਥੋਂ ਦੇ ਵਾਰਡ ਨੰਬਰ 10 ਵਿੱਚ ਨਗਰ ਕੌਂਸਲ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਬੀਤੀ ਰਾਤ ਆਮ ਆਦਮੀ ਪਾਰਟੀ ਅਤੇ ਭਾਜਪਾ ਦੇ ਸਮਰਥਕ ਆਪਸ ਵਿੱਚ ਭਿੜ ਗਏ। ਇਸ ਦੌਰਾਨ ਤੇਜਧਾਰ ਹਥਿਆਰਾਂ ਨਾਲ ਕੀਤੇ ਗਏ ਹਮਲੇ ਵਿੱਚ ਅੱਧੀ ਦਰਜਨ ਤੋਂ ਵੱਧ ਨੌਜਵਾਨ ਗੰਭੀਰ ਜਖਮੀ ਹੋ ਗਏ। ਇੱਕ ਨੌਜਵਾਨ ਦੀ ਹਾਲਤ ਨਾਜੁਕ ਹੋਣ ਕਾਰਨ ਉਸ ਨੂੰ ਪਟਿਆਲਾ ਦੇ ਸਰਕਾਰੀ ਹਸਪਤਾਲ ਵਿੱਚ ਰੈਫਰ ਕੀਤਾ ਗਿਆ ਹੈ। ਧੂਰੀ ਦੇ ਸਰਕਾਰੀ ਹਸਪਤਾਲ ਵਿੱਚ ਦਾਖਲ ਜਖਮੀ ਨੌਜਵਾਨਾਂ ਸਾਹਿਲ ਅਤੇ ਦੇਵ ਰਾਜ ਨੇ ਦੱਸਿਆ ਕਿ ਉਹ ਰਾਤ ਨੂੰ ‘ਆਪ’ ਉਮੀਦਵਾਰ ਸਤਿੰਦਰ ਸਿੰਘ ਚੱਠਾ ਦੀ ਜਿੱਤ ਦੀ ਖੁਸੀ ਮਨਾ ਰਹੇ ਸਨ। ਇਸੇ ਦੌਰਾਨ ਚੋਣ ਹਾਰ ਚੁੱਕੇ ਸਾਬਕਾ ਕੌਂਸਲਰ ਮਨੀ ਦੇ ਸਮਰਥਕਾਂ ਨੇ ਤੇਜਧਾਰ ਹਥਿਆਰਾਂ ਨਾਲ ਉਨ੍ਹਾਂ ਉੱਤੇ ਹਮਲਾ ਕਰ ਦਿੱਤਾ ਅਤੇ ਫਾਇਰਿੰਗ ਵੀ ਕੀਤੀ। ਉਨ੍ਹਾਂ ਦੋਸ ਲਾਇਆ ਕਿ ਇਹ ਹਮਲਾ ਪਹਿਲਾਂ ਤੋਂ ਸੋਚੀ-ਸਮਝੀ ਸਾਜਿਸ ਤਹਿਤ ਕੀਤਾ ਗਿਆ ਸੀ, ਜਿਸ ਵਿੱਚ 8-9 ਨੌਜਵਾਨਾਂ ਦੇ ਸਿਰ ਪਾੜ ਦਿੱਤੇ ਗਏ। ਉਨ੍ਹਾਂ ਨੇ ਸਤਿੰਦਰ ਸਿੰਘ ਚੱਠਾ ਨੂੰ ਸੂਚਿਤ ਕਰ ਕੇ ਮੌਕੇ ’ਤੇ ਪੁਲੀਸ ਬੁਲਵਾਈ।

ਦੂਜੇ ਪਾਸੇ, ਸਾਬਕਾ ਕੌਂਸਲਰ ਮਨੀ ਨੇ ਸਾਰੇ ਦੋਸ ਸਿਰੇ ਤੋਂ ਨਕਾਰਦਿਆਂ ਦਾਅਵਾ ਕੀਤਾ ਕਿ ਦੂਜੀ ਧਿਰ ਦੇ ਨੌਜਵਾਨ ਉਨ੍ਹਾਂ ਨੂੰ ਜਾਨੋਂ ਮਾਰਨ ਦੀ ਨੀਅਤ ਨਾਲ ਆਏ ਸਨ ਅਤੇ ਉਨ੍ਹਾਂ ਨੇ ਬੜੀ ਮੁਸਕਲ ਨਾਲ ਆਪਣੀ ਜਾਨ ਬਚਾਈ। ਉਨ੍ਹਾਂ ਪੁਲੀਸ ਤੋਂ ਮਾਮਲੇ ਦੀ ਨਿਰਪੱਖ ਜਾਂਚ ਕਰਨ ਦੀ ਮੰਗ ਕੀਤੀ ਹੈ। ਪੁਲੀਸ ਅਧਿਕਾਰੀ ਪਰਮਜੀਤ ਸਿੰਘ ਨੇ ਦੱਸਿਆ ਕਿ ਦੋਵਾਂ ਧਿਰਾਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ। ਅਸਲੀਅਤ ਪਤਾ ਕਰਨ ਲਈ ਵਾਰਦਾਤ ਵਾਲੀ ਥਾਂ ’ਤੇ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਦੀ ਮਦਦ ਲਈ ਜਾਵੇਗੀ।

# ਕੈਪਟਨ ਅਮਰਿੰਦਰ ਨੂੰ ਸਿਆਸੀ ਵੁੱਕਤ ਘਟਣ ਦਾ ਮਲਾਲ : ਕੇਵਲ ਢਿੱਲੋਂ

ਪੰਜਾਬ ਭਾਜਪਾ ਦੇ ਨਵੇਂ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਅੱਜ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਉਠਾਏ ਸਵਾਲ ’ਤੇ ਮੋੜਵਾਂ ਜੁਆਬ ਦਿੰਦਿਆਂ ਕਿਹਾ ਕਿ ਅਸਲ ’ਚ ਕੈਪਟਨ ਅਮਰਿੰਦਰ ਸਿੰਘ ਨੂੰ ਆਪਣੀ ਰਾਜਸੀ ਵੁੱਕਤ ਘਟਣ ਦਾ ਮਲਾਲ ਹੈ ਅਤੇ ਉਨ੍ਹਾਂ ਨੇ ਆਪਣੀ ਸਿਆਸੀ ਪੁੱਛਗਿੱਛ ਦੀ ਬਹਾਲੀ ਲਈ ਪੰਜਾਬ ਭਾਜਪਾ ਦੀ ਨਵੀਂ ਪ੍ਰਧਾਨਗੀ ’ਤੇ ਉਂਗਲ ਚੁੱਕੀ ਹੈ। ਚੇਤੇ ਰਹੇ ਕਿ ਕੈਪਟਨ ਅਮਰਿੰਦਰ ਸਿੰਘ ਆਖ ਚੁੱਕੇ ਹਨ ਕਿ ਕੇਵਲ ਸਿੰਘ ਢਿੱਲੋਂ ਨੂੰ ਪ੍ਰਧਾਨਗੀ ਸੌਂਪਣ ਤੋਂ ਪਹਿਲਾਂ ਉਨ੍ਹਾਂ ਨਾਲ ਕਿਸੇ ਨੇ ਕੋਈ ਮਸ਼ਵਰਾ ਨਹੀਂ ਕੀਤਾ। ਕੈਪਟਨ ਅਮਰਿੰਦਰ ਸਿੰਘ ਨੇ ਨਵੇਂ ਪ੍ਰਧਾਨ ਦੀ ਸਮਰੱਥਾ ’ਤੇ ਵੀ ਸ਼ੱਕ ਜ਼ਾਹਿਰ ਕਰਦਿਆਂ ਇਹ ਵੀ ਕਿਹਾ ਸੀ ਕਿ ਢਿੱਲੋਂ ਭਾਜਪਾ ਦੀਆਂ ਸਿਆਸੀ ਖ਼ੁਹਾਇਸ਼ਾਂ ਨੂੰ ਪੂਰਾ ਨਹੀਂ ਕਰ ਸਕੇਗਾ।

ਕੇਵਲ ਸਿੰਘ ਢਿੱਲੋਂ ਨੇ ਅੱਜ ‘ਪੰਜਾਬੀ ਟ੍ਰਿਬਿਊਨ’ ਨਾਲ ਗੱਲਬਾਤ ਦੌਰਾਨ ਮੋੜਵੇਂ ਰੂਪ ’ਚ ਪਹਿਲੀ ਵਾਰ ਸਾਬਕਾ ਮੁੱਖ ਮੰਤਰੀ ਵੱਲੋਂ ਉਠਾਏ ਨੁਕਤੇ ਦਾ ਜੁਆਬ ਦਿੰਦੇ ਹੋਏ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਹੁਣ ਸਿਆਸਤ ’ਚ ਭੱਲ ਗੁਆ ਬੈਠੇ ਹਨ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਆਪਣੀ ਗੁਆਚੀ ਸਾਖ ਬਹਾਲੀ ਲਈ ਅਜਿਹਾ ਪੈਂਤੜਾ ਲੈ ਰਹੇ ਹਨ।



ਪ੍ਰਧਾਨ ਢਿੱਲੋਂ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਉਨ੍ਹਾਂ ਦੇ ਵੱਡੇ ਭਰਾ ਹਨ ਅਤੇ ਅੱਜ ਵੀ ਦਿਲ ’ਚ ਬਹੁਤ ਜ਼ਿਆਦਾ ਸਤਿਕਾਰ ਹੈ। ਪ੍ਰਧਾਨ ਢਿੱਲੋਂ ਨੇ ਇਸੇ ਦੌਰਾਨ ਆਪਣਾ ‘ਪੰਜਾਬ ਵਿਜ਼ਨ’ ਸਪਸ਼ਟ ਕਰਦਿਆਂ ਕਿਹਾ ਕਿ ਉਨ੍ਹਾਂ ਲਈ ਪੰਜਾਬ ਦੀ ਕਿਸਾਨੀ ਸਭ ਤੋਂ ਪਹਿਲੀ ਤਰਜ਼ੀਹ ਹੈ। ਬਤੌਰ ਕਿਸਾਨ ਦਾ ਪੁੱਤਰ, ਉਹ ਪੰਜਾਬ ਦੀ ਕਿਸਾਨੀ ਦਾ ਮੁਹਾਂਦਰਾ ਬਦਲਣ ਲਈ ਹਰ ਵਾਹ ਲਾਉਣਗੇ। ਅਸਲ ’ਚ ਖੇਤੀ ਦੇ ਧੰਦੇ ਨੂੰ ਲਾਹੇਵੰਦਾ ਬਣਾਉਣ ਦੀ ਲੋੜ ਹੈ। ਉਹ ਜਲਦ ਭਾਜਪਾ ਲੀਡਰਸ਼ਿਪ ਤੇ ਕੇਂਦਰ ਸਰਕਾਰ ਕੋਲ ਪੰਜਾਬ ਦੀ ਕਿਸਾਨੀ ਦੀ ਮਦਦ ਲਈ ਖਾਕਾ ਲੈ ਕੇ ਜਾਣਗੇ।

ਢਿੱਲੋਂ ਨੇ ਕਿਹਾ ਕਿ ਕਿਸਾਨੀ ਨੂੰ ਫਸਲੀ ਵੰਨ ਸੁਵੰਨਤਾ ਨਾਲ ਹੀ ਲੀਹ ’ਤੇ ਪਾਇਆ ਜਾ ਸਕਦਾ ਹੈ। ਉਹ ਕਣਕ ਝੋਨੇ ਦੇ ਗੇੜ ਚੋਂ ਕੱਢਣ ਲਈ ‘ਕਿਸਾਨੀ ਫਾਰਮੂਲਾ’ ਤਿਆਰ ਕਰ ਰਹੇ ਹਨ ਤਾਂ ਜੋ ਬਦਲਵੀਂਆਂ ਫਸਲਾਂ ਦੀ ਬਿਜਾਂਦ ਕਰਾ ਕੇ ਕਿਸਾਨੀ ਜਿਣਸਾਂ ਦੀ ਘੱਟੋ ਘੱਟ ਸਮਰਥਨ ਮੁੱਲ ’ਤੇ ਵੇਚ ਵੱਟਤ ਯਕੀਨੀ ਬਣਾਈ ਜਾ ਸਕੇ।

ਕਿਸਾਨੀ ਮਨਾਂ ’ਚ ਭਾਜਪਾ ਪ੍ਰਤੀ ਬਣੀ ਖਟਾਸ ਨੂੰ ਕਿਵੇਂ ਕੱਢੋਗੇ, ਦੇ ਜੁਆਬ ’ਚ ਢਿੱਲੋਂ ਨੇ ਕਿਹਾ ਕਿ ਅਸਲ ’ਚ ਇਹ ਗਲਤ ਬਿਰਤਾਂਤ ਘੜਿਆ ਗਿਆ ਹੈ ਅਤੇ ਵਿਰੋਧੀ ਧਿਰਾਂ ਨੇ ਹੀ ਇਹ ਧਾਰਨਾ ਖੜੀ ਕੀਤੀ ਹੈ।

ਉਨ੍ਹਾਂ ਕਿਹਾ ਕਿ ਜੇ ਕਿਤੇ ਕਿਸਾਨ ਮਨਾਂ ’ਚ ਅਜਿਹਾ ਖੱਪਾ ਹੈ ਤਾਂ ਉਸ ਖਲਾਅ ਨੂੰ ਭਰਨ ਲਈ ਉਹ ਪੁਲ ਬਣ ਕੇ ਭਰਨ ਦੀ ਕੋਸ਼ਿਸ਼ ਕਰਨਗੇ। ਉਨ੍ਹਾਂ ਕੇਂਦਰ ਸਰਕਾਰ ਵੱਲੋਂ ਕਿਸਾਨੀ ਲਈ ਚੁੱਕੇ ਕਦਮਾਂ ਦੇ ਵੇਰਵੇ ਵੀ ਸਾਂਝੇ ਕੀਤੇ। ਢਿੱਲੋਂ ਨੇ ਕਿਹਾ ਕਿ ਹਰਿਆਣਾ ਸਰਕਾਰ ਨੇ ਵੀ ਕਿਸਾਨੀ ਲਈ ਬੇਮਿਸਾਲ ਕੰਮ ਕੀਤੇ ਹਨ ਅਤੇ ਉਸ ਤਰਜ਼ ’ਤੇ ਪੰਜਾਬ ਦੇ ਕਿਸਾਨਾਂ ਲਈ ਰੋਡਮੈਪ ਤਿਆਰ ਕੀਤਾ ਜਾਵੇਗਾ। ਉਨ੍ਹਾਂ ਸੂਬੇ ਦੀ ਵਿੱਤੀ ਸਥਿਤੀ ਬਾਰੇ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਉੱਤਰ ਪ੍ਰਦੇਸ਼ ਅਤੇ ਬਿਹਾਰ ਨੂੰ ਲੀਹ ’ਤੇ ਲਿਆਂਦਾ ਹੈ ਅਤੇ ਹੁਣ ਪੱਛਮੀ ਬੰਗਾਲ ’ਚ ਸ਼ੁਰੂਆਤ ਕੀਤੀ ਗਈ ਹੈ। ਇਸੇ ਤਰ੍ਹਾਂ ਮੁੜ ਪੈਰਾਂ ’ਤੇ ਖੜ੍ਹਾ ਕਰਨ ਲਈ ਹੁਣ ਪੰਜਾਬ ’ਚ ‘ਡਬਲ ਇੰਜਣ’ ਦੀ ਸਰਕਾਰ ਸਮੇਂ ਦੀ ਲੋੜ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਦੇ ਸਨਅਤੀ ਵਿਕਾਸ ਲਈ ਐਗਰੋ ਸਨਅਤਾਂ ਨੂੰ ਹੁਲਾਰਾ ਦੇਣ ਦੀ ਲੋੜ ਹੈ ਅਤੇ ਭਾਜਪਾ ਸੂਬੇ ’ਚ ਕਾਰਗੋ ਟਰਮੀਨਲ ਸਥਾਪਿਤ ਕਰਨ ਦੇ ਰਾਹ ਤੁਰੇਗੀ ਤਾਂ ਜੋ ਪੰਜਾਬ ਦੀਆਂ ਸਬਜੀਆਂ ਅਤੇ ਫਲਾਂ ਨੂੰ ਦੂਸਰੇ ਮੁਲਕਾਂ ’ਚ ਭੇਜਿਆ ਜਾ ਸਕੇ। ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਬਾਰੇ ਉਨ੍ਹਾਂ ਕਿਹਾ ਕਿ ਪੰਜਾਬ 117 ਸੀਟਾਂ ’ਤੇ ਚੋਣਾਂ ਲੜਨ ਦੀ ਤਿਆਰੀ ਕਰ ਰਹੀ ਹੈ। ਹਾਲ ’ਚ ਨਿਗਮ ਤੇ ਕੌਂਸਲ ਚੋਣਾਂ ’ਚ ਭਾਜਪਾ ਦੀ ਹਾਰ ’ਤੇ ਉਨ੍ਹਾਂ ਟਿੱਪਣੀ ਕੀਤੀ ਕਿ ਇਨ੍ਹਾਂ ਚੋਣਾਂ ’ਚ ‘ਆਪ’ ਦੀ ਧੱਕੇਸ਼ਾਹੀ ਜਿੱਤੀ ਹੈ ਤੇ ਜਮਹੂਰੀਅਤ ਹਾਰੀ ਹੈ।

ਉਨ੍ਹਾਂ ਕਿਹਾ ਕਿ ਸੂਬੇ ’ਚ ਅਮਨ ਕਾਨੂੰਨ ਦੀ ਵਿਵਸਥਾ ਢਹਿ ਢੇਰੀ ਹੋ ਚੁੱਕੀ ਹੈ ਅਤੇ ਕਾਰੋਬਾਰੀ ਲੋਕ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਦਿਨ ਦਿਹਾੜੇ ਕਤਲੋਗਾਰਦ ਤੇ ਫਿਰੌਤੀਆਂ ਦੀ ਵਿਛੇ ਜਾਲ ਨੇ ਸੂਬੇ ਦੇ ਖਾਸ ਕਰਕੇ ਸਨਅਤੀ ਵਿਕਾਸ ਨੂੰ ਵੱਡੀ ਢਾਹ ਲਾਈ ਹੈ। ਉਨ੍ਹਾਂ ਕਿਹਾ ਕਿ ‘ਆਪ’ ਸਰਕਾਰ ਨੇ ਮਨੁੱਖੀ ਜ਼ਿੰਦਗੀਆਂ ਨੂੰ ਖਤਰੇ ’ਚ ਪਾ ਦਿੱਤਾ ਹੈ।

# ਟੈਲੀਵਿਜਨ ਚੈਨਲਾਂ 'ਤੇ ਵੱਧ ਤੋਂ ਵੱਧ 12 ਮਿੰਟ ਪ੍ਰਤੀ ਘੰਟਾ ਹੀ ਚੱਲੇਗੀ ਐਡ: ਦਿੱਲੀ ਹਾਈ ਕੋਰਟ

ਦਿੱਲੀ ਹਾਈ ਕੋਰਟ ਦੇ ਇੱਕ ਡਿਵੀਜਨ ਬੈਂਚ ਨੇ ਟੈਲੀਵਿਜਨ ਚੈਨਲਾਂ 'ਤੇ ਪ੍ਰਤੀ ਘੰਟਾ ਵੱਧ ਤੋਂ ਵੱਧ 12 ਮਿੰਟ ਦੇ ਵਿਗਿਆਪਨ ਦਿਖਾਉਣ ਦੀ ਟਰਾਈ () ਦੀ ਨਿਯਮਾਵਲੀ ਦੀ ਵੈਧਤਾ ਨੂੰ ਸਹੀ ਠਹਿਰਾਇਆ ਹੈ। ਅਦਾਲਤ ਨੇ ਜਨਰਲ ਐਂਟਰਟੇਨਮੈਂਟ ਚੈਨਲਾਂ, ਨਿਊਜ ਚੈਨਲਾਂ ਅਤੇ ਖੇਤਰੀ ਟੀਵੀ ਚੈਨਲਾਂ ਵੱਲੋਂ ਦਾਇਰ ਕੀਤੀਆਂ 17 ਪਟੀਸਨਾਂ ਦੇ ਸਮੂਹ ਨੂੰ ਖਾਰਜ ਕਰ ਦਿੱਤਾ ਹੈ।



ਇਸ ਫੈਸਲੇ ਦਾ ਮਤਲਬ ਹੈ ਕਿ ਟੀਵੀ ਚੈਨਲਾਂ 'ਤੇ ਇੱਕ ਘੰਟੇ ਵਿੱਚ ਦਿਖਾਏ ਜਾਣ ਵਾਲੇ ਵਿਗਿਆਪਨਾਂ ਦੀ ਮਾਤਰਾ 'ਤੇ ਪਾਬੰਦੀਆਂ ਜਾਰੀ ਰਹਿਣਗੀਆਂ। ਅਦਾਲਤ ਨੇ ਮੰਨਿਆ ਕਿ ਇਹ ਨਿਯਮ ਦਰਸਕਾਂ ਨੂੰ ਬਹੁਤ ਜਿਆਦਾ ਵਪਾਰਕ ਰੁਕਾਵਟਾਂ (ਐਡਸ) ਤੋਂ ਬਚਾਉਣ ਅਤੇ ਉਨ੍ਹਾਂ ਦੇ ਟੀਵੀ ਦੇਖਣ ਦੇ ਅਨੁਭਵ ਨੂੰ ਬਿਹਤਰ ਬਣਾਉਣ ਦੇ ਉਦੇਸ ਨਾਲ ਬਣਾਇਆ ਗਿਆ ਹੈ। ਜਸਟਿਸ ਅਨਿਲ ਖੇਤਰਪਾਲ ਅਤੇ ਜਸਟਿਸ ਅਮਿਤ ਮਹਾਜਨ ਦੇ ਬੈਂਚ ਨੇ ਕੇਬਲ ਟੈਲੀਵਿਜਨ ਨੈੱਟਵਰਕ ਰੂਲਜ, 1994 ਦੇ ਨਿਯਮ 7(11) ਅਤੇ ਟੈਲੀਕਾਮ ਰੈਗੂਲੇਟਰੀ ਅਥਾਰਟੀ ਆਫ ਇੰਡੀਆ () ਰੈਗੂਲੇਸਨਜ, 2012 (ਜਿਸ ਵਿੱਚ 2013 ਵਿੱਚ ਸੋਧ ਕੀਤੀ ਗਈ ਸੀ) ਨੂੰ ਸਹੀ ਕਰਾਰ ਦਿੱਤਾ।

ਅਦਾਲਤ ਨੇ ਫੈਸਲਾ ਸੁਣਾਇਆ ਕਿ ਟਰਾਈ ਨੇ ਨਿਯਮਾਂ ਦੇ ਤਹਿਤ ਵਿਗਿਆਪਨ ਦੀ ਸੀਮਾ ਨੂੰ ਲਾਗੂ ਕਰਨ ਲਈ "ਪ੍ਰਤੀ ਘੰਟਾ" ( ) ਦੀ ਹੱਦ ਤੈਅ ਕਰਕੇ ਆਪਣੇ ਕਾਨੂੰਨੀ ਅਧਿਕਾਰਾਂ ਦੇ ਅੰਦਰ ਰਹਿ ਕੇ ਕੰਮ ਕੀਤਾ ਹੈ। ਬੈਂਚ ਨੇ ਕਿਹਾ ਕਿ ਇਹ ਫੈਸਲਾ ਬਰੌਡਕਾਸਟਰਾਂ (ਚੈਨਲ ਮਾਲਕਾਂ) ਦੇ ਅਧਿਕਾਰਾਂ ਅਤੇ ਜਨਹਿਤ ਵਿੱਚ ਬਰੌਡਕਾਸਟ ਸਪੈਕਟ੍ਰਮ ਦੀ ਸਹੀ ਵਰਤੋਂ ਵਿਚਕਾਰ ਇੱਕ ਸੰਤੁਲਨ ਬਣਾਉਂਦਾ ਹੈ।

ਪਟੀਸਨਾਂ ਵਿੱਚ 10+2 ਮਿੰਟ ਦੀ ਸੀਮਾ (10 ਮਿੰਟ ਵਪਾਰਕ ਵਿਗਿਆਪਨਾਂ ਲਈ ਅਤੇ 2 ਮਿੰਟ ਚੈਨਲ ਦੇ ਆਪਣੇ ਪ੍ਰਚਾਰ ਲਈ) ਨੂੰ ਚੁਣੌਤੀ ਦਿੱਤੀ ਗਈ ਸੀ। ਅਦਾਲਤ ਨੇ ਨੋਟ ਕੀਤਾ ਕਿ ਮੁੱਖ ਚੁਣੌਤੀ ਕੁੱਲ 12 ਮਿੰਟ ਦੀ ਸੀਮਾ 'ਤੇ ਨਹੀਂ ਸੀ, ਬਲਕਿ ਇਸ ਗੱਲ 'ਤੇ ਸੀ ਕਿ ਇਹ ਹਿਸਾਬ "ਪ੍ਰਤੀ ਘੰਟਾ" ਦੇ ਆਧਾਰ 'ਤੇ ਕਰਨ ਦੀ ਬਜਾਏ ਕਿਸੇ ਲੰਬੇ ਸਮੇਂ ਦੇ ਕੁੱਲ ਜੋੜ () ਦੇ ਰੂਪ ਵਿੱਚ ਕਿਉਂ ਨਹੀਂ ਕੀਤਾ ਜਾਂਦਾ।

ਚੈਨਲ ਪ੍ਰਬੰਧਕਾਂ ਨੇ ਦਲੀਲ ਦਿੱਤੀ ਸੀ ਕਿ ਇਹ ਨਿਯਮ ਸੰਵਿਧਾਨ ਦੀ ਧਾਰਾ 14 ਅਤੇ 19 ਦੇ ਤਹਿਤ ਉਨ੍ਹਾਂ ਦੇ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ ਅਤੇ ਵਿਗਿਆਪਨਾਂ ਤੋਂ ਹੋਣ ਵਾਲੀ ਕਮਾਈ ਨੂੰ ਪ੍ਰਭਾਵਿਤ ਕਰਦਾ ਹੈ। ਇਸ ਨੂੰ ਖਾਰਜ ਕਰਦਿਆਂ ਅਦਾਲਤ ਨੇ ਕਿਹਾ ਕਿ ਬਰੌਡਕਾਸਟਰਾਂ ਦੀ ਸਿਕਾਇਤ ਸਿਰਫ ਵਪਾਰਕ ਆਜਾਦੀ (ਧਾਰਾ 19(1)()) ਦੇ ਦਾਇਰੇ ਵਿੱਚ ਆਉਂਦੀ ਹੈ, ਨਾ ਕਿ ਪ੍ਰਗਟਾਵੇ ਦੀ ਆਜਾਦੀ (ਧਾਰਾ 19(1)()) ਦੇ ਮੁੱਖ ਅਧਿਕਾਰ ਵਿੱਚ। ਅਦਾਲਤ ਨੇ ਕਿਹਾ, "ਸੰਵਿਧਾਨ ਦੀ ਧਾਰਾ 19(1)() ਮੁਨਾਫੇ ਦੀ ਗਾਰੰਟੀ ਨਹੀਂ ਦਿੰਦੀ ਅਤੇ ਆਮ ਲੋਕਾਂ ਦੇ ਭਲੇ ਲਈ ਜਨਤਕ ਸੰਪਤੀ (ਸਪੈਕਟ੍ਰਮ) ਦੀ ਵਰਤੋਂ 'ਤੇ ਲਗਾਈਆਂ ਗਈਆਂ ਜਾਇਜ ਸੀਮਾਵਾਂ ਤੋਂ ਬਾਹਰ ਜਾ ਕੇ ਪੈਸਾ ਕਮਾਉਣ ਦਾ ਅਧਿਕਾਰ ਨਹੀਂ ਦਿੰਦੀ।"

ਅਦਾਲਤ ਨੇ ਸਪੱਸਟ ਕੀਤਾ ਕਿ 12 ਮਿੰਟ ਦੀ ਇਹ ਸੀਮਾ ਇੱਕ ਨਿਰਪੱਖ ਅਤੇ ਸਮੇਂ-ਆਧਾਰਿਤ ਨਿਯਮ ਹੈ ਜੋ ਪ੍ਰੋਗਰਾਮ ਦੀ ਸਮੱਗਰੀ () ਨੂੰ ਨਹੀਂ ਰੋਕਦਾ, ਬਲਕਿ ਸਿਰਫ ਵਿਗਿਆਪਨ ਦੇ ਸਮੇਂ ਨੂੰ ਨਿਯੰਤਰਿਤ ਕਰਦਾ ਹੈ। ਟਰਾਈ () ਕੋਲ ਸਾਲ 2004 ਦੇ ਨੋਟੀਫਿਕੇਸਨ ਅਤੇ 1997 ਦੇ ਐਕਟ ਤਹਿਤ ਸਰਵਿਸ ਦੀ ਗੁਣਵੱਤਾ () ਅਤੇ ਦਰਸਕਾਂ ਦੇ ਅਨੁਭਵ ਨੂੰ ਸੁਧਾਰਨ ਦੇ ਪੂਰੇ ਅਧਿਕਾਰ ਹਨ।

ਅਦਾਲਤ ਨੇ ਕਿਹਾ ਕਿ ਹਵਾ ਵਿੱਚ ਮੌਜੂਦ ਤਰੰਗਾਂ () ਅਤੇ ਸਪੈਕਟਰਮ ਬਹੁਤ ਸੀਮਤ ਜਨਤਕ ਸਰੋਤ ਹਨ, ਜੋ ਰਾਜ (ਸਰਕਾਰ) ਕੋਲ ਜਨਤਾ ਦੀ ਅਮਾਨਤ ਦੇ ਰੂਪ ਵਿੱਚ ਹਨ। ਇਸ ਲਈ ਇਨ੍ਹਾਂ ਦਾ ਨਿਯਮ ਅਜਿਹਾ ਹੋਣਾ ਚਾਹੀਦਾ ਹੈ ਜੋ ਸਾਂਝੇ ਭਲੇ ਲਈ ਹੋਵੇ ਅਤੇ ਵਪਾਰਕ ਸੋਸਣ ਨੂੰ ਰੋਕੇ। ਬਹੁਤ ਜਿਆਦਾ ਜਾਂ ਅਸੰਤੁਲਿਤ ਵਿਗਿਆਪਨ ਦਿਖਾਉਣਾ ਸਿਰਫ ਇੱਕ ਆਰਥਿਕ ਚਿੰਤਾ ਨਹੀਂ ਹੈ, ਸਗੋਂ ਇਹ ਖਪਤਕਾਰਾਂ (ਦਰਸਕਾਂ) ਦੇ ਵਧੀਆ ਟੀਵੀ ਦੇਖਣ ਦੇ ਅਧਿਕਾਰ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰਦਾ ਹੈ। ਅਦਾਲਤ ਨੇ ਸੰਵਿਧਾਨ ਦੀ ਧਾਰਾ 14 ਦੇ ਤਹਿਤ ਦਿੱਤੀ ਚੁਣੌਤੀ ਨੂੰ ਵੀ ਖਾਰਜ ਕਰਦਿਆਂ ਕਿਹਾ ਕਿ ਪ੍ਰੋਗਰਾਮ ਅਤੇ ਵਿਗਿਆਪਨ ਦੇ ਸਮੇਂ ਵਿਚਕਾਰ ਅੰਤਰ ਬਿਲਕੁਲ ਜਾਇਜ ਹੈ ਅਤੇ ਇਸ ਦਾ ਉਦੇਸ ਖਪਤਕਾਰਾਂ ਦੇ ਹਿੱਤਾਂ ਦੀ ਰੱਖਿਆ ਕਰਨਾ ਹੈ।

# ਅਭਿਸ਼ੇਕ ਬੈਨਰਜੀ 'ਤੇ ਹਮਲੇ ਦੇ ਮਾਮਲੇ 'ਚ ਚਾਰ ਗ੍ਰਿਫਤਾਰ



ਤ੍ਰਿਣਮੂਲ ਕਾਂਗਰਸ (ਟੀ ਐੱਮ ਸੀ) ਆਗੂ ਅਭਿਸ਼ੇਕ ਬੈਨਰਜੀ 'ਤੇ ਦੱਖਣੀ 24 ਪਰਗਣਾ ਜਿਲ੍ਹਾ ਦੇ ਸੋਨਾਰਪੁਰ ਦੌਰੇ ਦੌਰਾਨ ਹਮਲਾ ਕਰਨ ਦੇ ਦੋਸ਼ ਹੇਠ ਚਾਰ ਜਣਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਘਟਨਾ ਸਬੰਧੀ ਅਭਿਸ਼ੇਕ ਬੈਨਰਜੀ ਨੇ ਕਿਹਾ ਕਿ ਉਹ 'ਸਰਕਾਰ ਦੀ ਸ਼ਹਿ ਹਾਸਲ ਅਤਿਵਾਦ' ਦਾ ਸ਼ਿਕਾਰ ਹੋਏ ਹਨ। ਟੀ ਐੱਮ ਸੀ ਨੇ ਵੀ ਦੋਸ਼ ਲਾਇਆ ਹੈ ਕਿ ਅਭਿਸ਼ੇਕ ਬੈਨਰਜੀ 'ਤੇ ਹੋਇਆ ਹਮਲਾ 'ਯੋਜਨਾਬੱਧ ਅਤੇ ਭਾਜਪਾ ਦੀ ਸ਼ਹਿ ਪ੍ਰਾਪਤ' ਸੀ। ਪੁਲੀਸ ਨੇ ਦੱਸਿਆ ਕਿ ਅਭਿਸ਼ੇਕ ਬੈਨਰਜੀ 'ਤੇ ਹਮਲੇ 'ਤੇ ਸਬੰਧ 'ਚ ਗ੍ਰਿਫਤਾਰੀਆਂ ਇਲਾਕੇ 'ਚੋਂ ਹਾਸਲ ਕੀਤੀਆਂ ਵੀਡੀਓ ਫੁਟੇਜ ਦੇ ਆਧਾਰ 'ਤੇ ਰਾਤ ਭਰ ਮਾਰੇ ਗਏ ਛਾਪਿਆਂ ਦੌਰਾਨ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਘਟਨਾ ਦੇ ਸਬੰਧ ਵਿੱਚ ਕੇਸ ਦਰਜ ਕਰ ਲਿਆ ਗਿਆ ਹੈ। ਅਭਿਸੇਕ ਬੈਨਰਜੀ ਨੇ ਸੋਸਲ ਮੀਡੀਆ 'ਤੇ ਦੋਸ ਲਗਾਇਆ, "ਅੱਜ ਮੈਂ ਉਨ੍ਹਾਂ ਲੋਕਾਂ ਵੱਲੋਂ ਫੈਲਾਈ ਗਈ ਸਿਆਸੀ ਹਿੰਸਾ ਅਤੇ ਸਰਕਾਰ ਦੀ ਸਹਿ ਪ੍ਰਾਪਤ ਅਤਿਵਾਦ ਦੇ ਸਿਕਾਰ ਵਜੋਂ ਖੜ੍ਹਾ ਹਾਂ ਜੋ ਖੁਦ ਰਾਸਟਰਵਾਦ ਦੇ ਰਖਵਾਲੇ ਹੋਣ ਦਾ ਦਾਅਵਾ ਕਰਦੇ ਹਨ।" ਉਨ੍ਹਾਂ ਲਗਾਤਾਰ ਹਮਾਇਤ ਲਈ ਕਾਂਗਰਸ ਆਗੂ ਰਾਹੁਲ ਗਾਂਧੀ, ਸਪਾ ਆਗੂ ਅਖਿਲੇਸ ਯਾਦਵ ਅਤੇ ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਦਾ ਧੰਨਵਾਦ ਕੀਤਾ।

ਇਸੇ ਦੌਰਾਨ ਟੀ ਐੱਮ ਸੀ ਨੇ ਐਕਸ 'ਤੇ ਤਸਵੀਰਾਂ ਪੋਸਟ ਕਰ ਕੇ ਦਾਅਵਾ ਕੀਤਾ ਕਿ ਇਹ ਤਸਵੀਰਾਂ ਇਸ ਘਟਨਾ ਵਿੱਚ ਸਥਾਨਕ ਭਾਜਪਾ ਅਹੁਦੇਦਾਰਾਂ ਦੀ ਸਮੂਲੀਅਤ ਨੂੰ ਸਾਬਤ ਕਰਦੀਆਂ ਹਨ। ਸੀ ਪੀ ਆਈ ਦੇ ਜਨਰਲ ਸਕੱਤਰ ਡੀ ਰਾਜਾ ਨੇ ਵੀ ਅੱਜ ਪੱਛਮੀ ਬੰਗਾਲ ਵਿੱਚ ਚੋਣਾਂ ਤੋਂ ਬਾਅਦ ਹੋ ਰਹੀ ਹਿੰਸਾ ਦੀਆਂ ਲਗਾਤਾਰ ਘਟਨਾਵਾਂ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਲੋਕਤੰਤਰ ਵਿੱਚ ਚੁਣੇ ਹੋਏ ਨੁਮਾਇੰਦਿਆਂ 'ਤੇ ਅਜਿਹੇ ਹਮਲਿਆਂ ਲਈ ਕੋਈ ਥਾਂ ਨਹੀ ਹੈ।

# ਸਾਹੀ ਇਮਾਮ ਨੇ ਈਦ ਦੇ ਸੱਦੇ ਪ੍ਰਤੀ ਵੜਿੰਗ ਦੇ ਨਾ-ਪੱਖੀ ਰਵੱਈਏ 'ਤੇ ਨਾਰਾਜਗੀ ਜਤਾਈ



ਪੰਜਾਬ ਦੇ ਸਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀ ਨੇ ਕਿਹਾ ਹੈ ਕਿ ਜਿਵੇਂ ਕਾਂਗਰਸੀ ਐੱਮਪੀ ਅਮਰਿੰਦਰ ਰਾਜਾ ਵੜਿੰਗ ਨੇ ਬਕਰੀਦ 'ਤੇ ਉਨ੍ਹਾਂ ਦੇ ਨਿੱਘੇ ਸੱਦੇ ਨੂੰ "ਅਣਗੌਲਿਆ" ਕੀਤਾ ਹੈ, ਹੁਣ ਉਨ੍ਹਾਂ ਨੂੰ ਮੁਸਲਿਮ ਭਾਈਚਾਰੇ ਤੋਂ ਵੀ ਉਸੇ ਤਰ੍ਹਾਂ ਦੇ ਵਰਤਾਅ ਦੀ ਉਮੀਦ ਰੱਖਣੀ ਚਾਹੀਦੀ ਹੈ। ਪੰਜਾਬ ਵਿੱਚ 2027 ਦੀਆਂ ਵਿਧਾਨ ਸਭਾ ਚੋਣਾਂ ਨੇੜੇ ਆਉਣ ਦੇ ਨਾਲ ਮੁਸਲਿਮ ਭਾਈਚਾਰਾ ਉਨ੍ਹਾਂ ਨੂੰ ਬਦਲੇ ਵਿੱਚ ਉਹੀ ਜਵਾਬ ਦੇਵੇਗਾ।

ਖਾਸ ਤੌਰ 'ਤੇ ਆਪਣੇ ਫੇਸਬੁੱਕ ਪੋਸਟ ਬਾਰੇ ਗੱਲ ਕਰਦਿਆਂ ਸਾਹੀ ਇਮਾਮ ਉਸਮਾਨ ਲੁਧਿਆਣਵੀ ਨੇ ਕਿਹਾ ਕਿ ਉਹ ਇਹ ਯਕੀਨੀ ਬਣਾਉਣਾ ਚਾਹੁੰਦੇ ਸਨ ਕਿ ਮੁਸਲਿਮ ਭਾਈਚਾਰਾ ਸਮਝੇ ਕਿ ਉਨ੍ਹਾਂ ਨੇ ਰਾਜਾ ਵੜਿੰਗ ਨੂੰ ਈਦ ਦੇ ਜਸਨਾਂ ਲਈ ਨਿੱਘਾ ਸੱਦਾ ਦਿੱਤਾ ਸੀ ਪਰ ਬਦਲੇ ਵਿੱਚ ਕੋਈ ਹੁੰਗਾਰਾ ਨਹੀਂ ਮਿਲਿਆ।

ਸਾਹੀ ਇਮਾਮ ਨੇ ਜੋਰ ਦੇ ਕੇ ਕਿਹਾ ਕਿ ਉਨ੍ਹਾਂ ਵੱਲੋਂ ਕੋਈ ਕਮੀ ਨਹੀਂ ਸੀ, ਸਗੋਂ ਲੁਧਿਆਣਾ ਤੋਂ ਕਾਂਗਰਸੀ ਐੱਮਪੀ ਨੇ ਉਨ੍ਹਾਂ ਨੂੰ ਦਿੱਤੇ ਗਏ ਸੱਦੇ ਨੂੰ ਪ੍ਰਵਾਨ ਨਹੀਂ ਕੀਤਾ, ਨਾ ਹੀ ਉਨ੍ਹਾਂ ਨੇ ਕੋਈ ਜਵਾਬ ਦਿੱਤਾ ਅਤੇ ਨਾ ਹੀ ਉਹ ਉੱਥੇ ਪਹੁੰਚੇ।

ਇੱਥੇ ਇਹ ਦੱਸਣਾ ਬਣਦਾ ਹੈ ਕਿ ਲੁਧਿਆਣਾ ਵਿੱਚ ਲਗਪਗ 5 ਲੱਖ ਮੁਸਲਮਾਨ ਹਨ ਜਿਨ੍ਹਾਂ ਲਈ ਸਾਹੀ ਇਮਾਮ ਦਾ ਸਬਦ ਸਭ ਤੋਂ ਵੱਧ ਮਾਇਨੇ ਰੱਖਦਾ ਹੈ। ਜਦੋਂ ਵੀ ਜਾਮਾ ਮਸਜਿਦ ਤੋਂ ਕੋਈ ਐਲਾਨ ਜਾਂ ਸੰਦੇਸ ਦਿੱਤਾ ਜਾਂਦਾ ਹੈ, ਤਾਂ ਮੁਸਲਮਾਨ ਵੱਡੇ ਪੱਧਰ 'ਤੇ ਉਸ ਦੀ ਪਾਲਣਾ ਕਰਦੇ ਹਨ।

ਇਹ ਪੁੱਛੇ ਜਾਣ 'ਤੇ ਕਿ ਕੀ ਮੁਸਲਮਾਨ ਇਸ ਵਾਰ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਦਾ ਬਾਈਕਾਟ ਕਰਨਗੇ, ਸਾਹੀ ਇਮਾਮ ਨੇ ਕਿਹਾ ਕਿ ਅਜੇ ਕੁਝ ਵੀ ਕਹਿਣਾ ਬਹੁਤ ਜਲਦੀ ਹੋਵੇਗਾ, ਪਰ ਐਮਪੀ ਰਾਜਾ ਵੜਿੰਗ, ਜਿਨ੍ਹਾਂ ਨੇ ਚੁਣੇ ਜਾਣ ਤੋਂ ਪਹਿਲਾਂ ਆਪਣਾ ਇੱਕ ਧਰਮ ਨਿਰਪੱਖ ਅਕਸ ਪੇਸ ਕੀਤਾ ਸੀ, ਦੇ ਰਵੱਈਏ ਨਾਲ ਮੁਸਲਮਾਨਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ।

ਉਨ੍ਹਾਂ ਕਿਹਾ, "ਅਸੀਂ ਉਨ੍ਹਾਂ ਨਾਲ ਖਾਸ ਤੌਰ 'ਤੇ ਉਸੇ ਤਰ੍ਹਾਂ ਦਾ ਹੀ ਵਿਵਹਾਰ ਕਰਾਂਗੇ।" ਮੁਸਲਮਾਨ ਭਾਈਚਾਰਾ ਭਾਜਪਾ ਨੂੰ ਇਸ ਲਈ ਸੱਦੇ ਨਹੀਂ ਭੇਜਦਾ ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਉਨ੍ਹਾਂ ਨੂੰ ਉੱਥੋਂ ਕੋਈ ਸਕਾਰਾਤਮਕ ਹੁੰਗਾਰਾ ਨਹੀਂ ਮਿਲਦਾ।

# ਜੰਮੂ-ਕਸਮੀਰ 'ਚ ਪਾਕਿਸਤਾਨ ਦੀ ਨਵੀਂ ਸਾਜਿਸ, ਸਰਹੱਦ ਪਾਰੋਂ ਭੇਜੇ ਜਾ ਰਹੇ ਮੋਬਾਈਲ ਸਿਗਨਲ

ਜੰਮੂ-ਕਸਮੀਰ ਦੀਆਂ ਜੇਲ੍ਹਾਂ ਵਿੱਚ ਬੰਦ ਅੱਤਵਾਦੀਆਂ ਤੱਕ 'ਸਿਗਨਲ ਵਾਰ' ਰਾਹੀਂ ਗੈਰ-ਕਾਨੂੰਨੀ ਸੰਚਾਰ ਅਤੇ ਘੁਸਪੈਠ ਦੀਆਂ ਸਾਜਿਸਾਂ ਰਚੀਆਂ ਜਾ ਰਹੀਆਂ ਹਨ। ਪਾਕਿਸਤਾਨ ਸਰਹੱਦ ਪਾਰੋਂ ਜੰਮੂ-ਕਸਮੀਰ ਵਿੱਚ ਆਪਣੇ ਮੋਬਾਈਲ ਸਿਗਨਲ ਦਾ ਦਾਇਰਾ ਵਧਾ ਕੇ ਸਰਗਰਮ ਅੱਤਵਾਦੀ ਸੰਗਠਨਾਂ ਤੱਕ ਸੁਨੇਹੇ ਪਹੁੰਚਾ ਰਿਹਾ ਹੈ। ਇਨ੍ਹਾਂ ਸਿਗਨਲਾਂ ਦੇ ਜੰਮੂ-ਕਸਮੀਰ ਦੀਆਂ ਜੇਲ੍ਹਾਂ ਤੱਕ ਪਹੁੰਚਣ ਦੇ ਸੰਕੇਤ ਮਿਲੇ ਹਨ। ਅਜਿਹੀ ਸਥਿਤੀ ਵਿੱਚ ਸੁਰੱਖਿਆ ਏਜੰਸੀਆਂ ਅਲਰਟ ਹੋ ਗਈਆਂ ਹਨ।

ਅਧਿਕਾਰੀਆਂ ਮੁਤਾਬਕ ਪਾਕਿਸਤਾਨ, ਅੰਤਰਰਾਸਟਰੀ ਦੂਰਸੰਚਾਰ ਨਿਯਮਾਂ ਦੀ ਉਲੰਘਣਾ ਕਰਦੇ ਹੋਏ ਕੰਟਰੋਲ ਰੇਖਾ ਦੇ ਪਾਰੋਂ ਜੰਮੂ-ਕਸਮੀਰ ਵਿੱਚ ਵਾਧੂ ਮੋਬਾਈਲ ਸਿਗਨਲ ਪ੍ਰਸਾਰਿਤ ਕਰ ਰਹੀ ਹੈ। ਇਨ੍ਹਾਂ ਸਿਗਨਲਾਂ ਦਾ ਉਦੇਸ ਜੰਮੂ-ਕਸਮੀਰ ਵਿੱਚ ਸਰਗਰਮ ਅੱਤਵਾਦੀ ਸੰਗਠਨਾਂ ਨਾਲ ਗੁਪਤ ਸੰਚਾਰ ਕਰਨਾ ਹੈ। ਪਾਕਿਸਤਾਨ ਨੇ ਵਿੱਚ ਕੰਟਰੋਲ ਰੇਖਾ ਦੇ ਨੇੜੇ ਵੱਡੀ ਗਿਣਤੀ ਵਿੱਚ ਟੈਲੀਕਾਮ ਟਾਵਰ ਸਥਾਪਤ ਕੀਤੇ ਹਨ। ਇਨ੍ਹਾਂ ਟਾਵਰਾਂ ਦੇ ਸਿਗਨਲ ਦੀ ਪਹੁੰਚ ਜੰਮੂ ਖੇਤਰ ਦੀਆਂ ਕਈ ਜੇਲ੍ਹਾਂ ਤੱਕ ਹੈ, ਜਿੱਥੇ ਕਈ ਅੱਤਵਾਦੀ ਬੰਦ ਹਨ।

ਜੈਮਰ ਸਿਗਨਲਾਂ ਨੂੰ ਪੂਰੀ ਤਰ੍ਹਾਂ ਰੋਕਣ ਵਿੱਚ ਸਮਰੱਥ ਨਹੀਂ



ਕਸਮੀਰ ਵਿੱਚ ਪਹਾੜੀ ਇਲਾਕਾ ਜਿਆਦਾਤਰ ਬਾਹਰੀ ਮੋਬਾਈਲ ਸਿਗਨਲਾਂ ਨੂੰ ਰੋਕ ਦਿੰਦਾ ਹੈ, ਪਰ ਜੰਮੂ ਦੇ ਮੈਦਾਨੀ ਇਲਾਕਿਆਂ ਵਿੱਚ ਇਹ ਸਿਗਨਲ ਅੰਦਰ ਤੱਕ ਪ੍ਰਵੇਸ ਕਰ ਰਹੇ ਹਨ। ਅਧਿਕਾਰੀਆਂ ਅਨੁਸਾਰ ਕਠੂਆ, ਰਾਜੌਰੀ ਅਤੇ ਪੁਣਛ ਵਰਗੇ ਸਰਹੱਦੀ ਜਿਲ੍ਹਿਆਂ ਤੋਂ ਇਲਾਵਾ ਜੰਮੂ ਸਥਿਤ ਸੰਵੇਦਨਸੀਲ ਕੋਟ ਭਲਵਾਲ ਜੇਲ੍ਹ ਖੇਤਰ ਤੱਕ ਇਨ੍ਹਾਂ ਸਿਗਨਲਾਂ ਦੇ ਪਹੁੰਚਣ ਦੇ ਸੰਕੇਤ ਮਿਲੇ ਹਨ।

ਸੂਤਰਾਂ ਦਾ ਕਹਿਣਾ ਹੈ ਕਿ ਕੁਝ ਜੇਲ੍ਹਾਂ ਵਿੱਚ ਲੱਗੇ ਮੌਜੂਦਾ ਜੈਮਰ ਸਿਗਨਲਾਂ ਨੂੰ ਰੋਕਣ ਵਿੱਚ ਸਮਰੱਥ ਨਹੀਂ ਹਨ। ਜੇਲ੍ਹਾਂ ਦੇ ਅੰਦਰ ਤਸਕਰੀ ਰਾਹੀਂ ਪਹੁੰਚਾਏ ਗਏ ਮੋਬਾਈਲ ਫੋਨ ਕਥਿਤ ਤੌਰ 'ਤੇ ਇਨ੍ਹਾਂ ਖੇਤਰਾਂ ਵਿੱਚ ਕੰਮ ਕਰ ਰਹੇ ਹਨ।

ਸੁਰੱਖਿਆ ਅਧਿਕਾਰੀਆਂ ਦਾ ਕਹਿਣਾ ਹੈ ਕਿ ਜੰਮੂ-ਕਸਮੀਰ ਦੀਆਂ ਸੰਵੇਦਨਸੀਲ ਸੁਰੱਖਿਆ ਪ੍ਰਸਥਿਤੀਆਂ ਨੂੰ ਦੇਖਦੇ ਹੋਏ ਰਵਾਇਤੀ ਜੈਮਰਾਂ ਦੀ ਬਜਾਏ ਨਵੀਂ ਪੀੜ੍ਹੀ ਦੀ ਤਕਨੀਕ ( ) ਅਪਣਾਉਣ ਦੀ ਲੋੜ ਹੈ। ਇਹ ਤਕਨੀਕ ਸੱਕੀ ਉਪਕਰਨਾਂ ਦੀ ਸਹੀ ਪਛਾਣ ਕਰਕੇ ਉਨ੍ਹਾਂ ਨੂੰ ਨਾਕਾਮ ਕਰਨ ਦੇ ਸਮਰੱਥ ਹੋਵੇਗੀ।

ਸੁਰੱਖਿਆ ਏਜੰਸੀਆਂ ਨੇ ਪਹਿਲਾਂ ਵੀ ਕੀਤਾ ਸੀ ਨਾਕਾਮ

ਸਾਲ 2019-20 ਵਿੱਚ ਸੁਰੱਖਿਆ ਏਜੰਸੀਆਂ ਨੇ ਸਰਹੱਦ ਪਾਰੋਂ ਚੱਲ ਰਹੇ ਅਜਿਹੇ ਸੰਚਾਰ ਨੈੱਟਵਰਕ ਦਾ ਪਤਾ ਲਗਾ ਕੇ ਉਨ੍ਹਾਂ ਦੀ ਐਨਕ੍ਰਿਪਸਨ ਪ੍ਰਣਾਲੀ ਨੂੰ ਭਾਲ ਕੇ ਉਨ੍ਹਾਂ ਨੂੰ ਨਾਕਾਮ ਕੀਤਾ ਸੀ। ਮੌਜੂਦਾ ਕੋਸਿਸਾਂ ਦਾ ਵੀ ਇਸੇ ਤਰ੍ਹਾਂ ਮੁਕਾਬਲਾ ਕੀਤਾ ਜਾਵੇਗਾ।

ਅੰਤਰਰਾਸਟਰੀ ਸਰਹੱਦ ਅਤੇ ਕੰਟਰੋਲ ਰੇਖਾ ਦੇ ਨੇੜੇ ਪਾਕਿਸਤਾਨ ਵੱਲੋਂ ਟੈਲੀਕਾਮ ਟਾਵਰਾਂ ਦੀ ਇਹ ਰਣਨੀਤਕ ਤਾਇਨਾਤੀ 'ਇੰਟਰਨੈਸਨਲ ਟੈਲੀਕਮਿਊਨੀਕੇਸਨ ਯੂਨੀਅਨ' ਦੇ ਅਨੁਛੇਦ 45 ਦੀ ਉਲੰਘਣਾ ਹੈ। ਇਹ ਅਨੁਛੇਦ ਮੈਂਬਰ ਦੇਸਾਂ ਨੂੰ ਗੁਮਰਾਹਕੁੰਨ, ਅਣਅਧਿਕਾਰਤ ਜਾਂ ਗੈਰ-ਜਰੂਰੀ ਸਿਗਨਲਾਂ ਦੇ ਪ੍ਰਸਾਰਣ ਨੂੰ ਰੋਕਣ ਅਤੇ ਅਜਿਹਾ ਕਰਨ ਵਾਲੇ ਸਟੇਸਨਾਂ ਦੀ ਪਛਾਣ ਵਿੱਚ ਸਹਿਯੋਗ ਕਰਨ ਦਾ ਨਿਰਦੇਸ ਦਿੰਦਾ ਹੈ।

ਸੂਤਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਟਾਵਰਾਂ ਵਿੱਚ ਤਕਨੀਕ ਦੀ ਵਰਤੋਂ ਕੀਤੀ ਜਾ ਰਹੀ ਹੈ। ਇਸ ਵਿੱਚ ਇੱਕ ਚੀਨੀ ਕੰਪਨੀ ਦੁਆਰਾ ਵਿਕਸਤ ਉੱਚ ਪੱਧਰੀ ਐਨਕ੍ਰਿਪਸਨ ਤਕਨੀਕ ਲੱਗੀ ਹੋਈ ਹੈ। ਅੱਤਵਾਦੀ ਸੰਗਠਨ " ਨਾਮਕ ਉੱਨਤ ਤਕਨੀਕ ਦੀ ਵਰਤੋਂ ਕਰ ਰਹੇ ਹਨ।

ਇਹ ਸਮਾਰਟਫੋਨ ਅਤੇ ਰੇਡੀਓ ਸੈੱਟ ਨੂੰ ਜੋੜ ਕੇ ਐਨਕ੍ਰਿਪਟਡ ਅਤੇ ਆਫ-ਗ੍ਰਿਡ ਸੰਚਾਰ ਦੀ ਸਹੂਲਤ ਦਿੰਦੀ ਹੈ। ਇਸ ਨੈੱਟਵਰਕ ਦੇ ਜਰੀਏ ਗੁਲਾਮ ਜੰਮੂ-ਕਸਮੀਰ ਵਿੱਚ ਬੈਠੇ ਹੈਂਡਲਰ ਘੁਸਪੈਠ ਕਰਨ ਵਾਲੇ ਅੱਤਵਾਦੀਆਂ ਅਤੇ ਉਨ੍ਹਾਂ ਦੇ ਸਥਾਨਕ ਮਦਦਗਾਰਾਂ ਨਾਲ ਸੰਪਰਕ ਬਣਾਈ ਰੱਖਣ ਦੀ ਕੋਸਿਸ ਕਰਦੇ ਹਨ, ਤਾਂ ਜੋ ਸੁਰੱਖਿਆ ਬਲਾਂ ਦੀ ਨਿਗਰਾਨੀ ਤੋਂ ਬਚਿਆ ਜਾ ਸਕੇ।

# ਨੇਪਾਲ ਨੇ ਭਾਰਤ ਦੀ ਜਮੀਨ 'ਤੇ ਕਬਜਾ ਕੀਤਾ ਹੈਂ, ਬਾਲੇਨ ਸਾਹ ਦੇ ਬਿਆਨ 'ਤੇ ਭੜਕੇ ਨੇਪਾਲ ਦੇ ਲੋਕ

ਡਿਜੀਟਲ ਡੈਸਕ, ਨਵੀਂ ਦਿੱਲੀ: ਨੇਪਾਲ ਦੇ ਪ੍ਰਧਾਨ ਮੰਤਰੀ ਬਾਲੇਨ ਸਾਹ ਨੇ ਇੱਕ ਅਜਿਹਾ ਦਾਅਵਾ ਕੀਤਾ ਹੈ ਜਿਸ ਨੇ ਉਨ੍ਹਾਂ ਦੇ ਆਪਣੇ ਹੀ ਦੇਸ ਵਿੱਚ ਇੱਕ ਵੱਡਾ ਸਿਆਸੀ ਤੂਫਾਨ ਖੜ੍ਹਾ ਕਰ ਦਿੱਤਾ ਹੈ। ਨੇਪਾਲ ਦੀ ਰਾਜਧਾਨੀ ਕਾਠਮੰਡੂ ਹਮੇਸਾ ਤੋਂ ਭਾਰਤ 'ਤੇ ਨੇਪਾਲੀ ਜਮੀਨ 'ਤੇ ਕਬਜਾ ਕਰਨ ਦਾ ਆਰੋਪ ਲਗਾਉਂਦੀ ਰਹੀ ਹੈ, ਪਰ ਪੀ.ਐੱਮ. ਸਾਹ ਨੇ ਦਾਅਵਾ ਕੀਤਾ ਹੈ ਕਿ ਨੇਪਾਲ ਨੇ ਵੀ ਭਾਰਤੀ ਖੇਤਰ 'ਤੇ ਕਬਜਾ ਕਰ ਰੱਖਿਆ ਹੈ।

ਇਸ ਸਾਲ ਦੀ ਸੁਰੂਆਤ ਵਿੱਚ ਦੱਖਣੀ ਏਸੀਆਈ ਦੇਸ ਦੇ ਸਭ ਤੋਂ ਨੌਜਵਾਨ ਪ੍ਰਧਾਨ ਮੰਤਰੀ ਬਣੇ 35 ਸਾਲਾ ਬਾਲੇਨ ਸਾਹ ਨੇ ਨੇਪਾਲੀ ਸੰਸਦ ਵਿੱਚ ਆਪਣੇ ਪਹਿਲੇ ਸੰਬੋਧਨ ਦੌਰਾਨ ਇਹ ਚੌਂਕਾਉਣ ਵਾਲੀ ਗੱਲ ਕਹੀ। ਉਨ੍ਹਾਂ ਨੇ ਮੰਨਿਆ ਕਿ ਲਿਪੁਲੇਖ, ਲਿਮਪੀਆਧੁਰਾ ਅਤੇ ਕਾਲਾਪਾਣੀ ਖੇਤਰਾਂ ਨਾਲ ਜੁੜਿਆ ਸਰਹੱਦੀ ਵਿਵਾਦ ਦੋਵਾਂ ਦੇਸਾਂ ਦੇ ਦੁਵੱਲੇ ਸਬੰਧਾਂ ਵਿੱਚ ਇੱਕ ਸੰਵੇਦਨਸੀਲ ਮੁੱਦਾ ਬਣਿਆ ਹੋਇਆ ਹੈ।



ਉਨ੍ਹਾਂ ਨੇ ਸੁਝਾਅ ਦਿੱਤਾ ਕਿ ਇਸ ਮੁੱਦੇ ਨੂੰ ਸੁਲਝਾਉਣ ਲਈ ਦੋਵਾਂ ਦੇਸਾਂ ਨੂੰ ਇਤਿਹਾਸਕਾਰਾਂ, ਸਰਵੇਖਣਕਾਰਾਂ ਅਤੇ ਮਾਹਿਰਾਂ ਦੀ ਮਦਦ ਲੈਣੀ ਚਾਹੀਦੀ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਇਹ ਵੀ ਜੋੜਿਆ ਕਿ ਕਾਠਮੰਡੂ ਨੇ ਇਸ ਮਾਮਲੇ ਨੂੰ ਚੀਨ ਅਤੇ ਯੂਨਾਈਟਿਡ ਕਿੰਗਡਮ (ਬ੍ਰਿਟੇਨ) ਦੇ ਸਾਹਮਣੇ ਵੀ ਚੁੱਕਿਆ ਹੈ।

ਨੇਪਾਲ ਦੇ ਪ੍ਰਧਾਨ ਮੰਤਰੀ ਨੇ ਸੰਸਦ ਵਿੱਚ ਕੀ ਕਿਹਾ?

11 ਮਈ ਤੋਂ ਸੁਰੂ ਹੋਏ ਸੰਸਦ ਸੈਸਨ ਵਿੱਚ ਪਹਿਲੀ ਵਾਰ ਬੋਲਦਿਆਂ ਪ੍ਰਧਾਨ ਮੰਤਰੀ ਬਾਲੇਨ ਸਾਹ ਨੇ ਕਿਹਾ, "ਤੁਹਾਨੂੰ ਇੱਕ ਅਜਿਹਾ ਤੱਥ ਜਾਣ ਕੇ ਹੈਰਾਨੀ ਹੋਵੇਗੀ ਜੋ ਮੈਨੂੰ ਹਾਲ ਹੀ ਵਿੱਚ, ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਹੀ ਪਤਾ ਲੱਗਾ ਹੈ। ਭਾਰਤ ਨੇ ਨਾ ਸਿਰਫ ਨੇਪਾਲੀ ਖੇਤਰ 'ਤੇ ਕਬਜਾ ਕੀਤਾ ਹੈ, ਬਲਕਿ ਨੇਪਾਲ ਨੇ ਵੀ ਕਈ ਥਾਵਾਂ 'ਤੇ ਭਾਰਤੀ ਖੇਤਰ 'ਤੇ ਕਬਜਾ ਕੀਤਾ ਹੋਇਆ ਹੈ।"

ਉਨ੍ਹਾਂ ਨੇ ਅੱਗੇ ਕਿਹਾ, "ਹੁਣ ਦੋਵਾਂ ਦੇਸਾਂ ਨੂੰ ਤੱਥਾਂ ਦਾ ਅਧਿਐਨ ਕਰਨਾ ਚਾਹੀਦਾ ਹੈ ਅਤੇ ਦੋਸਤਾਂ ਵਾਂਗ ਇੱਕਠੇ ਬੈਠ ਕੇ ਇਸ ਮੁੱਦੇ ਨੂੰ ਸੁਲਝਾਉਣਾ ਚਾਹੀਦਾ ਹੈ।"

ਹਾਲਾਂਕਿ, ਸਾਹ ਨੇ ਆਪਣੇ ਭਾਸਣ ਵਿੱਚ ਇਸ ਗੱਲ ਦਾ ਕੋਈ ਵੇਰਵਾ ਸਾਂਝਾ ਨਹੀਂ ਕੀਤਾ ਕਿ ਨੇਪਾਲ ਨੇ ਕਥਿਤ ਤੌਰ 'ਤੇ ਕਿਸ ਭਾਰਤੀ ਜਮੀਨ 'ਤੇ ਕਬਜਾ ਕੀਤਾ ਹੈ।

## ਦਾਦੂ ਵਿੱਚ ਤਾਪਮਾਨ ਰਿਕਾਰਡ 51.5 ਡਿਗਰੀ ਸੈਲਸੀਅਸ



ਪਾਕਿਸਤਾਨ ਦੇ ਸਿੰਧ ਸੂਬੇ ਦੇ ਵੱਡੇ ਹਿੱਸੇ ਵਿੱਚ ਅਤਿ ਦੀ ਗਰਮੀ ਅਤੇ ਲੂ ਦਾ ਕਹਿਰ ਜਾਰੀ ਹੈ। ਸਨਿਚਰਵਾਰ ਨੂੰ ਸੂਬੇ ਦੇ ਸ਼ਹਿਰ ਦਾਦੂ ਵਿੱਚ ਤਾਪਮਾਨ ਦਾ 51.5 ਡਿਗਰੀ ਸੈਲਸੀਅਸ ਦਾ ਨਵਾਂ ਰਿਕਾਰਡ ਦਰਜ ਕੀਤਾ ਗਿਆ। ਪਾਕਿਸਤਾਨ ਮੌਸਮ ਵਿਗਿਆਨ ਵਿਭਾਗ (ਪੀ ਐੱਮ ਡੀ) ਦੇ ਅੰਕੜਿਆਂ ਅਨੁਸਾਰ, ਇਸ ਤੋਂ ਪਹਿਲਾਂ ਦਾਦੂ ਵਿੱਚ ਸਭ ਤੋਂ ਵੱਧ ਤਾਪਮਾਨ 18 ਮਈ 2016 ਨੂੰ 51.4 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਸੀ। ਪੀ ਐੱਮ ਡੀ ਦੇ ਕਰਾਚੀ ਦਫਤਰ ਦੇ ਮੁੱਖ ਮੌਸਮ ਵਿਗਿਆਨੀ ਸਰਫਰਾਜ ਖਾਨ ਨੇ ਦੱਸਿਆ ਕਿ ਸਨਿਚਰਵਾਰ ਦੁਪਹਿਰ ਤੱਕ ਜੈਕਬਾਬਾਦ ਵਿੱਚ ਵੀ ਤਾਪਮਾਨ 51 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜਦੋਂ ਕਿ ਤਿੰਨ ਹੋਰ ਥਾਵਾਂ ਸਹੀਦ ਬੇਨਜੀਰਾਬਾਦ (ਨਵਾਬਸਾਹ), ਲੜਕਾਣਾ ਅਤੇ ਮੋਹਿੰਜੋਦੜੋ ਵਿੱਚ ਪਾਰਾ 50 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ। ਉਨ੍ਹਾਂ ਦੱਸਿਆ ਕਿ ਦੁਪਹਿਰ ਤੱਕ ਦਾਦੂ ਵਿੱਚ ਤਾਪਮਾਨ 51.5 ਡਿਗਰੀ ਸੈਲਸੀਅਸ ਦੇ ਸਿਖਰ 'ਤੇ ਪਹੁੰਚ ਗਿਆ, ਜੋ ਇਸ ਸਹਿਰ ਲਈ ਵੱਧ ਤੋਂ ਵੱਧ ਤਾਪਮਾਨ ਦਾ ਨਵਾਂ ਰਿਕਾਰਡ ਹੈ। ਇਸ ਤੋਂ ਪਹਿਲਾਂ ਸਾਲ 2024 ਵਿੱਚ, ਮੋਹਿੰਜੋਦੜੋ ਦੇ ਟੀਲੇ (ਖੰਡਰਾਂ ਵਾਲੇ ਖੇਤਰ) 'ਚ ਤਾਪਮਾਨ 53 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ ਸੀ।

## ਯੂ ਕੇ 'ਚ ਕਿਰਪਾਨ 'ਤੇ ਪਾਬੰਦੀ ਲਾਉਣ ਦੀ ਮੰਗ ਦਾ ਵਿਰੋਧ



ਬਰਤਾਨਵੀ ਸਿੱਖ ਸਮੂਹਾਂ ਨੇ ਯੂ ਕੇ ਵਿੱਚ ਕਿਰਪਾਨ 'ਤੇ ਪਾਬੰਦੀ ਲਾਉਣ ਦੀ ਮੰਗ ਦਾ ਵਿਰੋਧ ਕੀਤਾ ਹੈ। ਬ੍ਰਿਟਿਸ ਸਿੱਖ ਜਥੇਬੰਦੀਆਂ ਨੇ ਚਿਤਾਵਨੀ ਦਿੱਤੀ ਕਿ ਧਾਰਮਿਕ ਚਿੰਨ੍ਹ ਵਜੋਂ ਚਾਕੂ ਰੱਖਣ ਦਾ ਦਾਅਵਾ ਕਰਨ ਵਾਲੇ ਕਿਸੇ ਵਿਅਕਤੀ ਨੂੰ ਕਤਲ ਦੇ ਮਾਮਲੇ ਵਿੱਚ ਦੋਸੀ ਠਹਿਰਾਏ ਜਾਣ ਤੋਂ ਬਾਅਦ ਯੂ ਕੇ ਵਿੱਚ ਕਿਰਪਾਨ 'ਤੇ ਪਾਬੰਦੀ ਲਾਉਣ ਦੀਆਂ ਮੰਗਾਂ ਇਸ ਅਪਰਾਧੀ ਦੀ ਕਾਰਵਾਈ ਲਈ ਪੂਰੇ ਭਾਈਚਾਰੇ ਨੂੰ ਨਾਜਾਇਜ ਨਿਸਾਨਾ ਬਣਾ ਰਹੀਆਂ ਹਨ। ਵਿਕਰਮ ਦਿਗਵਾ (23) ਨੂੰ ਪਿਛਲੇ ਸਾਲ ਦਸੰਬਰ ਵਿੱਚ 21 ਸੈਂਟੀਮੀਟਰ ਦੇ ਖੰਜਰ ਨਾਲ ਹੈਨਰੀ ਨੋਵਾਕ (18) ਦਾ ਬੇਰਹਿਮੀ ਨਾਲ ਕਤਲ ਕਰਨ ਦਾ ਦੋਸੀ ਪਾਇਆ ਗਿਆ ਹੈ। ਵੀਰਵਾਰ ਨੂੰ ਸਾਊਥੈਂਪਟਨ ਕਰਾਊਨ ਕੋਰਟ ਵਿੱਚ ਉਸ ਦੀ ਮਾਂ ਕਿਰਨ ਕੌਰ (53) ਨੂੰ ਵੀ ਅਪਰਾਧੀ ਦੀ ਮਦਦ ਕਰਨ ਦਾ ਦੋਸੀ ਕਰਾਰ ਦਿੱਤਾ ਗਿਆ।

ਮੁਕੱਦਮੇ ਦੌਰਾਨ ਦਿਗਵਾ ਨੇ ਕਤਲ ਦੇ ਦੋਸਾਂ ਤੋਂ ਇਨਕਾਰ ਕਰਦਿਆਂ ਦਾਅਵਾ ਕੀਤਾ ਸੀ ਕਿ ਉਸ ਨੇ ਆਤਮ-ਰੱਖਿਆ ਵਿੱਚ ਚਾਕੂ ਦੀ ਵਰਤੋਂ ਕੀਤੀ ਸੀ, ਜੋ ਉਹ ਧਾਰਮਿਕ ਚਿੰਨ੍ਹ ਵਜੋਂ ਆਪਣੇ ਕੋਲ ਰੱਖਦਾ ਸੀ। ਇਸ ਮਾਮਲੇ ਨੇ ਕਿਰਪਾਨ ਨੂੰ ਸੁਰਖੀਆਂ ਵਿੱਚ ਲਿਆ ਦਿੱਤਾ ਹੈ ਅਤੇ ਰੀਸਟੋਰ ਬ੍ਰਿਟੇਨ ਵਰਗੀਆਂ ਸੱਜੇ-ਪੱਖੀ ਪਾਰਟੀਆਂ ਕਿਰਪਾਨ 'ਤੇ ਪਾਬੰਦੀ ਲਾਉਣ ਦੀ ਮੰਗ ਕਰ ਰਹੀਆਂ ਹਨ।

ਸਿਟੀ ਸਿੱਖਜ ਫਾਊਂਡੇਸਨ ਨੇ ਬਿਆਨ ਵਿੱਚ ਕਿਹਾ ਕਿ ਕਿਸੇ ਵਿਅਕਤੀ ਦੇ ਕੰਮਾਂ ਨੂੰ ਕਦੇ ਵੀ ਅਤੇ ਕਿਸੇ ਵੀ ਹਾਲਤ ਵਿੱਚ ਪੂਰੇ ਧਾਰਮਿਕ ਭਾਈਚਾਰੇ ਨੂੰ ਪਰਿਭਾਸਿਤ ਕਰਨ ਲਈ ਨਹੀਂ ਵਰਤਿਆ ਜਾਣਾ ਚਾਹੀਦਾ। ਸਿੱਖ ਸੰਸਥਾ ਨੇ ਪੀੜਤ ਪਰਿਵਾਰ ਨਾਲ ਹਮਦਰਦੀ ਜਾਹਿਰ ਕਰਦਿਆਂ ਕਤਲ ਲਈ ਜਿੰਮੇਵਾਰ ਮੁਲਜਮ ਦੀ ਕਾਰਵਾਈ ਦੀ ਨਿਖੇਧੀ ਕੀਤੀ ਹੈ।

## 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸਲ ਮੀਡੀਆ ਖਾਤਿਆਂ 'ਤੇ ਪਾਬੰਦੀ ਲਾਗੂ



ਸੋਮਵਾਰ ਤੋਂ 16 ਸਾਲ ਤੋਂ ਘੱਟ ਉਮਰ ਦੇ ਲੱਖਾਂ ਬੱਚਿਆਂ ਦੇ ਸੋਸਲ ਮੀਡੀਆ ਖਾਤੇ ਰੱਖਣ 'ਤੇ ਪਾਬੰਦੀ ਲਾਉਣ ਵਾਲੇ ਨਿਯਮਾਂ ਨੂੰ ਲਾਗੂ ਕਰਨਾ ਸੁਰੂ ਕਰ ਦਿੱਤਾ ਹੈ, ਜੋ ਨੌਜਵਾਨ ਉਪਭੋਗਤਾਵਾਂ ਲਈ ਆਨਲਾਈਨ ਸੁਰੱਖਿਆ ਸੁਰੱਖਿਆ ਨੂੰ ਮਜਬੂਤ ਕਰਨ ਦੇ ਇੱਕ ਵਿਸਵਵਿਆਪੀ ਯਤਨ ਵਿੱਚ ਸਾਮਲ ਹੋ ਗਿਆ ਹੈ।

ਇਹ ਨਿਯਮ ਫੇਸਬੁੱਕ, ਇੰਸਟਾਗ੍ਰਾਮ, ਟਿਕਟੋਕ ਅਤੇ ਯੂਟਿਊਬ ਸਮੇਤ ਘੱਟੋ-ਘੱਟ 8 ਮਿਲੀਅਨ ਉਪਭੋਗਤਾਵਾਂ ਵਾਲੇ ਸੋਸਲ ਮੀਡੀਆ ਪਲੇਟਫਾਰਮਾਂ ਨੂੰ ਉਮਰ-ਤਸਦੀਕ ਪ੍ਰਣਾਲੀਆਂ ਨੂੰ ਲਾਗੂ ਕਰਨ ਅਤੇ 16 ਸਾਲ ਤੋਂ ਘੱਟ ਉਮਰ ਦੇ ਉਪਭੋਗਤਾਵਾਂ ਨੂੰ ਖਾਤੇ ਬਣਾਉਣ ਤੋਂ ਰੋਕਣ ਲਈ ਮਜਬੂਰ ਕਰਦੇ ਹਨ।

ਮਲੇਸੀਆ ਦੇ ਸੰਚਾਰ ਅਤੇ ਮਲਟੀਮੀਡੀਆ ਕਮਿਸਨ ਨੇ ਸੋਮਵਾਰ ਨੂੰ ਕਿਹਾ ਕਿ ਮੌਜੂਦਾ ਉਪਭੋਗਤਾਵਾਂ ਲਈ ਉਮਰ ਦੀ ਪੁਸਟੀ ਅਗਲੇ ਛੇ ਮਹੀਨਿਆਂ ਵਿੱਚ ਹੌਲੀ-ਹੌਲੀ ਸੁਰੂ ਕੀਤੀ ਜਾਵੇਗੀ। 16 ਸਾਲ ਤੋਂ ਘੱਟ ਉਮਰ ਦੇ ਪਛਾਣੇ ਗਏ ਉਪਭੋਗਤਾਵਾਂ ਕੋਲ ਕੋਈ ਵੀ ਪਾਬੰਦੀਆਂ, ਮੁਅੱਤਲੀਆਂ ਜਾਂ ਹੋਰ ਕਾਰਵਾਈਆਂ ਲਾਗੂ ਹੋਣ ਤੋਂ ਪਹਿਲਾਂ ਆਪਣੇ ਫੋਟੋਆਂ ਅਤੇ ਵੀਡੀਓ ਸਮੇਤ ਆਪਣਾ ਡੇਟਾ ਡਾਊਨਲੋਡ ਜਾਂ ਟ੍ਰਾਂਸਫਰ ਕਰਨ ਲਈ ਇੱਕ ਮਹੀਨਾ ਹੋਵੇਗਾ।

ਜਿਹੜੀਆਂ ਕੰਪਨੀਆਂ ਪਾਲਣਾ ਕਰਨ ਵਿੱਚ ਅਸਫਲ ਰਹਿੰਦੀਆਂ ਹਨ ਉਨ੍ਹਾਂ ਨੂੰ 10 ਮਿਲੀਅਨ ਰਿੰਗਿਟ (£2.5 ਮਿਲੀਅਨ) ਤੱਕ ਦਾ ਜੁਰਮਾਨਾ ਹੋ ਸਕਦਾ ਹੈ, ਪਰ ਉਹ ਮਾਪੇ ਜਿਨ੍ਹਾਂ ਦੇ ਬੱਚੇ ਕਾਨੂੰਨ ਨੂੰ ਬਾਈਪਾਸ ਕਰਨ ਵਿੱਚ ਕਾਮਯਾਬ ਹੋ ਜਾਂਦੇ ਹਨ, ਉਨ੍ਹਾਂ ਨੂੰ ਸਜਾ ਨਹੀਂ ਦਿੱਤੀ ਜਾਵੇਗੀ। ਸਰਕਾਰ ਨੇ ਕਿਹਾ ਕਿ ਇਹ ਉਪਾਅ ਬੱਚਿਆਂ ਨੂੰ ਨੁਕਸਾਨਦੇਹ ਸਮੱਗਰੀ, ਸਾਈਬਰ ਬੁਲਿੰਗ ਅਤੇ ਬਹੁਤ ਜਿਆਦਾ ਵਰਤੋਂ ਨੂੰ ਉਤਸਾਹਿਤ ਕਰਨ ਲਈ ਤਿਆਰ ਕੀਤੀਆਂ ਪਲੇਟਫਾਰਮ ਵਿਸੇਸਤਾਵਾਂ ਤੋਂ ਬਚਾਉਣ ਦੇ ਉਦੇਸ ਨਾਲ ਹਨ।

ਆਸਟ੍ਰੇਲੀਆ, ਬ੍ਰਾਜੀਲ ਅਤੇ ਇੰਡੋਨੇਸੀਆ ਸਮੇਤ ਹੋਰ ਦੇਸਾਂ ਨੇ ਬੱਚਿਆਂ ਦੀ ਸੋਸਲ ਮੀਡੀਆ ਤੱਕ ਪਹੁੰਚ ਲਈ ਉਮਰ-ਆਧਾਰਿਤ ਪਾਬੰਦੀਆਂ ਜਾਂ ਲੋੜਾਂ ਪੇਸ ਜਾਂ ਘੋਸਿਤ ਕੀਤੀਆਂ ਹਨ। ਬ੍ਰਿਟੇਨ, ਫਰਾਂਸ, ਸਪੇਨ, ਡੈਨਮਾਰਕ, ਥਾਈਲੈਂਡ ਅਤੇ ਦੱਖਣੀ ਕੋਰੀਆ ਸਮੇਤ ਦੇਸ ਵੀ ਸਮਾਨ ਪਹੁੰਚਾਂ ਦਾ ਅਧਿਐਨ ਜਾਂ ਵਿਕਾਸ ਕਰ ਰਹੇ ਹਨ।

ਰੈਗੂਲੇਟਰ ਨੇ ਕਿਹਾ ਕਿ ਨਿਯਮਾਂ ਦਾ ਉਦੇਸ ਬੱਚਿਆਂ ਨੂੰ ਡਿਜੀਟਲ ਤਕਨਾਲੋਜੀ ਤੱਕ ਪਹੁੰਚਣ ਤੋਂ ਰੋਕਣਾ ਨਹੀਂ ਹੈ। ਕਮਿਸਨ ਨੇ ਕਿਹਾ, "ਇਹ ਉਪਾਅ ਆਨਲਾਈਨ ਵਾਤਾਵਰਣ ਵਿੱਚ ਬੱਚਿਆਂ ਦੀ ਸੁਰੱਖਿਆ ਨੂੰ ਮਜਬੂਤ ਕਰਨ ਵਿੱਚ ਮਦਦ ਕਰਦੇ ਹਨ, ਜਦਕਿ ਮਾਪਿਆਂ ਨੂੰ ਵੱਧਦੀ ਗੁੰਝਲਦਾਰ ਡਿਜੀਟਲ ਜੋਖਮਾਂ ਨੂੰ ਨੈਵੀਗੇਟ ਕਰਨ ਵਿੱਚ ਵਾਧੂ ਭਰੋਸਾ ਪ੍ਰਦਾਨ ਕਰਦੇ ਹਨ।"

## ਰੂਸੀ ਊਰਜਾ ਟਿਕਾਣਿਆਂ 'ਤੇ ਯੂਕਰੇਨ ਦੇ ਹਮਲੇ



ਯੂਕਰੇਨ ਨੇ ਲੰਘੀ ਸਾਰੀ ਰਾਤ ਰੂਸ ਦੇ ਊਰਜਾ ਸਥਾਨਾਂ 'ਤੇ ਨਵੇਂ ਹਮਲੇ ਕੀਤੇ ਹਨ ਪਰ ਕੀਵ ਨੇ ਰੂਸ ਦਾ ਦਾਅਵਾ ਨਕਾਰ ਦਿੱਤਾ ਹੈ ਕਿ ਯੂਕਰੇਨੀ ਡਰੋਨ ਨੇ ਕਰੈਮਲਿਨ ਦੇ ਕਬਜੇ ਹੇਠਲੇ ਮੁੱਖ ਪਰਮਾਣੂ ਪਲਾਂਟ 'ਤੇ ਹਮਲਾ ਕੀਤਾ ਹੈ। ਰੂਸ ਦੇ ਦੱਖਣ-ਪੱਛਮੀ ਰੋਸਤੋਵ ਖੇਤਰ ਦੇ ਗਵਰਨਰ ਯੂਰੀ ਸਲਿਊਸਰ ਨੇ ਅੱਜ ਟੈਲੀਗ੍ਰਾਮ 'ਤੇ ਦੱਸਿਆ ਕਿ ਡਰੋਨ ਦੇ ਮਲਬੇ ਕਾਰਨ ਈਂਧਣ ਭੰਡਾਰਨ ਸਹੂਲਤ ਵਿੱਚ ਅੱਗ ਲੱਗ ਗਈ। ਨੇੜਲੇ ਘਰਾਂ 'ਚ ਰਹਿੰਦੇ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ ਹੈ।

ਗਵਰਨਰ ਰੋਮਨ ਬੁਸਾਰਗਿਨ ਅਨੁਸਾਰ ਡਰੋਨਾਂ ਨੇ ਦੱਖਣ-ਪੱਛਮੀ ਰੂਸ ਦੇ ਸਾਰਾਤੋਵ ਸੂਬੇ ਵਿੱਚ ਨਾਗਰਿਕ ਬੁਨਿਆਦੀ ਢਾਂਚੇ ਨੂੰ ਵੀ ਨੁਕਸਾਨ ਪਹੁੰਚਾਇਆ ਹੈ। ਰੂਸੀ ਨਿਊਜ ਚੈਨਲ 'ਅਸਤਰਾ' ਨੇ ਦੱਸਿਆ ਕਿ ਖੇਤਰੀ ਰਾਜਧਾਨੀ ਸਾਰਾਤੋਵ ਵਿੱਚ ਤੇਲ ਰਿਫਾਇਨਰੀ ਨੂੰ ਅੱਗ ਲੱਗ ਗਈ ਹੈ। ਯੂਕਰੇਨ ਨੇ ਹਾਲ ਹੀ ਦੇ ਮਹੀਨਿਆਂ ਵਿੱਚ ਰੂਸ ਦੀਆਂ ਤੇਲ ਅਤੇ ਗੈਸ ਸਹੂਲਤਾਂ 'ਤੇ ਹਮਲੇ ਤੇਜ ਕਰ ਦਿੱਤੇ ਹਨ। ਯੂਕਰੇਨ ਦਾ ਤਰਕ ਹੈ ਕਿ ਊਰਜਾ ਖੇਤਰ ਮਾਸਕੋ ਦੇ 4 ਸਾਲਾਂ ਤੋਂ ਵੱਧ ਪੁਰਾਣੇ ਹਮਲੇ ਲਈ ਫੰਡ ਅਤੇ ਸਿੱਧੇ ਤੌਰ 'ਤੇ ਈਂਧਣ ਦੋਵੇਂ ਮੁਹੱਈਆ ਕਰਵਾਉਂਦਾ ਹੈ। ਇਸ ਦੌਰਾਨ ਕੀਵ ਨੇ ਰੂਸ ਦੇ ਉਨ੍ਹਾਂ ਦਾਅਵਿਆਂ ਤੋਂ ਇਨਕਾਰ ਕੀਤਾ ਹੈ ਕਿ ਯੂਕਰੇਨੀ ਡਰੋਨ ਨੇ ਰੂਸ ਦੇ ਕਬਜੇ ਵਾਲੇ ਜਾਪੋਰਿਜੀਆ ਪਰਮਾਣੂ ਪਲਾਂਟ 'ਤੇ ਹਮਲਾ ਕੀਤਾ ਹੈ ਜੋ ਯੂਕਰੇਨ ਅਤੇ ਯੂਰੋਪ ਦਾ ਸਭ ਤੋਂ ਵੱਡਾ ਪਰਮਾਣੂ ਪਲਾਂਟ ਹੈ। ਰੂਸੀ ਸੈਨਾ ਨੇ ਯੁੱਧ ਦੇ ਸੁਰੂਆਤੀ ਹਫਤਿਆਂ ਵਿੱਚ ਇਸ ਪਲਾਂਟ 'ਤੇ ਕਬਜਾ ਕਰ ਲਿਆ ਸੀ ਅਤੇ ਇਹ ਦੱਖਣੀ ਜਾਪੋਰਿਜੀਆ ਖੇਤਰ ਵਿੱਚ ਜੰਗ ਦੇ ਮੋਰਚੇ ਨੇੜੇ ਸਥਿਤ ਹੈ। ਇਹ ਉਨ੍ਹਾਂ ਚਾਰ ਖੇਤਰਾਂ ਵਿੱਚੋਂ ਇੱਕ ਹੈ ਜਿਨ੍ਹਾਂ ਨੂੰ ਰੂਸ ਨੇ ਪੂਰਾ ਫੌਜੀ ਕੰਟਰੋਲ ਨਾ ਹੋਣ ਜਾਂ ਆਪਣੀਆਂ ਕਾਰਵਾਈਆਂ ਲਈ ਕੌਮਾਂਤਰੀ ਮਾਨਤਾ ਨਾ ਹੋਣ ਦੇ ਬਾਵਜੂਦ ਰਸਮੀ ਤੌਰ 'ਤੇ ਆਪਣੇ ਨਾਲ ਮਿਲਾ ਲਿਆ ਹੈ।

# ਪੰਜਾਬ ਦੇ ਭਾਸ਼ਾ ਅਧਿਆਪਕ ਬਨਾਮ/ਅਤੇ ਸਿਡਨੀ ਦੇ ਲੈਂਗੂਏਜ਼ ਟੀਚਰ

ਸਿਡਨੀ ਵਿੱਚ ਅੰਗਰੇਜੀ ਇਸ ਪ੍ਰਕਾਰ ਹੈ ਜਿਵੇਂ ਪੰਜਾਬ ਵਿੱਚ ਪੰਜਾਬੀ। ਗਿਆਨੀ ਮਾਸਟਰਾਂ ਨੂੰ ਪੰਜਾਬ ਵਿੱਚ ਸਾਧਾਰਣ ਜਿਹੇ ਮਾਸਟਰ ਸਮਝਿਆ ਜਾਂਦਾ ਏ। ਪੰਜਾਬ ਵਿੱਚ ਆਮ ਕਿਹਾ ਜਾਂਦਾ ਹੈ ਕਿ ਜਿਹੜਾ ਆਦਮੀ ਘੱਟ ਲਾਇਕ ਹੈ ਉਹ ਜਾਂ ਤਾਂ ਗਿਆਨੀ ਦੀ ਪੜ੍ਹਾਈ ਕਰ ਲੈਂਦਾ ਹੈ ਤੇ ਜਾਂ ਫਿਰ ਪੰਜਾਬੀ ਦੀ ਐਮ. ਏ. ਕਰ ਲੈਂਦਾ ਹੈ ਤੇ ਗਿਆਨੀ ਮਾਸਟਰ ਜਾਂ ਪੰਜਾਬੀ ਦਾ ਲੈਕਚਰਾਰ ਲੱਗ ਜਾਂਦਾ ਹੈ। ਉੱਥੇ ਲਾਇਕ ਅਤੇ ਮਿਹਨਤੀ ਉਹ ਮੰਨਿਆ ਜਾਂਦਾ ਹੈ ਜਿਹੜਾ ਸਾਇੰਸ, ਅੰਗਰੇਜੀ ਅਤੇ ਹਿਸਾਬ ਵਿੱਚ ਲਾਇਕ ਹੋਵੇ। ਉੱਥੇ ਅੰਗਰੇਜੀ ਵਾਲੇ ਤਾਂ ਹਿੱਕ ਤਾਣਕੇ ਤੁਰਦੇ ਹਨ। ਵਿਦਿਆਰਥੀਆਂ ਵਲੋਂ ਅੰਗਰੇਜੀ ਹਿਸਾਬ ਤੇ ਸਾਇੰਸ ਦੇ ਅਧਿਆਪਕਾਂ ਦਾ ਆਦਰ ਮਾਣ ਵੀ ਵੱਧ ਕੀਤਾ ਜਾਂਦਾ ਹੈ। ਗਿਆਨੀ ਅਤੇ ਸ਼ਾਸਤਰੀ ਮਾਸਟਰਾਂ ਨੂੰ ਤਾਂ ਵਿਦਿਆਰਥੀ ਐਂਵੇ ਜਿਹੇ ਦੇ ਅਧਿਆਪਕ ਹੀ ਸਮਝਦੇ ਰਹਿੰਦੇ ਹਨ। ਜਿਹੜੇ ਮਜਮੂਨ ਸੌਖੇ ਹੋਣ ਉਹਨਾਂ ਬਾਰੇ ਇੰਜ ਸਮਝਿਆ ਜਾਂਦਾ ਏ ਕਿ ਇਹ ਮਜਮੂਨ ਤਾਂ ਹਰ ਕੋਈ ਪਾਸ ਕਰ ਸਕਦਾ ਹੈ ਤੇ ਇਹਨਾਂ ਨੂੰ ਹਰ ਕੋਈ ਪੜ੍ਹਾ ਵੀ ਸਕਦਾ ਹੈ। ਲੋਕ ਇਹ ਬੜਾ ਘੱਟ ਸੋਚਦੇ ਹਨ ਕਿ ਹਰ ਮਜ਼ਮੂਨ ਦੀ ਹੀ ਆਪਣੀ ਬੜੀ ਮਹੱਤਤਾ ਹੁੰਦੀ ਏ। ਮਾਂ ਬੋਲੀ ਰਾਹੀਂ ਅਨੇਕਾਂ ਲੋਕਾਂ ਨੇ ਨਾਮਣੇ ਖੱਟੇ ਹਨ। ਇੱਕ ਦੋ ਫਿਕਰੇ ਅੰਗਰੇਜੀ ਦੇ ਬੋਲ ਕੇ ਹਵਾ ਚ' ਆਏ ਫਿਰਨਾ ਮੂਰਖਤਾਈ ਏ। ਜਦ ਟੈਗੋਰ ਪਾਸ ਬਲਰਾਜ ਸਾਹਨੀ ਲਿਖਾਰੀ ਬਣਨ ਲਈ ਸਲਾਹ ਲੈਣ ਗਿਆ ਸੀ ਤਾਂ ਟੈਗੋਰ ਨੇ ਉਸਨੂੰ ਇਹੀ ਕਿਹਾ ਸੀ ਕਿ ਉਹ ਆਪਣੀ ਮਾਂ ਬੋਲੀ ਪੰਜਾਬੀ ਵਿੱਚ ਲਿਖਿਆ ਕਰੇ। ਜੋ ਪੂਰਨੇ ਮਾਂ ਬੋਲੀ 'ਚ ਪਾਏ ਜਾ ਸਕਦੇ ਹਨ ਉਹ ਵਿਦੇਸ਼ੀ ਭਾਸ਼ਾ ਅੰਗਰੇਜੀ ਵਿੱਚ ਨਹੀਂ ਪਾਏ ਜਾ ਸਕਦੇ। ਅਚਾਰੀਆ ਕਸ਼ਿਤੀ ਮੋਹਨ ਸੇਨ ਨੇ ਕਿਹਾ ਸੀ,"ਪਰਾਈ ਭਾਸ਼ਾ ਵਿੱਚ ਲਿਖਣ ਵਾਲ਼ਾ ਲੇਖਕ ਵੇਸ਼ਵਾ ਦੇ ਸਮਾਨ ਹੈ। ਵੇਸ਼ਵਾ ਧੰਨ, ਦੌਲਤ, ਮਸ਼ਹੂਰੀ ਤੇ ਐਸ਼ਪ੍ਰਸਤੀ ਭਰਿਆ ਘਰ-ਬਾਰ ਸਭ ਕੁੱਝ ਪ੍ਰਾਪਤ ਕਰ ਸਕਦੀ ਹੈ ਪਰ ਇੱਕ ਗ੍ਰਹਿਣੀ ਨਹੀਂ ਬਣ ਸਕਦੀ।" ਆਮ ਲੋਕ ਇਸ ਪ੍ਰਕਾਰ ਦੇ ਪੂਰਨੇ ਪਾਉਣ ਤੱਕ ਨਹੀਂ ਸੋਚਦੇ ਹੁੰਦੇ। ਉਹ ਤਾਂ ਸਿਰਫ ਕੋਈ ਪ੍ਰੀਖਿਆ ਪਾਸ ਕਰਕੇ ਕਿਸੇ ਨੌਕਰੀ ਲੱਗਣ ਤੱਕ ਹੀ ਸੋਚਦੇ ਹੁੰਦੇ ਹਨ। ਉਹ ਤਾਂ ਕਈ ਵਾਰ ਪੂਰਨੇ ਪਾਉਣ ਵਾਲੇ ਬੰਦਿਆਂ ਨੂੰ ਮੂਰਖ ਵੀ ਕਹਿੰਦੇ ਰਹਿੰਦੇ ਹਨ। ਕੋਈ ਕਵੀ ਜਾਂ ਲਿਖਾਰੀ ਬਣ ਜਾਵੇ ਤਾਂ ਕਹਿਣਗੇ- ਇਹ ਭੜੂਆ ਤਾਂ ਰੋਟੀ ਤੋਂ ਵੀ ਗਿਐ।

ਮੇਰੇ ਸਕੂਲ ਵਿੱਚ ਗਿਆਨੀ ਮਹਿੰਗਾ ਸਿੰਘ ਸਾਰੇ ਸਾਲ ਵਿੱਚ 20 ਕੁ ਵਾਰ ਹੀ ਜਮਾਤ ਲਾਇਆ ਕਰਦਾ ਸੀ। ਹਮੇਸ਼ਾ ਹੈੱਡ ਮਾਸਟਰ ਦੇ ਸਿਰਹਾਣੇ ਹੀ ਬੈਠਾ ਰਿਹਾ ਕਰਦਾ ਸੀ। ਪਤਾ ਨਹੀਂ ਉਸਨੂੰ ਸਕੂਲ ਵਿੱਚ ਕੋਈ ਲਗਾਤਾਰ ਪੀਰੀਅਡ ਲਗਾਉਣ ਵਾਸਤੇ ਕਿਉਂ ਨਹੀਂ ਸੀ ਕਿਹਾ ਕਰਦਾ। ਵਿਦਿਆਰਥੀ ਗਾਈਡਾਂ ਤੇ ਖੁਲਾਸਿਆਂ ਤੋਂ ਪੜ੍ਹ ਪੜ੍ਹ ਕੇ ਖੁਦ ਹੀ ਪਾਸ ਹੋ ਜਾਇਆ ਕਰਦੇ ਸਨ। ਮਹਿੰਗਾ ਸਿੰਘ ਦੁੱਧ ਚਿੱਟੇ ਕੱਪੜੇ ਪਾਇਆ ਕਰਦਾ ਸੀ। ਘੋਟਵੀਂ ਪੱਗੜੀ ਬੰਨ੍ਹਿਆਂ ਕਰਦਾ ਸੀ ਤੇ ਪੈਰੀਂ ਖੂਬਸੂਰਤ ਕਾਲੇ ਰੰਗ ਦੀ ਗੁਰਗਾਬੀ ਪਾਇਆ ਕਰਦਾ ਸੀ। ਬੱਚਿਆਂ ਦੇ ਮਾਪਿਆਂ ਨੇ ਉਸਦੀ ਅੱਲ ਸਸਤਾ ਸਿੰਘ ਪਾਈ ਹੁੰਦੀ ਸੀ। ਉਸਨੂੰ ਜਦ ਮਰਜੀ ਕੋਈ ਮਾਪਾ ਮਿਲ ਸਕਦਾ ਸੀ।ਗੱਲਾਂ ਗੱਲਾਂ ਵਿੱਚ ਉਹ ਮਾਪਿਆਂ ਦਾ ਮਨ ਪਰਚਾਵਾ ਵੀ ਵਧੀਆ ਕਰ ਦਿੰਦਾ ਸੀ। ਕਹਿੰਦਾ ਹੁੰਦਾ ਸੀ-"ਪੰਜਾਬੀ ਨੂੰ ਪੜ੍ਹਾਉਣ ਦੀ ਬਹੁਤੀ ਜਰੂਰਤ ਨਹੀਂ ਪੈਂਦੀ। ਬੱਚਿਆਂ ਨੂੰ ਵਧੀਆ ਗਾਈਡਾਂ ਲਗਵਾਈਆਂ ਹੋਈਆਂ ਹਨ। ਸਿਰਫ ਪੰਦਰਾਂ ਕੁ ਹੀ ਸਵਾਲ ਸਾਰੇ ਕੋਰਸ ਵਿੱਚ ਮਸ਼ਹੂਰ ਹੁੰਦੇ ਹਨ। ਉਹ ਵੀਹ ਕੁ ਪੀਰੀਅਡ ਲਗਾ ਕੇ ਬੱਚਿਆਂ ਨੂੰ ਯਾਦ ਕਰਵਾ ਦੇਈਦੇ ਹਨ। ਪਰਚੇ ਵਿੱਚ ਉਹੀ ਸਵਾਲ ਆਉਂਦੇ ਹਨ। ਮਿਸਾਲ ਦੇ ਤੌਰ ਤੇ ਦੀਵਾਲ਼ੀ ਦਾ ਤਿਉਹਾਰ, ਵਿਸਾਖੀ ਦਾ ਤਿਉਹਾਰ, ਗੁਰੂ ਨਾਨਕ ਦੇਵ ਜੀ, ਅੱਖੀਂ ਡਿੱਠਾ ਮੇਲਾ, ਮੇਰਾ ਮਨਪਸੰਦ ਅਧਿਆਪਕ, ਕਿਸੇ ਚਿੜੀਆ ਘਰ ਦੀ ਸੈਰ, ਪਹਾੜਾਂ ਦੀ ਸੈਰ, ਕ੍ਰਿਕਟ ਦਾ ਮੈਚ, ਅਖਬਾਰਾਂ ਦੇ ਲਾਭ ਅਤੇ ਹਾਨੀਆਂ, ਟੈਲੀਵਿਜ਼ਨ ਦੇ ਲਾਭ ਤੇ ਹਾਨੀਆਂ, ਮੇਰਾ ਸਕੂਲ, ਆਦਰਸ਼ ਵਿਦਿਆਰਥੀ ਆਦਿ। ਪੰਜਾਬੀ ਸਾਡੀ ਆਪਣੀ ਬੋਲੀ ਏ। ਇਸਨੂੰ ਤਾਂ ਅਸੀਂ ਕੁਦਰਤੀ ਹੀ ਜਾਣਦੇ ਹਾਂ। ਕੌਣ ਨਹੀਂ ਜਾਣਦਾ ਕਿ ਆਦਮੀ ਦਾ ਇਸਤਰੀ ਲਿੰਗ 'ਤੀਵੀਂ', ਮੁੰਡੇ ਦਾ ਇਸਤਰੀ ਲਿੰਗ 'ਕੁੜੀ', ਮਿੱਠਾ ਸ਼ਬਦ ਦਾ ਵਿਰੋਧੀ ਸ਼ਬਦ 'ਕੌੜਾ', ਪੜ੍ਹੇ ਦਾ ਵਿਰੋਧੀ ਸ਼ਬਦ 'ਅਨਪੜ੍ਹ', 'ਅੱਖਾਂ ਦਾ ਤਾਰਾ' ਮੁਹਾਵਰੇ ਦਾ ਅਰਥ 'ਬਹੁਤ ਹੀ ਪਿਆਰਾ', ਨੱਚਣਾ ਨਾ ਜਾਣੇ ਵਿਹੜਾ ਵਿੰਗਾ ਦਾ ਅਰਥ 'ਬਹਾਨੇ ਬਾਜ਼ੀ' ਹੁੰਦਾ ਏ।"

ਸਾਹਿਤ ਦੀਆਂ ਉਚਤਮ ਪਰਤਾਂ ਜਿਵੇਂ ਅਨੁਪ੍ਰਾਸ ਤੇ ਅਪਭਰੰਸ਼, ਲੋਕਯਾਨਕ ਤੱਤ ਤੇ ਪ੍ਰਸ਼ਨੋਤਰੀ ਸ਼ੈਲੀ ਬਾਰੇ ਪੰਜਾਬ ਦੇ ਸਕੂਲਾਂ ਵਿੱਚ ਘੱਟ ਹੀ ਦੱਸਿਆ ਜਾਂਦਾ ਹੈ। ਦੂਜੇ ਪਾਸੇ ਸਿਡਨੀ ਦੇ ਭਾਸ਼ਾ ਅਧਿਆਪਕ Similes, metaphors, allegory, allit-eration, Onomatopoeia ਆਦਿ ਬਾਰੇ ਉਦਾਹਰਣਾਂ ਸਹਿਤ ਸਮਝਾਉਂਦੇ ਹੀ ਨਹੀਂ ਬਲਕਿ ਇਹਨਾਂ ਦਾ ਪੂਰਾ ਪੂਰਾ ਵਿਸ਼ਲੇਸ਼ਣ ਵੀ ਕਰਦੇ ਹਨ। ਪੰਜਾਬ ਵਿੱਚ ਇਹਨਾਂ ਚੀਜ਼ਾਂ ਦਾ ਕਾਲਜ ਜਾਂ ਯੂਨੀਵਰਸਿਟੀ ਵਿੱਚ ਜਾ ਕੇ ਪਤਾ ਲਗਦਾ ਹੈ। ਉੱਥੇ ਮੈਨੂੰ ਯੂਨੀਵਰਸਿਟੀ ਵਿੱਚ ਜਾ ਕੇ ਹੇਠ ਲਿਖੀਆਂ ਉਦਾਹਰਣਾਂ ਦਾ ਪਤਾ ਲੱਗਿਆ:-

**1.** ਦੁਨੀਆਂ ਦਾ ਦੁੱਖ ਦੇਖ ਦੇਖ ਦਿਲ ਦਬਦਾ ਦਬਦਾ ਜਾਂਦਾ **(alliteration)**
**2.** ਭੋਗ ਭੋਗੇ ਨਾ ਜਾਣਗੇ ਮੂਲ ਤੈਥੋਂ ਭੋਗ ਤੁੱਧ ਨੂੰ ਲੈਣਗੇ ਭੋਗ ਬੱਚਾ **(Punning)**
**3.** ਚਿੱਟਾ ਲਹੂ, ਪਵਿੱਤਰ ਪਾਪੀ, ਬਰਫ ਦੀ ਅੱਗ, ਅਣਵਿਆਹੀ ਮਾਂ, ਸ਼ਾਦੀਸ਼ੁਦਾ ਛੜਾ (ਮੇਰੀ ਰਚਨਾ) **(Oxymoron)**
**4.** ਅੰਗਰੇਜੀ ਨਾਵਾਂ ਦਾ ਹਾਸੋਹੀਣਾ ਪੰਜਾਬੀ ਅਨੁਵਾਦ-
**Rosy** - ਗੁਲਾਬੋ
**Happy** - ਖੁਸ਼ੀਆ
**Honey** - ਮਿੱਠੂ
**Money** - ਧਨੀ
**Romeo** - ਰਾਂਝਾ
**Juliet** - ਜੁਲੈਖਾ
**5.** ਰੇਡੀਓ ਨੂੰ ਆਖੋ, ਸਹੁੰ ਖਾ ਕੇ ਤਾਂ ਕਹੇ ਧਰਤੀ ਜੇ ਮਾਂ ਹੁੰਦੀ ਹੈ ਤਾਂ ਕਿਸਦੀ?
ਇਹ ਪਾਕਿਸਤਾਨੀਆਂ ਦੀ ਕੀ ਹੋਈ?
ਤੇ ਭਾਰਤ ਵਾਲ਼ਿਆਂ ਦੀ ਕੀ ਲੱਗੀ?(ਪਾਸ਼)
(ਪ੍ਰਸ਼ਨੋਤਰੀ ਸ਼ੈਲੀ)

ਪ੍ਰੰਤੂ ਸਿਡਨੀ ਵਿੱਚ ਮੈਂ ਦੇਖਿਆ ਕਿ ਹੇਠ ਲਿਖੀਆਂ ਮਿਸਾਲਾਂ ਦਸਵੀਂ ਜਮਾਤ ਦੇ ਬੱਚਿਆਂ ਨੂੰ ਹੀ ਪਤਾ ਹੁੰ-ਦੀਆਂ ਹਨ:-

**1. Delegate to deal the doom of damnation. (alliteration)**
**2. Forest's ferny floor. (alliteration)**
**3. Water, water every-where but not a drop to drink. (Symbolism)**
**4. As white as snow. (Simile)**
**5. The sunshine of her smile. (metaphor)**
**6. The rain came down in buckets. (metaphor)**
**7. Cuckoo (Used to name the bird that makes that sound) – (Onomatopoeia)**

ਸਿਡਨੀ ਦੇ ਭਾਸ਼ਾ ਅਧਿਆਪਕ ਦੋ ਪ੍ਰਕਾਰ ਦੀ ਲੇਖਣੀ ਕਰਦੇ ਵੀ ਅਕਸਰ ਦੇਖੇ ਗਏ ਹਨ। ਮੇਰੀ

1. ਦੁਨੀਆਂ ਦਾ ਦੁੱਖ ਦੇਖ ਦੇਖ ਦਿਲ ਦਬਦਾ ਦਬਦਾ ਜਾਂਦਾ (alliteration)
2. ਭੋਗ ਭੋਗੇ ਨਾ ਜਾਣਗੇ ਮੂਲ ਤੈਥੋਂ ਭੋਗ ਤੁੱਧ ਨੂੰ ਲੈਣਗੇ ਭੋਗ ਬੱਚਾ (Punning)
3. ਚਿੱਟਾ ਲਹੂ, ਪਵਿੱਤਰ ਪਾਪੀ, ਬਰਫ ਦੀ ਅੱਗ, ਅਣਵਿਆਹੀ ਮਾਂ, ਸ਼ਾਦੀਸ਼ੁਦਾ ਛੜਾ (ਮੇਰੀ ਰਚਨਾ) (Oxymoron)
4. ਅੰਗਰੇਜੀ ਨਾਵਾਂ ਦਾ ਪੰਜਾਬੀ ਅਨੁਵਾਦ-
Rosy - ਗੁਲਾਬੋ
Happy - ਖੁਸ਼ੀਆ
Honey - ਮਿੱਠੂ
Money - ਧਨੀ
Romeo - ਰਾਂਝਾ
Juliet - ਜੁਲੈਖਾ
5. ਰੇਡੀਓ ਨੂੰ ਆਖੋ, ਸਹੁੰ ਖਾ ਕੇ ਤਾਂ ਕਹੇ ਧਰਤੀ ਜੇ ਮਾਂ ਹੁੰਦੀ ਹੈ ਤਾਂ ਕਿਸਦੀ?
ਇਹ ਪਾਕਿਸਤਾਨੀਆਂ ਦੀ ਕੀ ਹੋਈ?
ਤੇ ਭਾਰਤ ਵਾਲ਼ਿਆਂ ਦੀ ਕੀ ਲੱਗੀ?(ਪਾਸ਼)

## 'ਮੇਰੀ ਅਣਛਪੀ ਸਵੈਜੀਵਨੀ ਡੱਬਰੀ ਤੋਂ ਡਾਰਲਿੰਗ ਹਾਰਬਰ ਵਿੱਚੋਂ'

ਸਾਥਣ ਅਧਿਆਪਕ ਬਲਿੰਡਾ (Belinda) ਜਦ ਪ੍ਰਿੰਸੀਪਲ ਨੂੰ ਕੁਝ ਲਿਖ ਕੇ ਭੇਜਦੀ ਸੀ ਤਾਂ ਉਹ ਤੇਜ ਵਹਾਅ ਵਾਲੇ ਜੁੜਵੇਂ ਅੱਖਰਾਂ (Cursive writing) ਵਿੱਚ ਲਿਖਿਆ ਕਰਦੀ ਸੀ। ਜੇਕਰ ਉਹ



ਬੱਚਿਆਂ ਵਾਸਤੇ ਕਾਲੇ ਜਾਂ ਚਿੱਟੇ ਬੋਰਡ ਤੇ ਕੁਝ ਲਿਖਦੀ ਸੀ ਤਾਂ ਅਲੱਗ ਅਲੱਗ ਅੱਖਰ ਪ੍ਰਿੰਟ ਕਰਿਆ ਕਰਦੀ ਸੀ। ਆਪਣੀ ਟ੍ਰੇਨਿੰਗ ਦੌਰਾਨ ਜਦ ਮੈਂ ਬੋਰਡ ਤੇ ਕਰਸਿਵ ਲੇਖ ਵੀ ਲਿਖਣ ਲੱਗ ਪਿਆ ਤਾਂ ਮੇਰਾ ਸੁਪਰਵਾਈਜ਼ਰ ਟੋਨੀ ਕਹਿੰਦਾ "ਇਸ ਪ੍ਰਕਾਰ ਦੇ ਤੇਜ ਜੁੜਵੇਂ ਅੱਖਰ ਬੱਚਿਆਂ ਮੂਹਰੇ ਨਹੀਂ ਲਿਖਣੇ। ਅੱਖਰਾਂ ਨੂੰ ਅਲੱਗ ਅਲੱਗ ਕਰਕੇ ਲਿਖਿਆ ਕਰੋ। ਆਪਣੀ ਲੇਖਣੀ ਨੂੰ ਅਜੇ ਹੋਰ ਸੁਧਾਰੋ।"

ਪੰਜਾਬ ਵਿੱਚ ਸਾਡੀ ਸੱਤਵੀਂ ਜਮਾਤ ਦੀ ਪੰਜਾਬੀ ਪੁਸਤਕ ਵਿੱਚ ਇੱਕ ਲੇਖ ਹੁੰਦਾ ਸੀ- *ਦੁੱਧ ਘਿਓ ਦਾ ਦੇਸ਼ ਆਸਟਰੇਲੀਆ।* ਕਿਸੇ ਹੋਰ ਸਕੂਲ ਤੋਂ ਬਦਲ ਕੇ ਨਵਾਂ ਨਵਾਂ ਆਇਆ ਸੀ ਗਿਆਨੀ ਮਾਸਟਰ ਨਿਰਾਤਾ ਸਿੰਘ। ਬੱਚਿਆਂ ਨੇ ਉਸਦਾ ਨਾਮ ਟੀਪੂ ਰੱਖਿਆ ਹੋਇਆ ਹੁੰਦਾ ਸੀ। ਸਵੇਰੇ ਹਲ਼ ਦਾ ਜੋਤਾ ਲਾ ਕੇ ਸਕੂਲ ਅਕਸਰ ਉਹ ਲੇਟ ਹੀ ਆਇਆ ਕਰਦਾ ਸੀ। ਜਦ ਸਵੇਰੇ ਸਕੂਲ ਦੀ ਅਸੈਂਬਲੀ ਚਲ ਰਹੀ ਹੁੰਦੀ ਸੀ ਤਾਂ ਉਹ ਆਪਣੇ ਹੀਰੋ ਬਾਈ ਸਾਈਕਲ ਤੇ ਚੀਚਕ ਚੀਚਕ ਕਰਦਾ ਨੇੜਿਓਂ ਲੰਘਿਆ ਕਰਦਾ ਸੀ। ਪਹਿਲੇ ਪੀਰੀਅਡ ਵਿੱਚ ਛੇਵੀਂ ਜਮਾਤ ਨੂੰ ਪੜ੍ਹਾਇਆ ਕਰਦਾ ਸੀ। ਇਸ ਜਮਾਤ ਦੇ ਦੋ ਨਲਾਇਕ ਬੱਚਿਆਂ ਮੇਲ੍ਹਰ ਸਿੰਘ ਤੇ ਮੱਘਰ ਦਾਸ ਨੂੰ ਉਹ ਆਪਣਾ ਬਾਈਸਾਈਕਲ ਧੋਣ ਤੇ ਸਾਫ ਕਰਨ ਤੇ ਲਾ ਦਿੰਦਾ ਸੀ। ਇਹ ਬੱਚੇ ਸਾਈਕਲ ਦੇ ਰਿੰਮਾਂ ਉੱਪਰ ਮਿੱਟੀ ਦਾ ਤੇਲ ਲਾ ਕੇ ਇਹਨੂੰ ਖੁਸਰੇ ਦੀ ਅੱਡੀ ਵਾਂਗ ਸਾਫ ਸੁਥਰਾ ਤੇ ਚਮਕਾ ਦਿਆ ਕਰਦੇ ਸਨ। ਮਾਸਟਰ ਦਾ ਕੰਮ ਕਰਕੇ ਇਹ ਬੱਚੇ ਅੰਤਾਂ ਦਾ ਖੁਸ਼ ਹੋਇਆ ਕਰਦੇ ਸਨ। ਸਕੂਲ ਦੀ ਅੱਧੀ ਛੁੱਟੀ ਵੇਲ਼ੇ ਮੇਲ੍ਹਰ ਸਿੰਘ ਕਦੀ ਕਦੀ ਜਾ ਕੇ ਆਪਣੇ ਘਰੋਂ ਮਾਸਟਰ ਜੀ ਵਾਸਤੇ ਇੱਕ ਲੱਸੀ ਦਾ ਜੱਗ ਵੀ ਲਿਆਇਆ ਕਰਦਾ ਸੀ। ਨਿਰਾਤਾ ਸਿੰਘ ਦਾ ਦੂਸਰਾ ਪੀਰੀਅਡ ਸਾਡੀ ਜਮਾਤ ਵਿੱਚ ਹੋਇਆ ਕਰਦਾ ਸੀ। ਸਾਡੀ ਜਮਾਤ ਵਿੱਚ ਉਹ ਅੱਧਾ ਸੁੱਤਾ ਜਿਹਾ ਕੁਰਸੀ ਤੇ ਬੈਠਾ ਬਸ ਇੰਨਾ ਕੁ ਹੀ ਬੋਲਿਆ ਕਰਦਾ ਸੀ--- ਦੀਪਿਆ ਤੂੰ ਸ਼ੁਰੂ ਕਰ ਓਏ। ਦੀਪਾ ਆਸਟਰੇਲੀਆ ਵਾਲ਼ਾ ਸਬਕ ਪੜ੍ਹਨਾ ਸ਼ੁਰੂ ਕਰ ਦਿੰਦਾ ਸੀ। ਜਦ ਦੀਪਾ ਦੋ ਪਹਿਰੇ ਅਟਕ ਅਟਕ ਕੇ ਪੜ੍ਹਦਾ ਤਾਂ ਮਾਸਟਰ ਉਹਨੂੰ ਝਿੜਕ ਕੇ ਕਹਿੰਦਾ ਹੁੰਦਾ ਸੀ- "ਸਾਲ਼ਿਆ ਬਰੇਕਾਂ ਲਾ ਲਾ ਕੇ ਪੜ੍ਹਦੈਂ, ਬੈਠ ਜਾਹ ਓਏ।" ਫਿਰ ਉਹ ਪਾਖਰ ਨੂੰ ਕਹਿੰਦਾ- "ਕੁੱਤੀ ਦਿਆ ਪੁੱਤਰਾ, ਹੁਣ ਤੂੰ ਪੜ੍ਹ ਓਏ।" ਇਸ ਪ੍ਰਕਾਰ ਬੱਚੇ ਪਾਠ ਉੱਠ ਉੱਠ ਕੇ ਪੜ੍ਹਦੇ ਜਾਂਦੇ। ਸਕੂਲ ਦੇ ਇੱਕ ਦੋ ਹੋਰ ਮਾਸਟਰਾਂ ਨੇ ਗਿਆਨੀ ਨਿਰਾਤਾ ਸਿੰਘ ਦੇ ਪੜ੍ਹਾਉਣ ਦੇ ਤਰੀਕੇ ਦਾ ਨਾਮ "ਤੂੰ ਪੜ੍ਹ ਮੈਥਡ" ਰੱਖਿਆ ਹੋਇਆ ਹੁੰਦਾ ਸੀ। ਸਾਡੀ ਇਸ ਸਕੂਲ ਦੀ ਗਰਾਊਂਡ ਦੇ ਨਾਲ਼ ਬਿਸਤ ਦੁਆਬ ਨਹਿਰ ਵਗਦੀ ਸੀ। ਇਕ ਦਿਨ ਇਹ ਨਹਿਰ ਕਿਨਾਰਿਆਂ ਤੱਕ ਪਾਣੀ ਨਾਲ਼ ਭਰੀ ਹੋਈ ਵਗ ਰਹੀ ਸੀ। ਨਹਿਰ ਦੇ ਦੂਜੇ ਪਾਸੇ ਪਟੜੀ ਤੇ ਇੱਕ ਲੜਕਾ ਸਾਈਕਲ ਤੇ ਜਾਂਦਾ ਹੋਇਆ ਉੱਚੀ ਉੱਚੀ ਬੋਲ ਰਿਹਾ ਸੀ: 'ਟੀਪੂ!! ਟੀਪੂ!!!' ਕਲਾਸ ਦੇ ਲੜਕੇ ਜਾਣਦੇ ਸਨ ਕਿ ਉਹ ਇੰਝ ਕਿਓਂ ਬੋਲ ਰਿਹਾ ਸੀ ਲੇਕਿਨ ਨਿਰਾਤਾ ਸਿੰਘ ਨੂੰ ਸ਼ਾਇਦ ਅਜੇ ਨਹੀਂ ਪਤਾ ਸੀ ਕਿ ਉਹ ਸ਼ਰਾਰਤੀ ਲੜਕਾ ਇੰਝ ਕਿਉਂ ਕਰ ਰਿਹਾ ਸੀ। ਦੁਪਹਿਰ ਚੜ੍ਹਦੇ ਸਾਰ ਨਿਰਾਤਾ ਸਿੰਘ ਕੰਡੇ ਵਿੱਚ ਆ ਜਾਇਆ ਕਰਦਾ ਸੀ। ਫਿਰ ਉਹ ਬੜੇ ਉੱਚੀ ਉੱਚੀ ਲਲਕਾਰੇ ਮਾਰਿਆ ਕਰਦਾ ਸੀ। ਉਸ ਸਮੇਂ ਉਸਨੇ ਨਾਗਣੀ ਦਾ ਡਲ੍ਹਾ ਅੰਦਰ ਸੁੱਟਿਆ ਹੋਇਆ ਹੁੰਦਾ ਸੀ। ਪਤਾ ਨਹੀਂ ਕਿਓਂ ਉਸਨੇ ਮੇਰਾ ਨਾਮ ਵਿਸਾਖਾ ਰੱਖਿਆ ਹੁੰਦਾ ਸੀ। ਕਹਿੰਦਾ ਹੁੰਦਾ ਸੀ- "ਉੱਠ ਓਏ ਵਿਸਾਖਿਆ, ਨਹਿਰ ਤੋਂ ਚਾਰ ਡੰਡੇ ਅਕੜੇ ਦੇ ਤੋੜ ਕੇ ਲਿਆ।", ਮੈਂ ਡੰਡੇ ਲੈ ਆਇਆ ਕਰਦਾ ਸਾਂ। ਜਿਹੜੇ ਬੱਚੇ ਪਾਠ ਚੰਗੀ ਤਰਾਂ ਨਹੀਂ ਪੜ੍ਹ ਸਕਦੇ ਸਨ ਨਿਰਾਤਾ ਸਿੰਘ ਇਹ ਚਾਰੇ ਡੰਡੇ ਉਨ੍ਹਾਂ ਤੇ ਤੋੜ ਦਿਆ ਕਰਦਾ ਸੀ। ਲੜਕੇ ਮੈਨੂੰ ਅਕਸਰ ਡਾਂਟਿਆ ਕਰਦੇ ਸਨ- "ਨਰਮ ਜਿਹੇ ਡੰਡੇ ਤੋੜ ਕੇ ਲਿਆਇਆ ਕਰ"। ਇੱਕ ਵਾਰ ਮੈਂ ਅੱਕੜੇ ਦੀਆਂ ਕਰੂੰਬਲਾਂ ਜਿਹੀਆਂ ਤੋੜ ਕੇ ਲੈ ਆਇਆ।



ਅਵਤਾਰ ਐਸ.ਸੰਘਾ
Avtar S. Sangha
Sydney
ਮੋਬਾ:0437641033

ਨਿਰਾਤਾ ਸਿੰਘ ਕੜਕ ਕੇ ਬੋਲਿਆ: "ਵਿਸਾਖਿਆ, ਸ਼ਰਮ ਕਰ ਓਏ, ਇਹ ਵੀ ਕੋਈ ਡੰਡੇ ਆ ?" ਉਸਨੇ ਚਾਰੇ ਡੰਡੇ ਮੇਰੀ ਪਿੱਠ ਤੇ ਮਾਰ ਮਾਰ ਕੇ ਤੋੜ ਦਿੱਤੇ ਤੇ ਨਾਲ਼ ਹੀ ਮੈਨੂੰ ਅਬਦਾਲੀ ਹੁਕਮ ਸੁਣਾ ਦਿੱਤਾ: "ਸੂਅਰ ਦਿਆ ਪੁੱਤਾ, ਜਾਹ ਦੌੜ ਜਾਹ, ਸਖਤ ਡੰਡੇ ਤੋੜ ਕੇ ਲਿਆ।" ਨਿਰਾਤਾ ਸਿੰਘ ਦਾ ਪੀਰੀਅਡ ਖਤਮ ਹੁੰਦੇ ਸਾਰ ਹੀ ਜਮਾਤ ਵਿੱਚ ਸਮਾਜਿਕ ਅਧਿਐਨ ਦਾ ਅਧਿਆਪਕ ਜੁਗਿੰਦਰ ਸਿੰਘ ਗਰੇਵਾਲ ਆ ਗਿਆ।ਕਹਿਣ ਲੱਗਾ- "ਸਾਲਿਓ, ਨਿਰਾਤਾ ਸਿੰਘ ਤੋਂ ਦੁਪਹਿਰ ਵੇਲ਼ੇ ਬਚ ਲਿਆ ਕਰੋ। ਤੁਹਾਨੂੰ ਪਤਾ ਹੀ ਏ ਕਿ ਇਸ ਵੇਲ਼ੇ ਉਸਨੇ ਊਠ ਦੇ ਲੇਂਡੇ ਜਿੰਨੀ ਛਕੀ ਹੋਈ ਹੁੰਦੀ ਏ।" ਜੁਗਿੰਦਰ ਸਿੰਘ ਦੇ ਇੰਝ ਕਹਿਣ ਤੇ ਬੱਚੇ ਹੱਸ ਪੈਂਦੇ ਤੇ ਦੂਸਰੇ ਦਿਨ ਆਪਣਾ ਬਚਾਅ ਕਰਨ ਦੇ ਤਰੀਕੇ ਸੋਚਦੇ ਰਹਿੰਦੇ। ਨਿਰਾਤਾ ਸਿੰਘ ਦੀ ਛੇ ਕੁ ਮਹੀਨਿਆਂ ਵਿੱਚ ਬਦਲੀ ਹੋ ਗਈ। ਉਸਦੀ ਥਾਂ ਤੇ ਇੱਕ ਗਿਆਨੀ ਨਿਰਮਲ ਸਿੰਘ ਆ ਗਿਆ। ਆਉਂਦੇ ਸਾਰ ਹੀ ਉਸਨੇ ਨਿਰਾਤਾ ਸਿੰਘ ਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ:- "ਸਾਲ਼ਾ, ਹਰਾਮਜ਼ਾਦਾ, ਆਪਣੇ ਘਰ ਦੇ ਕੰਮਾਂ ਵਿੱਚ ਹੀ ਲੱਗਿਆ ਰਹਿੰਦਾ ਸੀ, ਅਫੀਮ ਦਾ ਡਲਾ ਖਾ ਕੇ ਸਾਲ਼ਾ ਦੁਪਹਿਰ ਨੂੰ ਹੀ ਜਾਗਦਾ ਸੀ। ਹਰਾਮਜ਼ਾਦੇ ਨੇ ਤੀਜਾ ਹਿੱਸਾ ਸਿਲੇਬਸ ਵੀ ਨਹੀਂ ਪੜ੍ਹਾਇਆ। ਨਾ ਬੱਚਿਆਂ ਦੀ ਲੇਖਣੀ ਸੁਧਾਰੀ ਤੇ ਨਾ ਹੀ ਉਨ੍ਹਾਂ ਵਿੱਚ ਕੰਮ ਕਰਨ ਦੀ ਰੁਚੀ ਪੈਦਾ ਕੀਤੀ।" ਨਿਰਮਲ ਸਿੰਘ ਨੇ ਸਾਰਾ ਜੋਰ ਲੇਖਣੀ ਤੇ ਹੀ ਲਗਾ ਦਿੱਤਾ। ਪੰਜਾਬੀ ਲਿਖਣ ਲਈ ਅੱਧੇ ਜੈੱਡ ਦੀਆਂ ਨਿੱਬਾਂ ਵਾਲ਼ੇ ਡੰਕ ਲਾਜ਼ਮੀ ਕਰ ਦਿੱਤੇ। ਖ਼ੂਬਸੂਰਤ ਕਾਪੀਆਂ ਤਿਆਰ ਕਰਵਾਈਆਂ। ਸਭ ਦੀਆਂ ਕਾਪੀਆਂ ਲਾਲ ਸਿਆਹੀ ਵਾਲ਼ੇ ਪੈੱਨ ਨਾਲ਼ ਚੈੱਕ ਕੀਤੀਆਂ। ਚਾਰ ਕੁ ਮਹੀਨਿਆਂ ਵਿੱਚ ਹੀ ਬੱਚਿਆਂ ਦੀ ਲੇਖਣੀ ਅੰਤਾਂ ਦੀ ਸੁਧਰ ਗਈ। ਜਦ ਪਰਚੇ ਹੁੰਦੇ ਤਾਂ ਪ੍ਰਸ਼ਨ ਪੱਤਰ ਦੇ ਸ਼ੁਰੂ ਵਿੱਚ ਹੀ ਨੋਟ ਦਿੱਤਾ ਹੁੰਦਾ ਸੀ:- 'ਪੰਜ ਨੰਬਰ ਸੁੰਦਰ ਲਿਖਾਈ ਦੇ ਹਨ।' ਬੱਚੇ ਅਤੇ ਬੱਚਿਆਂ ਦੇ ਮਾਪੇ ਨਿਰਮਲ ਸਿੰਘ ਨੂੰ ਹਮੇਸ਼ਾ ਯਾਦ ਕਰਦੇ ਰਹੇ। ਆਸਟਰੇਲੀਆ ਵਿੱਚ ਪ੍ਰਇਮਰੀ ਦੀ 6ਵੀਂ ਜਮਾਤ ਤੋਂ ਬਾਅਦ ਯੂਨੀਵਰਸਿਟੀ ਵਿੱਚ ਜਾਣ ਤੋਂ ਪਹਿਲਾਂ ਸਤਵੀਂ, ਅੱਠਵੀਂ, ਨੌਵੀਂ, ਦਸਵੀਂ, ਗਿਆਰਵੀਂ ਤੇ ਬਾਹਰਵੀਂ ਤੱਕ 6 ਜਮਾਤਾਂ ਸੈਕੰਡਰੀ ਸਕੂਲ ਦੀ ਪੜ੍ਹਾਈ ਦੀਆਂ ਹਨ। ਇੱਥੇ ਦੀ ਭਾਸ਼ਾ ਵਿੱਚ ਇਹਨਾਂ ਨੂੰ year 7, year 8, year 9, year 10, year 11 qy year 12 ਕਿਹਾ ਜਾਂਦਾ ਏ। ਇਹ ਪੜ੍ਹਾਈ ਇੱਥੇ ਤਿੰਨ ਪ੍ਰਕਾਰ ਦੀਆਂ ਸੰਸਥਾਵਾਂ ਕਰਵਾਉਂਦੀਆਂ ਹਨ:- ਸਰਕਾਰੀ, ਪ੍ਰਾਈਵੇਟ ਤੇ ਅਜ਼ਾਦ ਸੰਸਥਾਵਾਂ। ਸਰਕਾਰੀ ਸੰਸਥਾਵਾਂ ਦੇ ਨਾਮ ਨਾਲ਼ 'ਸਕੂਲ' ਸ਼ਬਦ ਦੀ ਵਰਤੋਂ ਕੀਤੀ ਗਈ ਹੈ ਤੇ ਪ੍ਰਾਈਵੇਟ ਅਤੇ ਅਜ਼ਾਦ ਸੰਸਥਾਵਾਂ ਦੇ ਨਾਮ ਨਾਲ਼ 'ਕਾਲਜ' ਸ਼ਬਦ ਦੀ ਵਰਤੋਂ ਕੀਤੀ ਗਈ ਏ। ਤਨਖਾਹਾਂ ਤੇ ਯੋਗਤਾਵਾਂ ਸਭ ਦੀਆਂ ਬਰੇ ਬਰਾਬਰ ਹਨ । ਇੱਥੇ ਅਯੋਗ ਵਿਅਕਤੀ ਜਾਂ ਸੰਗਠਨ ਕੋਈ ਵੀ ਵਿੱਦਿਅਕ ਸੰਸਥਾ ਨਹੀਂ ਖੋਲ੍ਹ ਸਕਦੇ।

ਸਿਡਨੀ ਦੇ ਦੋ ਕਾਲਜਾਂ ਵਿੱਚ 2008 ਤੋਂ 2014 ਤੱਕ ਪੜ੍ਹਾਉਂਦੇ ਸਮੇਂ ਭਾਸ਼ਾ ਦੇ ਸਿਲੇਬਸ ਵਿੱਚ ਮੈਂ ਇੱਕ ਹੋਰ ਖਾਸ ਮੱਦ ਦੇਖੀ ਹੈ। ਭਾਰਤ ਵਿੱਚ ਭਾਸ਼ਾਵਾਂ ਦੇ ਪਰਚਿਆਂ ਵਿੱਚ ਇੱਕ 'ਪ੍ਰਸੰਗ ਦੱਸ ਕੇ ਵਿਆਖਿਆ ਕਰਨ' ਦਾ ਸਵਾਲ ਹੁੰਦਾ ਏ। ਆਮ ਤੌਰ ਤੇ ਇਹ ਪਰਚੇ ਦਾ ਪਹਿਲਾ ਸਵਾਲ ਹੁੰਦਾ ਏ। ਕਵਿਤਾ/ਵਾਰਤਕ ਦੇ ਪੈਰ੍ਹੇ ਸੈੱਟ ਕੀਤੇ ਜਾਂਦੇ ਹਨ ਜਿਹਨਾਂ ਦੇ ਲਿਖਾਰੀ/ਕਵੀ ਦਾ ਨਾਮ ਦੱਸਣਾ ਹੰਦਾ ਏ ਤੇ ਇਹ ਵੀ ਦੱਸਣਾ ਹੁੰਦਾ ਏ ਕਿ ਇਹ ਕਾਵਿ/ਵਾਰਤਕ ਟੋਟੇ ਕਿਸ ਕਵਿਤਾ ਵਿੱਚੋਂ ਲਏ ਗਏ ਹੁੰਦੇ ਹਨ। ਫਿਰ ਇਹਨਾਂ ਦੀ ਸੌਖੀ ਭਾਸ਼ਾ ਵਿੱਚ ਵਿਆਖਿਆ ਵੀ ਕਰਨੀ ਹੁੰਦੀ ਏ। ਯੂਨੀਵਰਸਿਟੀ ਦੇ ਸਾਰੇ ਕਾਲਜਾਂ ਵਿੱਚ ਇੱਕੋ ਜਿਹੀ ਕਵਿਤਾ/ਵਾਰਤਕ ਦੀ ਪੁਸਤਕ ਸਿਲੇਬਸ ਦਾ ਹਿੱਸਾ ਹੁੰਦੀ ਏ। ਇੱਥੇ ਆਸਟਰੇਲੀਆ ਵਿੱਚ ਇਸਤੋਂ ਉਲਟ ਵਰਤਾਰਾ ਏ। ਇੱਥੇ ਸਕੂਲ/ਕਾਲਜਾਂ ਵਿੱਚ ਇੱਕੋ ਜਿਹੀ ਪੁਸਤਕ ਨਹੀਂ ਲੱਗੀ ਹੁੰਦੀ। ਕਿਤੇ Kathryn Hughes ਦਾ ਨਾਵਲ The Key ਲੱਗਾ ਹੋਇਆ ਏ, ਕਿਤੇ Harper Lee ਦਾ To Kill a Mockingbird, ਕਿਤੇ Kenneth Grahame ਦਾ The Wind in the Willows ਤੇ ਕਿਤੇ George Orwell ਦਾ The Animal Farm ਲੱਗਾ ਹੋਇਆ ਏ। ਇਹਨਾਂ ਵਿੱਚੋਂ ਪ੍ਰਸੰਗ ਦੱਸ ਕੇ ਵਿਆਖਿਆ ਕਰਨ ਦਾ ਸਵਾਲ ਸੈੱਟ ਨਹੀਂ ਹੁੰਦਾ। ਹੁੰਦਾ ਕੀ ਏ? ਵਿਦਿਆਰਥੀ ਨੂੰ ਸਾਹਿਤਿਕ ਵਿਧਾਂ (Literary devices) ਲੱਗੀਆਂ ਹੋਈਆਂ Negative Capability, Organic Sensibility, Pathetic Fallacy, Humour, Satire, Wit, Allegory, Willing Suspension of Disbelief! ਵਿਦਿਆਰਥੀਆਂ ਨੂੰ ਹੇਠ ਲਿਖੇ ਵਾਂਗ ਸਵਾਲ ਪੁੱਛੇ ਜਾਂਦੇ ਹਨ:-

(1). ਵਿਅੰਗ ਕੀ ਹੁੰਦਾ ਏ। ਆਪਣਾ ਜਵਾਬ ਉਸ ਨਾਵਲ ਚੋਂ ਮਿਸਾਲਾਂ ਦੇ ਕੇ ਦਿਓ ਜਿਹੜਾ ਨਾਵਲ਼ ਤੁਹਾਡੇ ਸਕੂਲ/ਕਾਲਜ ਵਿੱਚ ਪੜ੍ਹਾਇਆ ਗਿਆ ਸੀ।

(2). Negative Capability ਕੀ ਹੁੰਦੀ ਏ ? ਉਹਨਾਂ ਕਵਿਤਾਵਾਂ ਵਿੱਚੋਂ ਮਿਸਾਲ ਦੇ ਕੇ ਉੱਤਰ ਦਿਓ ਜਿਹੜੀਆਂ ਕਵਿਤਾਵਾਂ ਤੁਹਾਨੂੰ ਸਾਰਾ ਸਾਲ ਪੜ੍ਹਾਈਆਂ ਗਈਆਂ ਹਨ।

ਅਜੀਬ ਗੱਲ ਇਹ ਹੈ ਕਿ ਪੁਸਤਕਾਂ ਅਲੱਗ ਅਲੱਗ ਸਕੂਲਾਂ/ਕਾਲਜਾਂ ਵਿੱਚ ਅਲੱਗ ਅਲੱਗ ਹੁੰਦੀਆਂ ਹਨ।

# ਦੋਹਰੀ ਤਨਖਾਹ ਗ੍ਰਾਂਟ ਬਣਤਰ ਦਾ ਮੁੱਦਾ

ਪੰਜਾਬ ਦੇ ਸਹਾਇਤਾ ਪ੍ਰਾਪਤ ਕਾਲਜਾਂ ਵਿਚ ਇਕਸਾਰ 95%-5% ਤਨਖਾਹ ਗ੍ਰਾਂਟ ਸੰਰਚਨਾ ਦੀ ਲੋੜ ਹੈ। ਪੰਜਾਬ ਅੱਜ ਉੱਚ ਸਿੱਖਿਆ ਦੇ ਖੇਤਰ ਵਿਚ ਇਕ ਨਿਰਣਾਇਕ ਮੋੜ 'ਤੇ ਖੜ੍ਹਾ ਹੈ। ਹਾਲਾਂਕਿ ਰਾਜ ਨੂੰ ਲੰਬੇ ਸਮੇਂ ਤੋਂ ਅਕਾਦਮਿਕ ਅਤੇ ਸਰਕਾਰੀ ਸਿੱਖਿਆ ਵਿਚ ਯੋਗਦਾਨ ਲਈ ਜਾਣਿਆ ਜਾਂਦਾ ਹੈ ਪਰ ਇਕ ਗੰਭੀਰ ਅਸਮਾਨਤਾ ਦਾ ਮੁੱਦਾ ਹਜਾਰਾਂ ਅਧਿਆਪਕਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ ਜੋ ਸਰਕਾਰੀ ਸਹਾਇਤਾ ਪ੍ਰਾਪਤ ਕਾਲਜਾਂ ਵਿਚ ਕੰਮ ਕਰ ਰਹੇ ਹਨ। ਇਹ ਮੁੱਦਾ ਯੋਗਤਾਵਾਂ, ਕੰਮ ਦੇ ਬੋਝ ਜਾਂ ਸਮਰੱਥਾ ਬਾਰੇ ਨਹੀਂ ਹੈ। ਇਹ ਇੱਕੋ ਹੀ ਕੈਡਰ ਦੇ ਅੰਦਰ 95%-5% ਅਤੇ 75%-25% ਦੀ ਦੋਹਰੀ ਤਨਖਾਹ ਗ੍ਰਾਂਟ ਸੰਰਚਨਾ ਰਾਹੀਂ ਕੀਤੇ ਜਾ ਰਹੇ ਭੇਦਭਾਵ ਬਾਰੇ ਹੈ।

ਸਾਇਦ ਪੰਜਾਬ ਭਾਰਤ ਦਾ ਇਕੱਲਾ ਰਾਜ ਹੈ ਜਿੱਥੇ ਸਰਕਾਰੀ ਸਹਾਇਤਾ ਪ੍ਰਾਪਤ ਕਾਲਜਾਂ ਵਿਚ ਇੱਕੋ ਸਿੱਖਿਆ ਪ੍ਰਣਾਲੀ ਹੇਠ ਕੰਮ ਕਰ ਰਹੇ ਸਹਾਇਕ ਪ੍ਰੋਫੈਸਰਾਂ ਨਾਲ ਤਨਖਾਹ ਗ੍ਰਾਂਟ ਸਹਾਇਤਾ ਦੇ ਮਾਮਲੇ ਵਿਚ ਵੱਖਰਾ ਵਿਵਹਾਰ ਕੀਤਾ ਜਾ ਰਿਹਾ ਹੈ। ਇਹ ਫਰਕ ਹੌਲੀ-ਹੌਲੀ ਨਾ ਸਿਰਫ ਅਧਿਆਪਕਾਂ ਲਈ, ਸਗੋਂ ਰਾਜ ਭਰ ਦੀਆਂ ਸਹਾਇਤਾ ਪ੍ਰਾਪਤ ਉੱਚ ਸਿੱਖਿਆ ਸੰਸਥਾਵਾਂ ਦੀ ਭਵਿੱਖੀ ਸਥਿਰਤਾ ਲਈ ਵੀ ਇਕ ਵੱਡੀ ਚਿੰਤਾ ਬਣ ਗਿਆ ਹੈ।

ਦਹਾਕਿਆਂ ਤੋਂ ਸਰਕਾਰੀ ਸਹਾਇਤਾ ਪ੍ਰਾਪਤ ਕਾਲਜਾਂ ਨੇ ਪੰਜਾਬ ਦੀ ਉੱਚ ਸਿੱਖਿਆ ਪ੍ਰਣਾਲੀ ਨੂੰ ਮਜਬੂਤ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਨ੍ਹਾਂ ਸੰਸਥਾਵਾਂ ਨੇ ਲੱਖਾਂ ਵਿਦਿਆਰਥੀਆਂ ਨੂੰ ਗੁਣਵੱਤਾਪੂਰਨ ਸਿੱਖਿਆ ਪ੍ਰਦਾਨ ਕੀਤੀ ਹੈ, ਖਾਸ ਕਰਕੇ ਅਰਧ-ਸਹਿਰੀ ਅਤੇ ਪੇਂਡੂ ਖੇਤਰਾਂ ਵਿਚ ਜਿੱਥੇ ਸਰਕਾਰੀ ਕਾਲਜਾਂ ਤੱਕ ਪਹੁੰਚ ਸੀਮਤ ਰਹਿੰਦੀ ਹੈ। ਇਨ੍ਹਾਂ ਕਾਲਜਾਂ ਵਿਚ ਕੰਮ ਕਰ ਰਹੇ ਅਧਿਆਪਕਾਂ ਨੇ ਅਕਾਦਮਿਕ, ਖੋਜ, ਪ੍ਰਸਾਸਨ, ਵਿਦਿਆਰਥੀ ਭਲਾਈ ਅਤੇ ਸਮਾਜਿਕ ਵਿਕਾਸ ਵਿਚ ਬੇਹੱਦ ਯੋਗਦਾਨ ਪਾਇਆ ਹੈ।

ਇਤਿਹਾਸਕ ਤੌਰ 'ਤੇ, 1977 ਤੋਂ ਸਹਾਇਤਾ ਪ੍ਰਾਪਤ ਕਾਲਜਾਂ ਵਿਚ ਸਹਾਇਕ ਪ੍ਰੋਫੈਸਰਾਂ ਦੀਆਂ ਨਿਯੁਕਤੀਆਂ 95%-5% ਗ੍ਰਾਂਟ-ਇਨ-ਏਡ ਯੋਜਨਾ ਅਧੀਨ ਕੀਤੀਆਂ ਜਾਂਦੀਆਂ ਸਨ। ਇਸ ਪ੍ਰਬੰਧ ਅਨੁਸਾਰ ਤਨਖਾਹ ਦੇ ਖਰਚ ਦਾ 95% ਪੰਜਾਬ ਸਰਕਾਰ ਵੱਲੋਂ ਡੀਪੀਆਈ ਕਾਲਜਿਜ ਦਫਤਰ ਰਾਹੀਂ ਭਰਿਆ ਜਾਂਦਾ ਸੀ, ਜਦਕਿ ਕੇਵਲ 5% ਸਬੰਧਤ ਕਾਲਜ ਦੀਆਂ ਪ੍ਰਬੰਧਕ ਕਮੇਟੀਆਂ ਵੱਲੋਂ ਦਿੱਤਾ ਜਾਂਦਾ ਸੀ। ਇਸ ਮਾਡਲ ਨੇ ਸੰਸਥਾਵਾਂ ਦੀ ਸਥਿਰਤਾ, ਅਧਿਆਪਕਾਂ ਲਈ ਆਰਥਿਕ ਸੁਰੱਖਿਆ ਅਤੇ ਸਹਾਇਤਾ ਪ੍ਰਾਪਤ ਕਾਲਜਾਂ ਦੇ ਸੁਚਾਰੂ ਸੰਚਾਲਨ ਨੂੰ ਯਕੀਨੀ ਬਣਾਇਆ। ਹਾਲਾਂਕਿ, 2015 ਤੋਂ ਬਾਅਦ ਇਕ ਵੱਡੇ ਨੀਤੀਗਤ ਬਦਲਾਅ ਨੇ ਇਸ ਲੰਬੇ ਸਮੇਂ ਤੋਂ ਚੱਲ ਰਹੇ ਪ੍ਰਬੰਧ ਨੂੰ ਬਦਲ ਦਿੱਤਾ। ਨਵੇਂ ਨਿਯੁਕਤ ਸਹਾਇਕ ਪ੍ਰੋਫੈਸਰਾਂ ਨੂੰ ਘਟਾਈ ਹੋਈ 75%-25% ਗ੍ਰਾਂਟ ਸੰਰਚਨਾ ਹੇਠ ਰੱਖਿਆ ਗਿਆ। ਇਸ ਦਾ ਅਰਥ ਇਹ ਸੀ ਕਿ ਹੁਣ ਤਨਖਾਹ ਲਈ 95% ਸਰਕਾਰੀ ਸਹਾਇਤਾ ਦੀ ਥਾਂ



ਕੇਵਲ 75% ਹੀ ਰਾਜ ਵੱਲੋਂ ਦਿੱਤਾ ਜਾਵੇਗਾ, ਜਦਕਿ ਬਾਕੀ 25% ਦਾ ਬੋਝ ਕਾਲਜ ਪ੍ਰਬੰਧਕਾਂ ਉੱਤੇ ਪਾ ਦਿੱਤਾ ਗਿਆ।

ਇਸ ਨੀਤੀ ਦੇ ਪ੍ਰਭਾਵ ਦੂਰਗਾਮੀ ਹਨ। ਇੱਕੋ ਕਾਲਜ ਵਿਚ, ਇੱਕੋ ਯੂਨੀਵਰਸਿਟੀ ਹੇਠ, ਇੱਕੋ ਵਿਸੇ ਪੜ੍ਹਾਉਣ ਵਾਲੇ, ਇੱਕੋ ਜਿਹਾ ਕੰਮ ਕਰਨ ਵਾਲੇ ਅਤੇ ਇੱਕੋ ਜਿਹੀਆਂ ਯੋਗਤਾਵਾਂ ਰੱਖਣ ਵਾਲੇ ਦੋ ਅਧਿਆਪਕ ਹੁਣ ਵੱਖ-ਵੱਖ ਗ੍ਰਾਂਟ ਸੰਰਚਨਾਵਾਂ ਹੇਠ ਰੱਖੇ ਗਏ ਹਨ। ਇਕ ਨੂੰ 95%-5% ਪ੍ਰਣਾਲੀ ਦੇ ਲਾਭ ਮਿਲਦੇ ਹਨ, ਜਦਕਿ ਦੂਜਾ ਸਿਰਫ ਨਿਯੁਕਤੀ ਦੀ ਤਰੀਕ ਦੇ ਆਧਾਰ 'ਤੇ 75%-25% ਸ੍ਰੇਣੀ ਵਿਚ ਆ ਜਾਂਦਾ ਹੈ। ਇਸ ਫਰਕ ਨੇ ਅਧਿਆਪਕ ਭਾਈਚਾਰੇ ਵਿਚ ਡੂੰਘੀ ਅਸਮਾਨਤਾ ਦੀ ਭਾਵਨਾ ਪੈਦਾ ਕੀਤੀ ਹੈ। ਇਹ ਮੁੱਦਾ ਸਿਰਫ ਆਰਥਿਕ ਨਹੀਂ; ਇਹ ਮਨੋਵਿਗਿਆਨਕ, ਸੰਸਥਾਗਤ ਅਤੇ ਨੈਤਿਕ ਵੀ ਹੈ। ਨੌਜਵਾਨ ਸਹਾਇਕ ਪ੍ਰੋਫੈਸਰ ਵਧਦੇ ਤੌਰ 'ਤੇ ਇਹ ਮਹਿਸੂਸ ਕਰ ਰਹੇ ਹਨ ਕਿ ਇੱਕੋ ਜਿਹੀਆਂ ਜਿੰਮੇਵਾਰੀਆਂ ਨਿਭਾਉਣ ਦੇ ਬਾਵਜੂਦ ਉਨ੍ਹਾਂ ਨਾਲ ਇੱਕੋ ਪੇਸੇ ਦੇ ਅੰਦਰ ਦੂਜੇ ਦਰਜੇ ਵਾਲਾ ਵਿਵਹਾਰ ਕੀਤਾ ਜਾ ਰਿਹਾ ਹੈ।

'ਬਰਾਬਰ ਕੰਮ ਲਈ ਬਰਾਬਰ ਸਲੂਕ' ਦਾ ਸਿਧਾਂਤ ਲੋਕਤੰਤਰੀ ਸਮਾਜਾਂ ਵਿਚ ਵਿਸਵ ਪੱਧਰ 'ਤੇ ਸਵੀਕਾਰਿਆ ਗਿਆ ਹੈ। ਜਦੋਂ ਇੱਕੋ ਕੈਡਰ ਨਾਲ ਸਬੰਧਤ ਕਰਮਚਾਰੀ ਇੱਕੋ ਰੁਜਗਾਰਦਾਤੇ ਹੇਠ ਇੱਕੋ ਜਿਹੀਆਂ ਜਿੰਮੇਵਾਰੀਆਂ ਨਿਭਾਉਂਦੇ ਹਨ ਤਾਂ ਬਿਨਾਂ ਵਾਜਬ ਕਾਰਨ ਦੇ ਕੀਤਾ ਗਿਆ ਵੱਖਰਾ ਵਿਵਹਾਰ ਸੁਭਾਵਕ ਤੌਰ 'ਤੇ ਨਿਆਂ ਅਤੇ ਸਮਾਨਤਾ ਬਾਰੇ ਸਵਾਲ ਖੜ੍ਹੇ ਕਰਦਾ ਹੈ। ਮੌਜੂਦਾ ਦੋਹਰੀ ਗ੍ਰਾਂਟ ਸੰਰਚਨਾ ਸਮਾਨ ਮੌਕਿਆਂ ਅਤੇ ਭੇਦਭਾਵ-ਰਹਿਤ ਪ੍ਰਣਾਲੀ ਦੀ ਵਿਸਾਲ ਸੰਵਿਧਾਨਕ ਭਾਵਨਾ ਨਾਲ ਅਸੰਗਤ ਦਿਖਾਈ ਦਿੰਦੀ ਹੈ। ਇਹ ਮਸਲਾ ਕਿਸੇ ਵਿਸੇਸ ਅਧਿਕਾਰ ਦਾ ਨਹੀਂ, ਸਗੋਂ ਸਮਾਨਤਾ ਦਾ ਹੈ। ਮੰਗ ਬਿਲਕੁਲ ਸਪਸਟ ਹੈ: ਜੇ ਸਾਰੇ ਅਸਿਸਟੈਂਟ ਪ੍ਰੋਫੈਸਰ ਇੱਕੋ ਜਿਹੀਆਂ ਪ੍ਰਕਿਰਿਆਵਾਂ ਰਾਹੀਂ ਨਿਯੁਕਤ ਹੁੰਦੇ ਹਨ, ਇੱਕੋ ਜਿਹੀਆਂ ਯੋਗਤਾ ਸਰਤਾਂ ਪੂਰੀਆਂ ਕਰਦੇ ਹਨ, ਇੱਕੋ ਜਿਹੇ ਹੀ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਹਨ ਅਤੇ ਸੰਸਥਾਗਤ ਵਿਕਾਸ ਵਿਚ ਬਰਾਬਰ ਯੋਗਦਾਨ ਪਾਉਂਦੇ ਹਨ ਤਾਂ ਫਿਰ ਗ੍ਰਾਂਟ ਸਹਾਇਤਾ ਵਿਚ ਫਰਕ ਕਿਉਂ ਹੋਣਾ ਚਾਹੀਦਾ ਹੈ ? ਨਾਬਰਾਬਰੀ ਵਾਲੀ ਗ੍ਰਾਂਟ ਪ੍ਰਣਾਲੀ ਅਧਿਆਪਕ ਭਾਈਚਾਰੇ ਦੀ ਏਕਤਾ ਅਤੇ ਮਨੋਬਲ ਨੂੰ ਵੀ ਪ੍ਰਭਾਵਿਤ ਕਰ ਰਹੀ ਹੈ। ਕਾਲਜ ਤਦ ਹੀ ਪ੍ਰਭਾਵਸਾਲੀ ਢੰਗ ਨਾਲ ਚੱਲ ਸਕਦੇ ਹਨ ਜਦੋਂ ਅਧਿਆਪਕ ਸਨਮਾਨ, ਸਥਿਰਤਾ ਅਤੇ ਆਪਸੀ ਭਰੋਸੇ ਨਾਲ ਕੰਮ ਕਰਨ। ਵੰਡਿਆ ਹੋਇਆ ਗ੍ਰਾਂਟ ਢਾਂਚਾ ਫੈਕਲਟੀ ਮੈਂਬਰਾਂ ਵਿਚਕਾਰ ਅਦ੍ਰਿਸ ਕੰਧਾਂ ਖੜ੍ਹੀਆਂ ਕਰਦਾ ਹੈ ਅਤੇ ਨੌਜਵਾਨ ਅਧਿਆਪਕਾਂ ਵਿਚ ਅਸੁਰੱਖਿਆ ਦੀ ਭਾਵਨਾ ਪੈਦਾ ਕਰਦਾ ਹੈ। ਇਸ ਤਰ੍ਹਾਂ ਦੀਆਂ ਵੰਡਾਂ ਆਖਰਕਾਰ ਸੰਸਥਾਗਤ ਸਾਂਝ ਅਤੇ ਅਕਾਦਮਿਕ ਸੰਸਕ੍ਰਿਤੀ ਨੂੰ ਕਮਜੋਰ ਕਰਦੀਆਂ ਹਨ। ਇਸ ਮਸਲੇ ਦਾ ਇਕ ਹੋਰ ਮਹੱਤਵਪੂਰਨ ਪੱਖ ਉਹ ਆਰਥਿਕ ਬੋਝ ਹੈ ਜੋ ਸਹਾਇਤਾ ਪ੍ਰਾਪਤ ਕਾਲਜਾਂ ਉੱਤੇ ਪਾਇਆ ਜਾ ਰਿਹਾ ਹੈ। ਪੰਜਾਬ ਦੇ ਕਈ ਏਡਿਡ ਸੰਸਥਾਨ ਪਹਿਲਾਂ ਹੀ ਆਰਥਿਕ ਪਾਬੰਦੀਆਂ ਹੇਠ ਕੰਮ ਕਰ ਰਹੇ ਹਨ। ਸਰਕਾਰ ਦਾ ਹਿੱਸਾ 95% ਤੋਂ ਘਟਾ ਕੇ 75% ਕਰਨ ਨਾਲ ਪ੍ਰਬੰਧਕ ਕਮੇਟੀਆਂ ਉੱਤੇ ਕਾਫੀ ਵੱਧ ਆਰਥਿਕ ਜਿੰਮੇਵਾਰੀ ਆ ਜਾਂਦੀ ਹੈ। ਇਸ ਦਾ ਅਸਰ ਢਾਂਚਾਗਤ ਵਿਕਾਸ, ਭਰਤੀ ਯੋਜਨਾ, ਅਕਾਦਮਿਕ ਵਿਸਥਾਰ ਅਤੇ ਸੰਸਥਾਵਾਂ ਦੀ ਕੁੱਲ ਸਥਿਰਤਾ ਉੱਤੇ ਪੈਂਦਾ ਹੈ। ਅਨਿਸਚਿਤਤਾ ਦੇ ਮਾਹੌਲ ਵਿਚ ਉੱਚ ਸਿੱਖਿਆ ਵਧ-ਫੁੱਲ ਨਹੀਂ ਸਕਦੀ। ਜੋ ਅਧਿਆਪਕ ਲਗਾਤਾਰ ਆਰਥਿਕ ਅਸੁਰੱਖਿਆ ਤੇ ਨਾਬਰਾਬਰੀ ਵਾਲੇ ਵਿਵਹਾਰ ਨਾਲ ਜੂਝਦੇ ਰਹਿੰਦੇ ਹਨ, ਉਨ੍ਹਾਂ ਲਈ ਅਕਾਦਮਿਕ ਨਵੀਨਤਾ, ਖੋਜ ਅਤੇ ਵਿਦਿਆਰਥੀ ਮਾਰਗਦਰਸਨ ਉੱਤੇ ਪੂਰੀ ਤਰ੍ਹਾਂ ਧਿਆਨ ਕੇਂਦਰਿਤ ਕਰਨਾ ਮੁਸਕਲ ਹੋ ਸਕਦਾ ਹੈ। ਲੰਬੇ ਸਮੇਂ ਵਿਚ ਇਸ ਦਾ ਨਕਾਰਾਤਮਕ ਪ੍ਰਭਾਵ ਪੰਜਾਬ ਦੀ ਉੱਚ ਸਿੱਖਿਆ ਦੀ ਗੁਣਵੱਤਾ ਉੱਤੇ ਪੈ ਸਕਦਾ ਹੈ।

1925 ਨਿਊ ਗ੍ਰਾਂਟ-ਇਨ-ਏਡ ਕੈਡਰ ਦੇ ਪ੍ਰਤੀਨਿਧੀਆਂ ਨੇ ਇਹ ਮਸਲਾ ਕਈ ਵਾਰ ਪੰਜਾਬ ਸਰਕਾਰ ਦੇ ਸਾਹਮਣੇ ਉਠਾਇਆ ਹੈ। ਮੁੱਖ ਮੰਤਰੀ ਅਤੇ ਸਿੱਖਿਆ ਮੰਤਰੀ ਨੂੰ ਕਈ ਵਾਰ ਮੰਗ ਪੱਤਰ ਸੌਂਪੇ ਗਏ ਹਨ ਜਿਨ੍ਹਾਂ 'ਚ ਸਰਕਾਰੀ ਸਹਾਇਤਾ ਪ੍ਰਾਪਤ ਕਾਲਜਾਂ ਵਿਚ ਕੰਮ ਕਰ ਰਹੇ ਸਾਰੇ ਅਸਿਸਟੈਂਟ ਪ੍ਰੋਫੈਸਰਾਂ ਲਈ 95%-5% ਗ੍ਰਾਂਟ ਢਾਂਚੇ ਦੀ ਬਹਾਲੀ ਦੀ ਮੰਗ ਕੀਤੀ ਗਈ ਹੈ। ਇਹ ਅੰਦੋਲਨ ਹੌਲੀ-ਹੌਲੀ ਵੱਖ-ਵੱਖ ਜਿਲ੍ਹਿਆਂ 'ਚ ਸਮਰਥਨ ਪ੍ਰਾਪਤ ਕਰ ਰਿਹਾ ਹੈ ਕਿਉਂਕਿ ਇਹ ਮਸਲਾ ਨਿਆਂ ਅਤੇ ਸਮਾਨਤਾ ਦੇ ਵੱਡੇ ਸਿਧਾਂਤਾਂ ਨਾਲ ਗਹਿਰਾਈ ਨਾਲ ਜੁੜਿਆ ਹੋਇਆ ਹੈ।

ਪੰਜਾਬ ਇਤਿਹਾਸਕ ਤੌਰ 'ਤੇ ਸਿੱਖਿਆ ਦੇ ਖੇਤਰ 'ਚ ਇਕ ਪ੍ਰਗਤੀਸੀਲ ਰਾਜ ਰਿਹਾ ਹੈ। ਹੁਣ ਸਰਕਾਰ ਕੋਲ ਇਹ ਮੌਕਾ ਹੈ ਕਿ ਉਹ ਇਸ ਲੰਬੇ ਸਮੇਂ ਤੋਂ ਚੱਲ ਰਹੇ ਮਸਲੇ ਨੂੰ ਸੰਵੇਦਨਸੀਲਤਾ ਅਤੇ ਦੂਰਦਰਸੀ ਸੋਚ ਨਾਲ ਹੱਲ ਕਰ ਕੇ ਉਸ ਵਿਰਾਸਤ ਨੂੰ ਹੋਰ ਮਜਬੂਤ ਕਰੇ। ਇਕਸਾਰ ਗ੍ਰਾਂਟ ਢਾਂਚੇ ਦੀ ਬਹਾਲੀ ਨਾ ਸਿਰਫ ਅਧਿਆਪਕਾਂ ਦਾ ਮਨੋਬਲ ਵਧਾਏਗੀ, ਸਗੋਂ ਇਹ ਵੀ ਦਰਸਾਏਗੀ ਕਿ ਸਮਾਨਤਾ ਅਤੇ ਨਿਆਂ ਅਜੇ ਵੀ ਲੋਕ ਨੀਤੀ ਦੇ ਕੇਂਦਰ ਵਿਚ ਹਨ। ਪੰਜਾਬ ਸਰਕਾਰ ਨੂੰ ਤੁਰੰਤ ਮੌਜੂਦਾ ਦੋਹਰੀ ਗ੍ਰਾਂਟ ਨੀਤੀ ਦੀ ਸਮੀਖਿਆ ਕਰਨੀ ਚਾਹੀਦੀ ਹੈ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਕਾਲਜਾਂ ਵਿਚ ਕੰਮ ਕਰ ਰਹੇ ਸਾਰੇ ਅਸਿਸਟੈਂਟ ਪ੍ਰੋਫੈਸਰਾਂ ਲਈ ਇਕਸਾਰ 95%-5% ਤਨਖਾਹ ਗ੍ਰਾਂਟ ਢਾਂਚੇ ਵੱਲ ਕਦਮ ਚੁੱਕਣੇ ਚਾਹੀਦੇ ਹਨ।

ਡਾ. ਅਨਿਲ ਕੁਮਾਰ ਪੰਘਾਲ

# ਗੁਆਚੀ ਪੰਜਾਬੀ ਤੇ ਵਿਆਕਰਣ ਦੀ ਭਾਲ

ਤੁਸੀਂ ਕਦੇ ਕਿਸੇ ਟੱਪਰੀਵਾਸ ਨੂੰ ਗੱਡੇ 'ਤੇ ਆਪਣੀ ਟਿੰਡ-ਫੌੜੀ ਲੱਦ ਕੇ ਜਾਂਦੇ ਵੇਖੋ ਤਾਂ ਸਮਝਣਾ ਇਹ ਪੰਜਾਬ ਦਾ ਇਤਿਹਾਸ ਜਾ ਰਿਹਾ ਹੈ। ਇਹ ਵੀ ਨਹੀਂ ਪਤਾ, ਕਿੱਧਰੋਂ ਕਿੱਧਰ। ਪਤਾ ਨਹੀਂ ਤਾਂ ਕੁਝ ਪਿੱਛੇ ਛੱਡ ਕੇ, ਪਤਾ ਨਹੀਂ ਤਾਂ ਕੁਝ ਲੱਭਣ ਲਈ, ਜਾਂ ਦੋਵੇਂ ਗੱਲਾਂ।

ਕਿੰਨੀ ਵਾਰ ਪੰਜਾਬ ਦੀਆਂ ਸਰਹੱਦਾਂ ਹਿੱਲੀਆਂ। ਕਿੰਨਾ ਕੁਝ ਪਿੱਛੇ ਛੱਡਿਆ ਤੇ ਉਸ ਛੱਡੇ ਹੋਏ ਨੂੰ ਝੂਰਦੇ ਰਹੇ। ਮਾਤਮ ਮਨਾਉਂਦੇ ਰਹੇ, ਮੁੜ-ਮੁੜ ਉਸ ਨੂੰ ਤਲਾਸ਼ਦੇ ਰਹੇ: ਜੀਵਨ-ਜਾਚ, ਰਿਸ਼ਤੇ ਤੇ ਸੱਭਿਆਚਾਰ। ਜਿਵੇਂ ਕੋਈ ਮੇਲੇ ਗੁਆਚਿਆ ਕਿਸੇ ਆਪਣੇ ਨੂੰ ਲੱਭਦਾ ਹੈ, ਉਵੇਂ ਆਵਾਜ਼ਾਂ ਦਿੰਦੇ ਰਹੇ, "ਭਾਊ! ਕਿਤੇ ਮੇਰੀ ਪੰਜਾਬੀਅਤ ਵੇਖੀ ਆ?"

ਜਿਵੇਂ ਹੁਣ ਜੋਗਾ ਸਿੰਘ ਵਿਰਕ ਹੋਰੀਂ ਹੋਕਾ ਦਿੰਦੇ ਪਏ ਨੇ, "ਭਾ'ਜੀ! ਕਿਤੇ ਸਾਡੀ ਵਿਆਕਰਣ ਵੇਖੀ ਜੇ?"

ਉਸ ਕਿਤਾਬ ਵੱਲ ਆਉਂਦੇ ਹਾਂ, ਜਿਸ ਨੂੰ ਜੋਗਾ ਸਿੰਘ ਹੋਰੀਂ ਪੋਥੀ ਆਖਦੇ ਨੇ। ਜਿਹੜੇ ਯਤਨ ਪਹਿਲਾਂ ਹੋਏ ਹਨ, ਉਨ੍ਹਾਂ ਦੇ ਕਰਤਿਆਂ ਨੂੰ ਸਿਜਦਾ ਪਰ ਕਈ ਸਵਾਲ ਵੀ ਨੇ। ਵਿਆਕਰਣ ਘੜਨ ਤੋਂ ਪਹਿਲਾਂ ਪੰਜਾਬੀ ਦੀ ਪਛਾਣ ਲਾਜ਼ਮੀ ਸੀ। ਪੰਜਾਬੀ ਦੇ ਅਸਲ ਨੂੰ ਸਮਝਣਾ ਲਾਜ਼ਮੀ ਸੀ। ਪੰਜਾਬੀ ਦੇ ਨਿਵੇਕਲੇ ਸ਼ਬਦ, ਉਨ੍ਹਾਂ ਦੇ ਉਚਾਰਨ, ਪੰਜਾਬੀ ਵਾਕ-ਬਣਤਰ ਅਤੇ ਅਰਥ-ਪ੍ਰਣਾਲੀ ਦਾ ਸੁਭਾਅ, ਖਾਸਕਰ ਸੰਸਕ੍ਰਿਤ ਤੇ ਹਿੰਦੀ ਨਾਲੋਂ ਇਸ ਦਾ ਨਿਖੇੜਾ ਕਰ ਕੇ ਇਸ ਦੀ ਸੱਜਰੀ ਪਛਾਣ ਕਰਨਾ... ਕਿੰਨੇ ਕੰਮ ਸਨ ਕਰਨ ਵਾਲੇ, ਜੋ ਮੰਦੇ ਭਾਗਾਂ ਨੂੰ ਨਹੀਂ ਹੋ ਸਕੇ।

ਪੋਥੀ 'ਆਓ ਵਿਆਕਰਣ ਲੱਭੀਏ' ਜਿੱਥੇ ਪੰਜਾਬੀ ਵਿਆਕਰਣ ਨੂੰ ਪੜ੍ਹਨ-ਪੜ੍ਹਾਉਣ ਦਾ ਉਪਰਾਲਾ ਕਰਦੀ ਹੈ, ਉੱਥੇ ਪੰਜਾਬੀ ਦਾ ਗੁਆਚ ਚੁੱਕਾ ਮੁਹਾਂਦਰਾ ਲੱਭਣ ਦਾ ਯਤਨ ਵੀ ਕਰਦੀ ਹੈ। ਜਦੋਂ ਮੈਂ ਪਹਿਲੀ ਵਾਰ ਇਹ ਕਿਤਾਬ ਪੜ੍ਹੀ, ਇਸ ਬਾਰੇ ਵਰਤਿਆ 'ਪੋਥੀ' ਸ਼ਬਦ ਪੜ੍ਹ ਕੇ ਹੱਸਿਆ। ਇਹ ਜੋਗਾ ਸਿੰਘ ਹੋਰਾਂ ਨੇ ਪਿਛਾਂਹ ਵੱਲ ਨੂੰ ਕਿੱਧਰ ਕੁਹਣੀ ਮੋੜ ਵੱਟ ਲਿਆ! ਪਰ ਜਿਉਂ ਜਿਉਂ ਪੜ੍ਹਦਾ ਗਿਆ, ਮੈਂ ਵੀ ਪਿਛਾਂਹ ਵੱਲ ਮੁੜਦਾ ਗਿਆ। ਇੱਕ, ਦੋ, ਤਿੰਨ... ਪੋਥੀ ਵਿੱਚ ਪੋਥੀਆਂ ਤੇ ਪੰਜਵੀਂ ਪੋਥੀ ਲੰਘ ਕੇ ਮੈਂ ਮੱਧਕਾਲ ਦੇ ਉਸ ਮੋੜ ਤੱਕ ਪੁੱਜ ਗਿਆ ਜਿੱਥੇ ਪੰਜਾਬੀ ਦੀ ਸੱਜਰੀ ਫਸਲ ਲਹਿਲਹਾ ਰਹੀ ਸੀ। ਪੰਜਾਬੀ ਦਾ ਅਸਲ... ਪੰਜਾਬੀ ਦੀ ਆਪਣੀ ਸ਼ਬਦਾਵਲੀ... ਆਪਣਾ ਲਹਿਜਾ ਤੇ ਉਹ ਸਭ ਕੁਝ ਲੱਭਣ ਦੀ ਕੋਸ਼ਿਸ਼, ਜੋ ਪੰਜਾਬੀ ਨੂੰ ਪੰਜਾਬੀ ਬਣਾਉਂਦਾ ਹੈ। ਤੁਸੀਂ ਇਸ ਨੂੰ 'ਨਵੀਂ ਪੰਜਾਬੀ ਵਿਆਕਰਣ ਦਾ ਓਲਡ ਸਕੂਲ' ਆਖ ਸਕਦੇ ਹੋ।

ਹਰ ਬੋਲੀ ਨੂੰ ਢੇਰ ਸ਼ਬਦਾਂ ਦੀ ਲੋੜ ਹੁੰਦੀ ਹੈ। ਕੋਈ ਇੱਧਰੋਂ-ਉਧਰੋਂ ਵੀ ਲੈ ਲਵੇ ਤਾਂ ਕੋਈ ਹਰਜ਼ ਨਹੀਂ। ਪਰ ਜੋਗਾ ਸਿੰਘ ਹੋਰੀਂ ਕਹਿੰਦੇ ਨੇ, ਜੇ ਫਿਰ ਲੈਣਾ ਹੀ ਹੈ ਤਾਂ ਸਿੱਧਾ 'ਭਾਖਾ' ਹੀ ਲੈ ਲਓ ਨਾ! ਭਾਖਿਆ ਆਖੋ। ਭਾਸ਼ਾ ਕਿਉਂ ਆਖਣਾ।

ਸਾਡਾ ਹਾਕਮ ਬਦਲਦਾ ਤਾਂ ਨਾਲ ਹੀ ਭਾਸ਼ਾ ਦਾ ਮੜੰਗਾ ਵੀ ਬਦਲਦਾ ਰਿਹਾ। ਅਰਬੀ, ਫਾਰਸੀ, ਹਿੰਦੀ, ਅੰਗਰੇਜ਼ੀ... ਇੰਨੇ ਮੜੰਗੇ ਬਦਲੇ ਕਿ ਸਾਡੀ ਬੋਲੀ ਦੀ 'ਸਿਆਣ' ਗੁੰਮ ਗਈ ਤੇ ਇਹ 'ਪਛਾਣ' ਹੋ ਗਈ। ਜੋਗਾ ਸਿੰਘ ਹੋਰੀਂ ਲਿਖਦੇ ਹਨ: "ਮੈਂ ਥੋੜ੍ਹੇ ਚਿਰ ਤੋਂ ਈ ਪੰਜਾਬੀ ਸਿੱਖਣ ਲੱਗਾ ਵਾਂ। ਮੈਨੂੰ ਥੋੜ੍ਹਾ ਚਿਰ ਪਹਿਲਾਂ ਈ ਪਤਾ ਲੱਗਾ ਏ ਪਈ ਅਜੋਕੀ ਬਹੁਤੀ ਪੋਥੀਆ-ਪੰਜਾਬੀ ਗੁਰਮੁਖੀ 'ਚ ਲਿਖੀ ਸੰਸਕ੍ਰਿਤ ਜਾਂ ਹਿੰਦੀ ਏ ਤੇ ਇਹ ਸਾਡੇ ਮਨਾਂ ਵਿੱਚ ਡੂੰਘੀ ਖੁਣ ਦਿੱਤੀ ਹੋਈ ਏ... ਇਸ ਕਰਕੇ ਇਸ ਪੋਥੀ ਦੀ ਭਾਖਿਆ ਨੂੰ ਮੇਰੇ ਪੰਜਾਬੀ ਸਿੱਖਣ ਦੇ ਇੱਕ ਪੜਾਅ ਵਜੋਂ ਈ ਲਿਆ ਜਾਵੇ।"

ਇਸ ਪੋਥੀ ਦਾ ਅੰਦਾਜ਼ ਬਹੁਤ ਨਾਟਕੀ ਹੈ। ਇਸ ਲਈ ਕਿਤੇ-ਕਿਤੇ ਇਹ ਭੁਲੇਖਾ ਪੈਣਾ ਵੀ ਕੁਦਰਤੀ ਹੈ ਕਿ ਸ਼ਾਇਦ ਇਹ ਵਿਆਕਰਣ ਬੀਤੀਆਂ-ਪੁਰਾਣੀਆਂ ਗੱਲਾਂ ਨੂੰ ਨਵੇਂ ਅੰਦਾਜ਼ ਵਿੱਚ ਕਹਿ ਰਹੀ ਹੈ। ਨਹੀਂ, ਬੀਤੀਆਂ ਨਹੀਂ ਸਗੋਂ ਬੀਤ ਚੁੱਕੀਆਂ ਸਮਝ ਕੇ ਛੱਡ ਦਿੱਤੀਆਂ ਗਈਆਂ ਕਈ ਗੱਲਾਂ, ਸ਼ਬਦਾਂ, ਨੇਮਾਂ ਨੂੰ ਇਹ ਪੋਥੀ ਨਵੀਂ ਵਿਆਖਿਆ ਸਹਿਤ ਪੇਸ਼ ਕਰਦੀ ਹੈ ਤੇ ਉਨ੍ਹਾਂ ਦੀ ਸਾਰਥਿਕਤਾ ਸਿੱਧ ਕਰਦੀ ਹੈ।

ਜਿਹੜੀਆਂ ਕੀਮਤੀ ਚੀਜ਼ਾਂ ਨੂੰ ਅਸੀਂ ਪਿੱਛੇ ਛੱਡਿਆ ਹੈ, ਉਨ੍ਹਾਂ ਵਿੱਚ ਪੰਜਾਬੀ ਭਾਖਿਆ ਵੀ ਇੱਕ ਹੈ। ਇਸ ਨੂੰ ਲੱਭਣ ਦਾ ਕੰਮ ਵੀ ਚਿਰੋਕਾ ਅਧੂਰਾ ਪਿਆ ਹੈ। ਸਮਝੋ, ਡਾਕਟਰ ਜੋਗਾ ਸਿੰਘ ਦੀ ਪੋਥੀ 'ਆਓ ਵਿਆਕਰਣ ਲੱਭੀਏ' ਅਜਿਹੇ ਹੀ ਅਧੂਰੇ ਯਤਨਾਂ ਦੀ ਪੋਥੀ ਹੈ। ਮੈਂ ਵਿਆਕਰਣ ਦਾ ਉਸਤਾਦ ਨਹੀਂ ਪਰ ਕੁਝ ਗੱਲਾਂ ਜੋ ਇਸ ਪੋਥੀ ਬਾਰੇ ਸਮਝੀਆਂ ਨੇ, ਬੱਸ ਉਹੀ ਪੌੜੀ-ਦਰ-ਪੌੜੀ ਤੁਹਾਡੇ ਨਾਲ ਸਾਂਝੀਆਂ ਕਰਦਾ ਹਾਂ।

ਪੋਥੀ 'ਆਓ ਵਿਆਕਰਣ ਲੱਭੀਏ' ਵਿੱਚ ਅਗਾਂਹ ਪੰਜ ਪੋਥੀਆਂ ਨੇ। ਜਿਵੇਂ ਕਿਸੇ ਜੁਆਕ ਨੂੰ ਵਿਆਕਰਣ ਸਿਖਾਈਦੀ ਹੈ, ਡਾ. ਵਿਰਕ ਸਿਆਣਿਆਂ ਨੂੰ ਉਸੇ ਦਾਅ ਵਿਆਕਰਣ ਸਿਖਾਉਂਦੇ ਹਨ। ਪਹਿਲੀ ਪੋਥੀ ਵਿੱਚ ਵਿਆਕਰਣ ਦੀ ਮਹੱਤਤਾ, ਇਸ ਦੇ ਸਿੱਖਣ ਦੇ ਕੁਦਰਤੀ ਗੁਣ, ਬੋਲ-ਜੁੰਡਲੀਆਂ, ਨਾਂ, ਪੜਨਾਂਅ, ਵਿਸ਼ੇਸ਼ਣ, ਕਿਰਿਆ ਤੇ ਸਹਾਈ ਕਿਰਿਆ ਆਦਿ ਬਾਰੇ ਜਾਣਕਾਰੀ ਹੈ। ਡਾ. ਵਿਰਕ ਹੋਰਾਂ ਦਾ ਸਪੱਸ਼ਟ ਮਤ ਹੈ ਕਿ ਵਿਆਕਰਣ ਬਾਰੇ ਸਾਡੀ ਸਮਝ ਹਾਲੇ ਬਹੁਤ ਥੋੜ੍ਹੀ ਹੈ। ਉਹ ਲਿਖਦੇ ਹਨ:

"ਕਿਸੇ ਵੀ ਬੰਦੇ ਤੇ ਜਨਾਨੀ ਨੂੰ ਹਾਲੀ ਕਿਸੇ ਵੀ ਭਾਖਿਆ ਦੀ ਸਿਰ ਵਿਚਲੀ ਅਸਲੀ ਤੇ ਪੂਰੀ ਵਿਆਕਰਣ ਦਾ ਪਤਾ ਈ ਨਹੀਂ ਲੱਗਾ। ਹੋਰਾਂ ਦੀ ਤਾਂ ਛੱਡੋ, ਚਾਚਾ ਚੌਮਸਕੀ ਵੀ ਇਹੀ ਆਂਹਦੇ ਨੇ ਪਈ ਸਿਰ ਵਿਚਲੀ ਅਸਲੀ ਵਿਆਕਰਣ ਦਾ ਹਾਲੇ ਥੋੜ੍ਹਾ-ਥੋੜ੍ਹਾ ਜਿਹਾ ਈ ਪਤਾ ਲੱਗਾ ਏ।"

ਬੋਲਾਂ ਅਤੇ ਵਾਕੰਸ਼ਾਂ ਬਾਰੇ ਨਵੀਂ ਸਮਝ ਪ੍ਰਦਾਨ ਕਰਦਿਆਂ ਉਹ ਦੱਸਦੇ ਹਨ ਕਿ ਬੋਲ ਧੁਨੀਆਂ ਤੋਂ ਸਿੱਧੇ ਨਹੀਂ ਬਣਦੇ। ਪਹਿਲਾਂ ਧੁਨੀਆਂ ਤੋਂ ਰੂਪਗਰਾਮ ਬਣਦੇ ਹਨ ਤੇ ਮੁੜ ਰੂਪਗਰਾਮਾਂ ਤੋਂ ਬੋਲ।

ਦੂਜੀ ਪੋਥੀ 'ਵਾਕ ਦੇ ਵਲ-ਛਲ' ਵਾਕ ਬਣਤਰ ਬਾਰੇ ਕਈ ਪੱਖਾਂ ਤੋਂ ਨਿਵੇਕਲੀਆਂ ਧਾਰਨਾਵਾਂ ਪੇਸ਼ ਕਰਦੀ ਹੈ। ਪਹਿਲੇ ਹੀ ਪਾਠ 'ਵਾਕ ਬੋਲਾਂ ਤੋਂ ਨਹੀਂ ਬਣਦੇ' ਵਿੱਚ ਉਹ ਵਾਕਾਂ ਨੂੰ ਸ਼ਬਦਾਂ ਦਾ ਸਮੂਹ ਆਖਣ ਵਾਲੀ ਚਿਰ-ਕਾਇਮ ਮਨੌਤ ਨੂੰ ਰੱਦ ਕਰਦਿਆਂ ਇਹ ਸਿਧਾਂਤ ਪੇਸ਼ ਕਰਦੇ ਹਨ ਕਿ ਪਹਿਲਾਂ ਬੋਲਾਂ ਤੋਂ ਵਾਕੰਸ਼ ਬਣਦੇ ਨੇ ਤੇ ਫਿਰ




ਵਾਕੰਸ਼ ਮਿਲ ਕੇ ਵਾਕ ਬਣਾਉਂਦੇ ਨੇ। ਉਹ ਦੱਸਦੇ ਹਨ ਕਿ "ਇਹ ਆਖਣਾ ਵੀ ਪੂਰਾ ਠੀਕ ਨਹੀਂ ਪਈ ਵਾਕੰਸ਼ ਬੋਲਾਂ ਤੋਂ ਬਣਦੇ ਨੇ। ਸੱਚੀ ਗੱਲ ਇਹ ਵੇ, ਪਈ ਇਹ ਆਖਣਾ ਵੀ ਠੀਕ ਏ ਪਈ ਵਾਕੰਸ਼ ਰੂਪਗਰਾਮਾਂ ਤੋਂ ਬਣਦੇ ਨੇ।"

ਵਾਕ ਅਤੇ ਵਾਕੰਸ਼ਾਂ ਬਾਰੇ ਇੰਨੀ ਗੰਭੀਰ ਖੋਜ ਅਤੇ ਚਰਚਾ ਮੈਂ ਸ਼ਾਇਦ ਹੀ ਕਦੇ ਪੰਜਾਬੀ ਦੀ ਕਿਸੇ ਵਿਆਕਰਣ ਪੁਸਤਕ ਵਿੱਚ ਵੇਖੀ ਹੋਵੇ, ਜਿੰਨੀ ਡਾ. ਜੋਗਾ ਸਿੰਘ ਵਿਰਕ ਦੀ ਦੂਜੀ ਪੋਥੀ ਵਿੱਚ ਹੋਈ ਹੈ।

ਪੋਥੀ 'ਤਰਿੱਜੀ' ਵਿੱਚ ਵਾਕ-ਬਣਤਰ ਦੇ ਹੋਰ ਅੰਦਰ ਜਾਂਦਿਆਂ ਡਾ. ਵਿਰਕ ਵਾਕੰਸ਼ਾਂ ਨੂੰ ਉਨ੍ਹਾਂ ਦੇ ਉਦੇਸ਼ ਅਤੇ ਕਰਮ ਤੋਂ ਸਮਝਣ-ਸਮਝਾਉਣ ਦਾ ਆਹਰ ਕਰਦੇ ਹਨ ਤੇ ਉਪਵਾਕ ਦੀ ਬਣਤਰ ਬਾਰੇ ਨਵੇਂ ਸਿਰੇ ਤੋਂ ਵਿਚਾਰ ਕਰਦੇ ਹਨ।

ਚੌਥੀ ਪੋਥੀ ਵਿੱਚ ਉਹ ਅੰਗਰੇਜ਼ੀ, ਨਾਇਜੀਰੀਆ ਦੀ ਬੋਲੀ ਫੂਲਾ, ਦੱਖਣੀ ਭਾਰਤ ਦੀ ਬੋਲੀ ਕੋਲਾਮੀ ਆਦਿ ਦੀ ਤੁਲਨਾ ਵਿੱਚ ਪੰਜਾਬੀ ਲਿੰਗ-ਵਿਧਾਨ ਦੀਆਂ ਅਨੇਕ ਗੁੰਝਲਾਂ ਪਰਤਾਂ ਨੂੰ ਫਰੋਲਦੇ ਹਨ। ਲਿੰਗ-ਪਛਾਣ ਦੀ ਸੀਮਾ ਤੈਅ ਕਰਦਿਆਂ ਉਹ ਬੜੀ ਦਿਲਚਸਪ ਜਾਣਕਾਰੀ ਦਿੰਦੇ ਹਨ:

"ਲਿੰਗ ਬਾਰੇ ਇੱਕ ਕੰਮ ਦੀ ਗੱਲ ਇਹ ਵੇ ਪਈ ਲਿੰਗ ਬਾਰੇ ਤਿੰਨ ਤਰ੍ਹਾਂ ਦੇ ਤੱਥ ਹੋ ਗਏ। ਇੱਕ ਤੇ ਜੀਵ ਦੇ ਨਰ ਜਾਂ ਮਾਦਾ ਹੋਣ ਦੀ ਵੰਡ ਵਾਲਾ। ਦੂੱਜਾ (ਦੂਜਾ) ਵਿਆਕਰਣ ਵਿੱਚ ਬੋਲ ਦੇ ਨਾਲ ਕੁਝ ਲੱਗ ਕੇ ਉਹਦਾ ਲਿੰਗ ਦੱਸਣ ਵਾਲਾ ਤੇ ਤਰਿੱਜਾ (ਤੀਜਾ) ਜਦੋਂ ਬੋਲ ਦਾ ਲਿੰਗ ਤੇ ਹੁੰਦਾ ਏ ਪਰ ਇਹ ਲਿੰਗ ਦੱਸਣ ਵਾਲਾ ਕੁਝ ਨਾਲ ਨਹੀਂ ਲੱਗਾ ਹੁੰਦਾ। ਬੱਸ ਦਿਮਾਗ 'ਚ ਲਿਖ ਕੇ ਈ ਰੱਖਣਾ ਪੈਂਦਾ ਏ ਪਈ ਇਸ ਬੋਲ ਦਾ ਲਿੰਗ ਕੀ ਏ। ਲਿੰਗ ਦੇ ਮਾਹਿਰ ਪਹਿਲੇ ਨੂੰ ਜੀਵੀ ਜਾਂ ਜੈਵਿਕ ਲਿੰਗ, ਦੂਜੇ ਨੂੰ ਵਿਆਕਰਣੀ ਜਾਂ ਵਿਆਕਰਣਕ ਲਿੰਗ, ਤੇ ਤਰਿੱਜੇ ਨੂੰ ਬੋਲੀਆ, ਮਤਬਲ ਸ਼ਬਦੀ, ਮਤਬਲ ਸ਼ਾਬਦਿਕ ਲਿੰਗ ਆਂਹਦੇ ਨੇ।"

ਇਸੇ ਪੋਥੀ ਦੇ ਅਗਲੇ ਪਾਠਾਂ ਵਿੱਚ ਵਚਨ, ਕਾਰਕ, ਕਾਲ ਅਤੇ ਪੁਰਖ ਆਦਿ ਬਾਰੇ ਜਾਣਕਾਰੀ ਤਾਂ ਹੈ ਹੀ ਪਰ ਵਿਆਕਰਣ ਦੇ ਦੋ ਬਹੁਤ ਅਣਗੌਲੇ ਪੱਖਾਂ ਅਵਸਥਾ (ਪੱਖ) ਅਤੇ ਕਿਰਿਆ ਦੇ ਬਿਰਤੀ ਪੱਖ ਬਾਰੇ ਡੂੰਘੀ ਖੋਜਪੂਰਨ ਚਰਚਾ ਹੈ।

ਪੋਥੀ ਵਿਚਲੀ ਪੰਜਵੀਂ ਪੋਥੀ 'ਵੱਡਿਆਂ ਦੀਆਂ ਵੱਡੀਆਂ ਗੱਲਾਂ' ਦਾ ਦੂਜਾ ਪਾਠ 'ਨੀ ਤੂੰ ਇੰਞ ਦੀ ਕਿਉਂ ਏਂ ਮਾਤ ਭਾਖੇ' ਮੇਰੀ ਜਾਚੇ ਬਹੁਤ ਵਿਸ਼ੇਸ਼ ਹੈ। ਇਸ ਪਾਠ ਵਿੱਚ ਡਾ. ਵਿਰਕ ਜਿੱਥੇ ਬੋਲੀ ਪ੍ਰਤੀ ਆਪਣੀ ਪਹੁੰਚ ਨੂੰ ਸਪੱਸ਼ਟ ਕਰਦੇ ਹਨ, ਉੱਥੇ ਮਾਤ-ਭਾਸ਼ਾ ਦੀ ਹੋਂਦ-ਵਿਧੀ ਦੇ ਇੱਕ ਖਾਸ ਪੱਖ ਵੱਲ ਸਾਡਾ ਧਿਆਨ ਦਿਵਾਉਂਦੇ ਲਿਖਦੇ ਹਨ:

"ਭਾਖਿਆ ਦਾ ਵਾਹ ਤਿੰਨ ਗੱਲਾਂ ਨਾਲ ਮਤਬਲ ਤਿੰਨ ਤਰ੍ਹਾਂ ਦੀਆਂ ਹਾਲਤਾਂ ਨਾਲ ਪੈਂਦਾ ਏ। ਇੱਕ ਤੇ ਸੰਸਾਰ ਦੀਆਂ ਸਿਰ ਤੋਂ ਬਾਹਰਲੀਆਂ ਤੇ ਸਿਰ ਦੇ ਅੰਦਰਲੀਆਂ ਗੱਲਾਂ ਦੱਸਣੀਆਂ। ਦੂੱਜੀ, ਬੋਲਣ-ਸੁਣਨ ਵਾਲੇ ਦੇ ਜੁੜ-ਬਹਿਣ ਤੇ ਆਪਸੀ ਲੈਣ-ਦੇਣ ਦੀਆਂ ਗੱਲਾਂ। ਤੇ ਤਰਿੱਜੀ, ਇਹਨਾਂ ਦੁਹਾਂ ਦੀਆਂ ਗੱਲਾਂ ਨੂੰ ਭਾਖਿਆ ਦੇ ਵਾਕ-ਸ਼ਾਕ ਬਣਾ ਕੇ ਸਜਾ-ਸੁਆਰ ਕੇ ਸਾਡੇ ਹੱਥ ਫੜਾਣਾ। ਇਹਨਾਂ ਤਿੰਨਾਂ ਗੱਲਾਂ ਵਾਲੀਆਂ ਹਾਲਤਾਂ ਈ ਭਾਖਿਆ ਦਾ ਮੂੰਹ-ਮੁਹਾਂਦਰਾ, ਮਤਬਲ ਭਾਖਿਆ ਦਾ ਨੈਣ-ਨਕਸ਼ਾ, ਮਤਬਲ ਭਾਖਿਆ ਦੀ ਬਣਤਰ, ਤੈਅ ਕਰਦੀਆਂ ਨੇ। ਸੋ, ਭਾਖਿਆ ਮਾਤੇ ਜਿਵੇਂ ਦੀ ਹੈ ਵੇ, ਮਤਬਲ ਜਿਵੇਂ ਦੀ ਇਹਦੀ ਬਣਤਰ ਹੈ ਵੇ, ਇਹ ਤਾਂ ਕਰਕੇ ਇੰਞ ਦੀ ਏ ਪਈ ਭਾਖਿਆ ਮਾਤੇ ਨੂੰ ਇਹਨਾਂ ਤਿੰਨਾਂ ਤਰ੍ਹਾਂ ਦੀਆਂ ਹਾਲਤਾਂ ਨਾਲ ਨਜਿੱਠਣਾ ਪਈਂਦਾ ਏ।"

ਇਸ ਵਿਆਕਰਣ ਦੀ ਸਭ ਤੋਂ ਵੱਡੀ ਖਾਸੀਅਤ ਕੀ ਹੈ? ਇਸ ਦੀ ਪੇਸ਼ਕਾਰੀ ਦਾ ਅਤਿਅੰਤ ਨਾਟਕੀ ਅੰਦਾਜ਼। ਡਾ. ਵਿਰਕ ਹੋਰਾਂ ਨੇ ਕਰਤਾ (ਨੈਰੇਟਰ) ਨੂੰ ਪਿੰਡ ਦੇ ਬੁੜ੍ਹੇ ਵਰਗਾ ਇੱਕ ਦਾਨਾ ਪਰ ਟਿੱਚਰੀ ਪਾਤਰ ਬਣਾ ਲਿਆ ਹੈ, ਜੋ ਪੰਜਾਬੀ ਵਿਆਕਰਣ ਬਾਰੇ ਸਿਆਣੀਆਂ ਗੱਲਾਂ ਵੀ ਕਰਦਾ ਹੈ, ਮੱਤਾਂ ਵੀ ਦਿੰਦਾ ਹੈ ਤੇ ਲੋੜ ਪੈਣ 'ਤੇ ਘਤਿੱਤਾਂ ਵੀ ਕਰਦਾ ਹੈ। ਮੇਰੀ ਜਾਚੇ ਵਿਆਕਰਣ ਵਰਗਾ ਖੁਸ਼ਕ ਅਤੇ ਜਟਿਲ ਵਿਸ਼ਾ ਪੜ੍ਹਾਉਣ ਲਈ ਵਰਤੀ ਗਈ ਇਹ ਜੁਗਤ ਇੱਕ ਸੱਜਰਾ ਤੇ ਨਾਟਕੀ ਪ੍ਰਯੋਗ ਹੈ। ਸ਼ਾਇਦ ਇਸੇ ਕਰ ਕੇ ਡਾ. ਵਿਰਕ ਹੋਰਾਂ ਨੇ ਇਸ ਦੀ ਭੂਮਿਕਾ ਲਿਖਣ ਦਾ ਜ਼ਿੰਮਾ ਮੇਰੇ ਵਰਗੇ ਨਾਟਕਕਾਰ ਨੂੰ ਦਿੱਤਾ। ਇਸ ਪੋਥੀ ਵਿਚਲੀਆਂ ਪੰਜ ਪੋਥੀਆਂ ਦੇ ਸਿਰਲੇਖ ਹੀ ਬੜੇ ਨਾਟਕੀ ਹਨ: ਚਲਿੱਤਰੀਆ ਜੁੰਡਲੀਆਂ, ਵਾਕ ਦੇ ਵਲ-ਛਲ, ਵਾਕੰਸ਼ਾਂ ਦੇ ਚੋਜ, ਚਲਿੱਤਰੀਆਂ ਦੇ ਚੱਜ, ਵੱਡਿਆਂ ਦੀਆਂ ਵੱਡੀਆਂ ਗੱਲਾਂ। ਇਨ੍ਹਾਂ ਵਿਚਲੇ ਕੁਝ ਪਾਠਾਂ ਦੇ ਨਾਂ ਵੇਖੋ- ਉਦੇਸ਼ੇ ਦੇ ਗਹਿਣੇ-ਗੱਟੇ, ਨਿਕਰਮੇ ਕਰਮੇ ਦੇ ਕਰਮ, ਵਾਕ-ਉਪਵਾਕ ਦੀ ਸਾਂਝੀ ਚੁਲ੍ਹ, ਕਾਰਕ ਦੀਆਂ ਕਰਤੂਤਾਂ, ਕੱਚਾ ਵਚਨ ਪੱਕਾ ਵਚਨ, ਕਾਲ ਦੀ ਵੱਢ-ਟੁੱਕ, ਵੰਨ-ਸਵੰਨੇ ਪੁਰਖ ਪੁਰਖੀਆਂ, ਕੌਣ ਵੱਡਾ ਭਲਵਾਨ - ਲਿਖਣ ਸਿਰੀ ਜਾਂ ਬੋਲੂ ਬਾਟਾ, ਵਾਕ ਦੀ ਧੁਨੀ। ਇਹ ਪੋਥੀ ਆਪਣੇ ਆਪ ਵਿੱਚ ਇੱਕ ਸੰਜੀਦਾ ਵਿਸ਼ੇ ਦੁਆਲੇ ਰਚਿਆ ਗਿਆ ਮਨੋਰੰਜਕ ਨਾਟਕ ਹੈ। ਆਓ, ਇਸ ਦੇ ਨਾਟਕੀ ਅੰਦਾਜ਼ ਦੀਆਂ ਕੁਝ ਮਿਸਾਲਾਂ ਵੇਖਦੇ ਹਾਂ:

"ਓ ਭਾਈ! ਤੁਹਾਨੂੰ ਤਾਂ ਕੀ, ਚਾਰ-ਪੰਜ ਸਾਲਾਂ ਦੇ ਪੰਜਾਬੀ ਬਾਲ ਨੂੰ ਵੀ ਪੰਜਾਬੀ ਦੀ ਵਿਆਕਰਣ ਆਉਂਦੀ ਜੇ। ਜੇ ਉਹਨੂੰ ਵਿਆਕਰਣ ਨਾ ਆਉਂਦੀ ਹੁੰਦੀ ਤਾਂ ਉਹ ਪੰਜਾਬੀ ਦੇ ਵਾਕ ਕਿਵੇਂ ਪਟਰ-ਪਟਰ ਬੋਲਦਾ?"

"ਹਾ-ਹਾਏ! ਇਹ ਗੱਲ ਤੇ ਕਦੀ ਸੋਚੀਓ ਈ ਨਹੀਂ ਸੀ ਮੈਂ!"

"ਕੋਈ ਗੱਲ ਨਹੀਂ ਭੈਣਾ। ਕੋਈ ਵਿਰਲਾ ਬੰਦਾ ਈ ਸੱਚੀਂ-ਮੁੱਚੀਂ ਸੋਚਦਾ ਏ! ਉਹ ਵੀ ਬੱਸ ਕਦੇ-ਕਦਾਈਂ। ਇਹ ਮੈਂ ਨਹੀਂ, ਵੱਡਾ ਸਿਆਣਾ ਬਰਨਾਰਡ ਸ਼ਾਅ ਆਂਹਦਾ ਜੇ।"

"ਵਿਆਕਰਣ ਜਾਤਰਾ 'ਤੇ ਨਿਕਲਦਿਆਂ ਈ ਆਪਾਂ ਪਹਿਲੀ ਬਾਤ ਵੱਖ-ਵੱਖ ਤਰ੍ਹਾਂ ਦੇ ਬੋਲਾਂ ਦੇ ਵੱਖ-ਵੱਖ ਤਰ੍ਹਾਂ ਦੇ ਭੇਖਾਂ ਬਾਰੇ ਪਾਈ ਸੀ। ਆਪਾਂ ਇਨ੍ਹਾਂ ਭੇਖਾਂ ਨੂੰ ਥੋੜ੍ਹਾ-ਥੋੜ੍ਹਾ ਛੋਹ ਕੇ ਵੇਂਹਦੇ ਵੀ ਆਏ ਆਂ। ਹੁਣ ਅਗਲੀਆਂ ਕੁਝ ਤਰਕਾਲਾਂ ਲਈ ਆਪਾਂ ਇਹਨਾਂ ਭੇਖਾਂ ਬਾਰੇ ਕੁਝ ਵਧੇਰੇ ਲੰਮੀਆਂ ਬਾਤਾਂ ਪਾਵਾਂਗੇ। ਆਪਾਂ ਸਾਰੇ ਕੰਮੀ ਬੰਦੇ ਆਂ। ਘੱਟ ਪੈਸਿਆਂ 'ਤੇ ਬਹੁਤੇ ਕੰਮ ਦੇ ਥੱਕੇ-ਭੰਨੇ। ਸੋ ਨੀਂਦਰ ਸਾਰਿਆਂ ਨੂੰ ਆਉਂਦੀ ਪਈ ਏ। ਡੇਰ ਨਾ ਕਰੀਏ ਤੇ ਅੱਜ ਦੀ ਬਾਤ ਪਾਈਏ ਛੇਤੀ। ਅੱਜ ਦੀ ਬਾਤ ਦਾ ਨਾਂ ਏ 'ਲਿੰਗ ਤੇ ਉਸ ਦਾ ਗੁੱਤ-ਜੂੜਾ'।"

"ਵਿਸ਼ੇਸ਼ਣ ਦਾ ਵੀ ਬੱਸ ਨਾਂ ਈ ਵਿਸ਼ੇਸ਼ਣ ਏਂ। ਪਰ ਵਿਚਾਰੇ ਦਾ ਵਿਸ਼ੇਸ਼ ਕੁਝ ਮਾੜਾ-ਮੋਟਾ ਈ ਏ। ਇਹ ਉਂਞ ਵੀ ਨੰਗ ਈ ਏ। ਇਹਨੂੰ ਭੇਖ ਲਈ ਕੱਪੜੇ ਵੀ ਮਾਂਗਵੇਂ ਲੈਣੇ ਪੈਂਦੇ ਨੇ।"

ਇਸ ਪੋਥੀ ਦਾ ਪਹਿਲੀ ਹਰ ਵਿਆਕਰਣ ਨਾਲੋਂ ਨਿਵੇਕਲਾ ਤੇ ਬਹੁਤਾ ਈ ਮਹੱਤਵਪੂਰਨ ਗੁਣ ਇਹ ਵੀ ਹੈ ਕਿ ਇਹ ਪੋਥੀ ਗੁਆਚੀ ਪੰਜਾਬੀ ਤੇ ਪੰਜਾਬੀ ਵਿਆਕਰਣ ਦਾ ਬਿਓਰਾ ਈ ਨਹੀਂ ਦੇਂਦੀ, ਵਿਆਕਰਣ ਆਪ ਲੱਭਣ ਦੀ ਜਾਚ ਵੀ ਸਿਖਾਉਂਦੀ ਏ।

ਪੰਜਾਬੀ ਵਿਆਕਰਣ ਪੜ੍ਹਨ-ਪੜ੍ਹਾਉਣ ਦਾ ਇਸ ਤੋਂ ਸਿਰਜਣਾਤਮਕ ਅਤੇ ਦਿਲਚਸਪ ਤਰੀਕਾ ਹੋਰ ਕੋਈ ਨਹੀਂ ਹੋ ਸਕਦਾ। ਕਿੰਨੇ ਭੁੱਲੇ-ਵਿਸਰੇ ਪੰਜਾਬੀ ਸ਼ਬਦ, ਕਿੰਨੇ ਨਵੇਂ ਸ਼ਬਦ, ਕਿੰਨੇ ਅੰਗਰੇਜ਼ੀ ਸ਼ਬਦਾਂ ਦੇ ਸਮਾਨਾਂਤਰ ਠੇਠ ਪੰਜਾਬੀ ਸ਼ਬਦ... ਇਹ ਸਿਰਫ ਤੇ ਸਿਰਫ ਡਾ. ਜੋਗਾ ਸਿੰਘ ਹੀ ਕਰ ਸਕਦੇ ਸਨ ਤੇ ਉਨ੍ਹਾਂ ਨੇ ਇਹ ਕਰ ਵਿਖਾਇਆ ਹੈ। ਕੁੱਲ ਮਿਲਾ ਕੇ ਇਹ ਪੋਥੀ ਖੋਜ, ਚਿੰਤਨ ਅਤੇ ਸੂਹਜ ਕਲਾ ਦਾ ਸੁਮੇਲ ਹੈ।

ਇੱਕ ਹੋਰ ਦਿਲਚਸਪ ਗੱਲ ਇਹ ਹੈ ਕਿ ਡਾਕਟਰ ਵਿਰਕ ਥਾਂ-ਥਾਂ 'ਮਤਲਬ' ਸ਼ਬਦ ਨੂੰ ਪੇਂਡੂਆਂ ਵਾਂਗ 'ਮਤਬਲ' ਲਿਖਦੇ ਹਨ ਤੇ ਇਹ ਪੋਥੀ ਪੜ੍ਹ ਕੇ ਤੁਸੀਂ ਸੱਚਮੁੱਚ ਮਤਲਬ ਨੂੰ 'ਮਤਬਲ' ਆਖਣ ਲੱਗਦੇ ਹੋ।

ਨਿਵੇਕਲੀ ਸ਼ੈਲੀ ਅਤੇ ਠੇਠ ਪੰਜਾਬੀ ਵਿੱਚ ਲਿਖੀ ਡਾ. ਜੋਗਾ ਸਿੰਘ ਹੋਰਾਂ ਦੀ ਵਿਆਕਰਣ ਪੁਸਤਕ 'ਆਓ ਵਿਆਕਰਣ ਲੱਭੀਏ' ਇੱਕ ਕਮਾਲ ਦੀ ਪੋਥੀ ਹੈ। ਪੰਜਾਬੀ ਭਾਖਿਆ ਦੇ ਵਿਹੜੇ ਮੈਂ ਇਸ ਨੂੰ ਜੀ ਆਇਆਂ ਆਖਦਾ ਹਾਂ।

ਪਾਲੀ ਭੁਪਿੰਦਰ ਸਿੰਘ

# ਆਲਮੀ ਥਪੇੜਿਆਂ ਨਾਲ ਜੂਝਦਾ ਰੁਪਿਆ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਹਿਲਾਂ ਦੇਸ ਵਾਸੀਆਂ ਤੋਂ ਊਰਜਾ ਦੀ ਕਿਫਾਇਤ ਕਰਨ ਦੀ ਅਪੀਲ ਕੀਤੀ ਅਤੇ ਫਿਰ ਚੇਤਾਵਨੀ ਦਿੱਤੀ ਕਿ ਪੱਛਮੀ ਏਸੀਆ ਵਿਚ ਚੱਲ ਰਹੇ ਯੁੱਧ ਕਾਰਨ ਦੁਨੀਆ ਵਿਚ ਆਰਥਿਕ ਮੰਦੀ ਆ ਸਕਦੀ ਹੈ। ਉਨ੍ਹਾਂ ਦੇ ਬਿਆਨਾਂ ਦੇ ਪਿੱਛੇ ਚਾਰ ਮੁੱਖ ਚਿੰਤਾਵਾਂ ਕੰਮ ਕਰ ਰਹੀਆਂ ਹਨ। ਹੋਰਮੁਜ ਜਲਮਾਰਗ ਬੰਦ ਹੋਣ ਕਾਰਨ ਤੇਲ, ਗੈਸ ਅਤੇ ਖਾਦ ਦੇ ਭਾਅ ਡੇਢ ਗੁਣਾ ਤੋਂ ਜਿਆਦਾ ਵਧ ਗਏ ਹਨ ਜਿਸ ਕਾਰਨ ਭਾਰਤ ਦਾ ਊਰਜਾ ਅਤੇ ਖਾਦ ਦਰਾਮਦ ਬਿੱਲ ਵੀ ਲਗਪਗ ਡੇਢ ਗੁਣਾ ਵਧ ਗਿਆ ਹੈ। ਊਰਜਾ ਅਤੇ ਖਾਦ ਦੇ ਭਾਅ ਵਧਣ ਨਾਲ ਦੇਸ ਵਿਚ ਮਹਿੰਗਾਈ ਵਧਣ ਅਤੇ ਬਜਟ ਗੜਬੜਾਉਣ ਦਾ ਖਤਰਾ ਪੈਦਾ ਹੋ ਗਿਆ ਹੈ। ਵਿਦੇਸੀ ਨਿਵੇਸਕ ਪਿਛਲੇ ਦੋ ਸਾਲਾਂ ਤੋਂ ਭਾਰਤ ਤੋਂ ਆਪਣੀ ਪੂੰਜੀ ਕੱਢ ਰਹੇ ਹਨ ਅਤੇ ਅਮਰੀਕਾ ਵਿਚ ਵਿਆਜ ਦਰਾਂ ਦੇ ਵਧਣ ਦੇ ਆਸਾਰ ਨਾਲ ਇਸ ਦੀ ਰਫਤਾਰ ਹੋਰ ਤੇਜ ਹੋ ਸਕਦੀ ਹੈ।

ਊਰਜਾ ਅਤੇ ਖੁਰਾਕ ਦੀ ਦਰਾਮਦ ਦਾ ਬਿੱਲ ਵਧਣ ਅਤੇ ਵਿਦੇਸੀ ਪੂੰਜੀ ਦੇ ਪਲਾਇਨ ਨਾਲ ਰੁਪਿਆ ਸਸਤਾ ਹੋ ਰਿਹਾ ਹੈ ਜਿਸ ਕਾਰਨ ਦਰਾਮਦ ਮਹਿੰਗੇ ਹੁੰਦੇ ਜਾ ਰਹੇ ਹਨ। ਡਾਲਰ ਦੀ ਤੁਲਨਾ 'ਚ ਰੁਪਏ ਦੀ ਕੀਮਤ ਦਹਾਕਿਆਂ ਤੋਂ ਟੁੱਟ ਰਹੀ ਹੈ ਜਿਸ ਦੀ ਰਫਤਾਰ ਪਿਛਲੇ ਦਹਾਕੇ ਵਿਚ ਹੋਰ ਵਧੀ ਹੈ ਅਤੇ ਉਹ 66 ਤੋਂ ਟੁੱਟ ਕੇ 96 'ਤੇ ਪਹੁੰਚ ਗਿਆ ਹੈ। ਇਸ ਵਿੱਚੋਂ 6.1 ਪ੍ਰਤੀਸਤ ਦੀ ਗਿਰਾਵਟ ਈਰਾਨ 'ਤੇ ਅਮਰੀਕਾ ਅਤੇ ਇਜਰਾਈਲ ਦੇ ਹਮਲੇ ਤੋਂ ਬਾਅਦ ਹੋਈ ਹੈ। ਰੁਪਏ ਦੀ ਕੀਮਤ ਨਾ ਸਿਰਫ ਡਾਲਰ ਦੇ ਮੁਕਾਬਲੇ, ਸਗੋਂ ਜਾਪਾਨੀ ਯੇਨ ਨੂੰ ਛੱਡ ਕੇ ਲਗਪਗ ਹਰ ਹਾਰਡ ਕਰੰਸੀ ਦੇ ਮੁਕਾਬਲੇ ਕਮਜੋਰ ਹੋਈ ਹੈ।

ਪਿਛਲੇ ਸਾਲ ਭਰ ਵਿਚ ਤਾਂ ਇਹ ਪਾਕਿਸਤਾਨੀ ਰੁਪਏ ਅਤੇ ਬੰਗਲਾਦੇਸੀ ਟਕੇ ਦੇ ਮੁਕਾਬਲੇ 10 ਪ੍ਰਤੀਸਤ ਤੋਂ ਜਿਆਦਾ ਟੁੱਟ ਗਿਆ ਜਿਸ ਕਾਰਨ ਭਾਰਤ ਵਿਚ ਮੋਦੀ ਸਰਕਾਰ ਦੀਆਂ ਆਰਥਿਕ ਨੀਤੀਆਂ 'ਤੇ ਸਵਾਲ ਉੱਠਣ ਲੱਗੇ ਹਨ। ਹਾਲਾਂਕਿ ਜੇ ਪਾਕਿਸਤਾਨੀ ਰੁਪਏ ਦੇ ਗ੍ਰਾਫ ਨੂੰ ਦੇਖੀਏ ਤਾਂ ਉਸ ਦਾ ਭਾਅ 2016 ਤੋਂ 2024 ਦਰਮਿਆਨ ਡਾਲਰ ਦੇ ਮੁਕਾਬਲੇ ਭਾਰਤੀ ਰੁਪਏ ਨਾਲੋਂ ਦੁੱਗਣੀ ਰਫਤਾਰ ਨਾਲ ਟੁੱਟਿਆ ਹੈ। ਸੰਨ 2022 ਤੋਂ 2024 ਦਰਮਿਆਨ ਬੰਗਲਾਦੇਸੀ ਟਕੇ ਦੀ ਵੀ ਇਹੀ ਹਾਲਤ ਹੋਈ। ਸੰਨ 2024 ਤੋਂ ਬਾਅਦ ਪਾਕਿਸਤਾਨੀ ਰੁਪਏ ਅਤੇ ਬੰਗਲਾਦੇਸੀ ਟਕੇ ਦੀਆਂ ਦਰਾਂ ਵਿਚ ਤਾਂ ਕੁਝ ਸਥਿਰਤਾ ਆਈ ਪਰ ਭਾਰਤੀ ਰੁਪਏ ਦੇ ਟੁੱਟਣ ਦੀ ਰਫਤਾਰ ਕਿਤੇ ਤੇਜ ਰਹੀ। ਰੁਪਏ ਦੀ ਤੁਲਨਾ 'ਚ ਇਨ੍ਹਾਂ ਦੋਹਾਂ ਕਰੰਸੀਆਂ ਦੀ ਕੀਮਤ ਵਿਚ ਕੁਝ ਸੁਧਾਰ ਦੇਖਣ ਨੂੰ ਮਿਲਣ ਦੀ ਅਸਲੀ ਵਜ੍ਹਾ ਇਹੀ ਹੈ।

ਹਕੀਕਤ ਇਹੋ ਹੈ ਕਿ ਮੁਦਰਾ ਦੀ ਵਟਾਂਦਰਾ ਦਰ ਕਿਸੇ ਦੇਸ ਦੀ ਅਰਥ-ਵਿਵਸਥਾ ਦੀ ਤਾਕਤ ਜਾਂ ਕਮਜੋਰੀ ਦਾ ਪੈਮਾਨਾ ਨਹੀਂ ਹੁੰਦੀ। ਉਦਾਹਰਨ ਵਜੋਂ ਜਾਪਾਨੀ ਯੇਨ ਦਾ ਭਾਅ ਇਸ ਸਮੇਂ ਲਗਪਗ 60 ਪੈਸੇ ਹੈ। ਤਾਂ ਕੀ ਭਾਰਤ ਦੇ ਅਰਥਚਾਰੇ ਨੂੰ ਜਾਪਾਨ ਤੋਂ ਡੇਢ ਗੁਣਾ ਮਜਬੂਤ ਮੰਨਿਆ ਜਾਵੇ?

ਇਸੇ ਤਰ੍ਹਾਂ, ਯੂਰੋ ਆਉਣ ਤੋਂ ਪਹਿਲਾਂ 1998 ਵਿਚ ਇਕ ਰੁਪਏ ਦੀ ਕੀਮਤ 40 ਇਤਾਲਵੀ ਲੀਰਾ ਸੀ। ਤਾਂ ਕੀ ਭਾਰਤ ਇਟਲੀ ਤੋਂ ਚਾਲੀ ਗੁਣਾ ਵਿਕਸਤ ਸੀ? ਕਿਸੇ ਦੇਸ ਦੀ ਮੁਦਰਾ ਦੀ ਕੀਮਤ ਉਸ ਦੀ ਜੀਡੀਪੀ ਅਤੇ ਜਾਰੀ ਮੁਦਰਾ ਦੀ ਗਿਣਤੀ ਦੇ ਆਧਾਰ 'ਤੇ ਤੈਅ ਹੁੰਦੀ ਹੈ ਅਤੇ ਵਟਾਂਦਰਾ ਦਰ ਮੁਦਰਾ ਦੀ ਮੰਗ ਦੇ ਆਧਾਰ 'ਤੇ ਚੜ੍ਹਦੀ-ਡਿੱਗਦੀ ਹੈ। ਜਿਸ ਦੇਸ ਦੀ ਬਰਾਮਦ ਦਰਾਮਦ ਤੋਂ ਵੱਧ ਹੁੰਦੀ ਹੈ ਅਤੇ ਜਿਸ ਦੀ ਮੁਦਰਾ ਨੂੰ ਲੋਕ ਨਿਵੇਸ ਲਈ ਜਮ੍ਹਾ ਰੱਖਣਾ ਚਾਹੁੰਦੇ ਹਨ, ਉਸ ਦੀ ਮੰਗ ਵਧਦੀ ਹੈ। ਨਤੀਜੇ ਵਜੋਂ, ਉਸ ਦੀ ਵਟਾਂਦਰਾ ਦਰ ਵੀ ਵਧਦੀ ਹੈ।

ਹਾਲਾਤ ਇਸ ਦੇ ਉਲਟ ਹੋਣ 'ਤੇ ਮੁਦਰਾ ਦੀ ਮੰਗ ਘਟਦੀ ਹੈ ਅਤੇ ਵਟਾਂਦਰਾ ਦਰ ਵੀ ਡਿੱਗ ਜਾਂਦੀ ਹੈ। ਇਸ ਲਈ ਨਾ ਤਾਂ ਮੁਦਰਾ ਝੰਡੇ ਦੀ ਤਰ੍ਹਾਂ ਦੇਸ ਦੀ ਆਨ ਹੁੰਦੀ ਹੈ ਅਤੇ ਨਾ ਹੀ ਇਹ ਉਸ ਦੀ ਅਰਥ-ਵਿਵਸਥਾ ਦਾ ਪੈਮਾਨਾ।

ਭਾਰਤ ਵਿਚ ਸਮੁੱਚੀ ਐੱਫਡੀਆਈ ਜਾਂ ਵਿਦੇਸੀ ਨਿਵੇਸ ਦੀ ਮਾਤਰਾ ਵਿਚ ਕਮੀ ਨਹੀਂ ਆ ਰਹੀ। ਉਹ ਲਗਾਤਾਰ ਵਧ ਰਹੀ ਹੈ ਪਰ ਭਾਰਤ ਤੋਂ ਵਾਪਸ ਜਾਣ ਵਾਲੇ ਵਿਦੇਸੀ ਨਿਵੇਸ ਦੀ ਮਾਤਰਾ ਵੀ ਪਿਛਲੇ ਤਿੰਨ ਸਾਲਾਂ ਤੋਂ ਵਧ ਰਹੀ ਹੈ। ਇਸ ਦੇ ਦੋ ਕਾਰਨ ਦੱਸੇ ਜਾਂਦੇ ਹਨ। ਪਹਿਲਾ, ਵਿਦੇਸੀ ਨਿਵੇਸਕ ਉਨ੍ਹਾਂ ਬਾਜਾਰਾਂ ਦਾ ਰੁਖ ਕਰ ਰਹੇ ਹਨ ਜਿੱਥੇ ਏਆਈ, ਸੈਮੀਕੰਡਕਟਰ ਅਤੇ ਡਾਟਾ ਦੇ ਖੇਤਰਾਂ ਵਿਚ ਨਵੀਆਂ ਕਾਢਾਂ ਕੱਢੀਆਂ ਜਾ ਰਹੀਆਂ ਹਨ।

ਇਨ੍ਹਾਂ ਕੰਪਨੀਆਂ ਦੇ ਭਾਅ ਡਾਟ-ਕਾਮ ਦੇ ਦਿਨਾਂ ਦੀ ਤਰ੍ਹਾਂ ਹਫਤਿਆਂ ਦੇ ਅੰਦਰ ਦੁੱਗਣੇ-ਤਿੱਗਣੇ ਹੁੰਦੇ ਜਾ ਰਹੇ ਹਨ। ਹਾਲਾਂਕਿ ਵੱਡੇ ਵਿਦੇਸੀ ਨਿਵੇਸਕਾਂ ਲਈ ਆਪਣਾ ਨਿਵੇਸ ਇਕੱਠਾ ਵੇਚਣਾ ਆਸਾਨ ਨਹੀਂ ਹੁੰਦਾ ਕਿਉਂਕਿ ਵੇਚਣ ਦੀ ਭਿਣਕ ਲੱਗਦੇ ਹੀ ਭਾਅ ਅਤੇ ਮੁਨਾਫਾ ਘਟਣ ਲੱਗਦਾ ਹੈ। ਵਿਡੰਬਨਾ ਇਹ ਹੈ ਕਿ ਉਨ੍ਹਾਂ ਦੀ ਇਹ ਮੁਸਕਲ ਭਾਰਤ ਵਿਚ ਲੋਕਪ੍ਰਿਆ ਹੋਏ ਮਿਊਚੁਅਲ ਫੰਡਾਂ ਨੇ ਆਸਾਨ ਕੀਤੀ ਹੈ।

ਅਮਰੀਕੀ ਨਿਵੇਸ ਬੈਂਕ ਜੈਫਰੀਜ ਦਾ ਕਹਿਣਾ ਹੈ ਕਿ ਮਿਊਚੁਅਲ ਫੰਡਾਂ ਦੇ ਜਰੀਏ ਨਿਵੇਸ ਕਰਨ ਵਾਲੇ ਭਾਰਤੀ ਨਿਵੇਸਕਾਂ ਦੀ ਮੰਗ ਦੀ ਆੜ ਵਿਚ ਵਿਦੇਸੀ ਨਿਵੇਸਕ ਆਪਣਾ ਪੈਸਾ ਸੇਅਰ ਬਾਜਾਰ ਵਿਚ ਗਿਰਾਵਟ ਲਿਆਏ ਬਿਨਾਂ ਕੱਢ ਕੇ ਉੱਥੇ ਲਗਾ ਰਹੇ ਹਨ ਜਿੱਥੇ ਇਕ ਮਹੀਨੇ ਵਿਚ ਉਨ੍ਹਾਂ ਨੂੰ ਅਜਿਹਾ ਮੁਨਾਫਾ ਮਿਲ ਰਿਹਾ ਹੈ ਜੋ ਭਾਰਤ ਵਿਚ ਇਕ ਸਾਲ ਵਿਚ ਨਹੀਂ ਮਿਲਦਾ। ਦੂਜਾ ਕਾਰਨ ਖਾੜੀ ਤੋਂ ਪੈਦਾ ਹੋਇਆ ਊਰਜਾ ਸੰਕਟ ਹੈ, ਜਿਸ ਨਾਲ ਭਾਰਤ ਦਾ ਬਜਟ ਗੜਬੜਾਉਣ, ਵਪਾਰ ਘਾਟਾ ਅਤੇ ਮਹਿੰਗਾਈ ਵਧਣ ਅਤੇ ਰੁਪਿਆ ਟੁੱਟਣ ਦਾ ਖਤਰਾ ਪੈਦਾ ਹੋ ਗਿਆ ਹੈ।

ਰੁਪਏ ਦੇ ਟੁੱਟਣ ਨਾਲ ਵਿਦੇਸੀ ਨਿਵੇਸਕਾਂ ਦੇ ਨਿਵੇਸ ਦੀ ਕੀਮਤ ਵੀ ਡਿੱਗਦੀ ਹੈ। ਇਸੇ ਲਈ ਉਹ ਭੱਜ ਰਹੇ ਹਨ। ਰੁਪਏ ਦੇ ਟੁੱਟਣ ਨਾਲ ਸਰਕਾਰ 'ਤੇ ਰਾਜਨੀਤਕ ਦਬਾਅ ਵੀ ਪੈਂਦਾ ਹੈ ਜਿਸ ਨੂੰ ਘਟਾਉਣ ਲਈ ਰਿਜਰਵ ਬੈਂਕ ਡਾਲਰ ਵੇਚ ਕੇ ਰੁਪਏ ਨੂੰ ਸਹਾਰਾ ਦੇਣ ਦੀ ਕੋਸਿਸ ਕਰ ਸਕਦਾ ਹੈ ਪਰ ਅੰਤਰਰਾਸਟਰੀ ਮੁਦਰਾ ਫੰਡ ਦੀ ਸਾਬਕਾ ਉਪ ਨਿਰਦੇਸਕ ਗੀਤਾ ਗੋਪੀਨਾਥ ਦਾ ਕਹਿਣਾ ਹੈ ਕਿ ਰਿਜਰਵ ਬੈਂਕ ਨੂੰ ਆਪਣਾ ਲਗਪਗ 700 ਅਰਬ ਡਾਲਰ ਦਾ ਵਿਦੇਸੀ ਮੁਦਰਾ ਭੰਡਾਰ ਰੁਪਏ ਨੂੰ ਉਭਾਰਨ ਵਿਚ ਬਰਬਾਦ ਨਹੀਂ ਕਰਨਾ ਚਾਹੀਦਾ ਕਿਉਂਕਿ ਸਸਤਾ ਰੁਪਿਆ ਭਾਰਤ ਦੇ ਨਿਰਯਾਤਕਾਂ ਨੂੰ ਲਾਭ ਪਹੁੰਚਾਏਗਾ। ਉਹ ਵਿਦੇਸੀ ਮੰਡੀਆਂ ਵਿਚ ਸਖਤ ਮੁਕਾਬਲਾ ਕਰ ਕੇ ਵੱਧ ਮਾਲ ਵੇਚ ਸਕਣਗੇ ਜਿਸ ਨਾਲ ਵਿਦੇਸੀ ਮੁਦਰਾ ਦੀ ਆਮਦ ਵਧੇਗੀ।

ਹਾਲਾਂਕਿ ਇਸ ਦਾ ਦੂਜਾ ਅਤੇ ਰਾਜਨੀਤਕ ਤੌਰ 'ਤੇ ਖਤਰਨਾਕ ਪਹਿਲੂ ਇਹ ਹੈ ਕਿ ਰੁਪਿਆ ਸਸਤਾ ਹੋਣ ਨਾਲ ਦਰਾਮਦਾਂ ਮਹਿੰਗੀਆਂ ਹੋਣਗੀਆਂ ਜਿਨ੍ਹਾਂ ਵਿਚ ਤੇਲ ਅਤੇ ਖਾਦ ਮੁੱਖ ਹਨ। ਇਨ੍ਹਾਂ ਨਾਲ ਹਰ ਚੀਜ ਮਹਿੰਗੀ ਹੋਵੇਗੀ ਅਤੇ ਵਿਕਾਸ ਦੀ ਰਫਤਾਰ ਮੱਠੀ ਪੈ ਸਕਦੀ ਹੈ।

ਤੇਲ ਕੰਪਨੀਆਂ ਨੂੰ ਨਿੱਤ ਦਿਨ ਹੋ ਰਹੇ 750 ਕਰੋੜ ਰੁਪਏ ਦੇ ਘਾਟੇ ਨੂੰ ਘਟਾਉਣ ਲਈ ਜੇ ਪੈਟਰੋਲ, ਡੀਜਲ ਅਤੇ ਗੈਸ ਦੇ ਭਾਅ ਵਧਾਏ ਗਏ ਤਾਂ ਉਸ ਤੋਂ ਮਿਲੀ ਰਾਹਤ ਨਾਲ ਰੁਪਏ ਦੀ ਗਿਰਾਵਟ ਬੇਅਸਰ ਹੋ ਜਾਵੇਗੀ। ਇਸ ਲਈ ਨੀਤੀ ਆਯੋਗ ਦੇ ਸਾਬਕਾ ਮੁਖੀ ਅਮਿਤਾਭ ਕਾਂਤ ਦਾ ਕਹਿਣਾ ਹੈ ਕਿ ਇਸ ਸੰਕਟ ਨੂੰ ਮੌਕੇ ਵਿਚ ਬਦਲ ਕੇ ਉਹ ਕੰਮ ਪੂਰੇ ਕਰਨੇ ਚਾਹੀਦੇ ਹਨ, ਜੋ ਸਾਨੂੰ ਜਲਵਾਯੂ ਰੱਖਿਆ ਲਈ ਕਰਨੇ ਚਾਹੀਦੇ ਸਨ।

ਤੇਲ ਅਤੇ ਖਾਦ ਦੀਆਂ ਵਧੀਆਂ ਹੋਈਆਂ ਕੀਮਤਾਂ ਕਾਰਨ ਲੋਕ ਦੋਹਾਂ ਦੀ ਕਿਫਾਇਤ ਕਰਨ ਅਤੇ ਸਵੱਛ ਊਰਜਾ ਅਪਣਾਉਣ ਲਈ ਮਜਬੂਰ ਹੋਣਗੇ। ਇਸ ਨਾਲ ਜਲਵਾਯੂ ਨੂੰ ਬਿਹਤਰ ਬਣਾਉਣ ਦੇ ਨਾਲ-ਨਾਲ ਏਆਈ, ਊਰਜਾ ਅਤੇ ਡਾਟਾ ਸਟੋਰੇਜ ਦੇ ਖੇਤਰਾਂ ਵਿਚ ਨਵੀਆਂ ਖੋਜਾਂ ਦੀ ਪ੍ਰੇਰਨਾ ਮਿਲੇਗੀ। ਅਸਲ ਵਿਚ ਰੁਪਏ ਨੂੰ ਸਥਾਈ ਤੌਰ 'ਤੇ ਤਦ ਹੀ ਉਭਾਰਿਆ ਜਾ ਸਕਦਾ ਹੈ ਜਦ ਨਿਰਯਾਤ ਅਤੇ ਵਿਦੇਸੀ ਨਿਵੇਸ ਵਧਣ। ਇਹ ਦੋਵੇਂ ਕੰਮ ਆਰਥਿਕ ਅਤੇ ਪ੍ਰਸਾਸਕੀ ਸੁਧਾਰਾਂ ਤੋਂ ਬਿਨਾਂ ਨਹੀਂ ਹੋ ਸਕਦੇ।

ਸ਼ਿਵਕਾਂਤ ਸ਼ਰਮਾ

# ਪਰਿਵਾਰ ਪੂਰੇ ਪਰ ਸੋਚ ਅਧੂਰੀ



ਉਸ ਦਿਨ ਮੈਂ ਆਪਣੇ ਇੱਕ ਜਾਣਕਾਰ ਦੇ ਘਰ ਬੱਚਾ ਹੋਣ 'ਤੇ ਵਧਾਈ ਦੇਣ ਗਈ ਸੀ। ਦੋ ਧੀਆਂ ਤੋਂ ਬਾਅਦ ਉਨ੍ਹਾਂ ਦੇ ਘਰ ਪੁੱਤਰ ਦਾ ਜਨਮ ਹੋਇਆ ਸੀ। ਘਰ ਵਿੱਚ ਖੁਸੀ ਦੀ ਲਹਿਰ ਸੀ, ਲਗਾਤਾਰ ਵਧਾਈਆਂ ਮਿਲ ਰਹੀਆਂ ਸਨ, ਮਠਿਆਈ ਦੀ ਮਿਠਾਸ ਸਾਰਿਆਂ ਦੇ ਮੂੰਹਾਂ ਵਿੱਚ ਰਸ ਘੋਲ ਰਹੀ ਸੀ। ਸਭ ਦੇ ਚਿਹਰੇ ਖ਼ੁਸ਼ੀ ਨਾਲ ਚਮਕ ਰਹੇ ਸਨ। ਇਹ ਚਮਕ ਮੇਰੇ ਲਈ ਇੱਕ ਸਵਾਲ ਬਣ ਗਈ, ਜਦੋਂ ਬੱਚਾ ਦੇਖਣ ਆਏ ਇੱਕ ਪਰਿਵਾਰ ਨੇ ਕਿਹਾ, "ਬਹੁਤ ਬਹੁਤ ਵਧਾਈਆਂ, ਤੁਹਾਡਾ ਪਰਿਵਾਰ ਪੂਰਾ ਹੋ ਗਿਆ।"

ਇਹ ਇੱਕ ਸਾਧਾਰਨ ਜਿਹਾ ਵਾਕ ਸੀ, ਪਰ ਇਸ ਦੇ ਅੰਦਰ ਲੁਕਿਆ ਅਰਥ ਬਹੁਤ ਗਹਿਰਾ ਸੀ। ਇਹ ਵਾਕ ਸੁਣ ਕੇ ਮੇਰੀ ਨਜਰ ਤੁਰੰਤ ਉਨ੍ਹਾਂ ਦੋਵਾਂ ਕੁੜੀਆਂ ਵੱਲ ਗਈ, ਜੋ ਕੋਨੇ ਵਿੱਚ ਖੜ੍ਹੀਆਂ ਆਪਣੇ ਭਰਾ ਨੂੰ ਨਿਹਾਰ ਰਹੀਆਂ ਸਨ। ਉਨ੍ਹਾਂ ਦੀ ਖੁਸੀ ਦਾ ਕੋਈ ਟਿਕਾਣਾ ਨਹੀਂ ਸੀ, ਪਰ ਮੇਰੇ ਅੰਦਰ ਲਗਾਤਾਰ ਸਵਾਲ ਉੱਠ ਰਹੇ ਸਨ। ਕੀ ਇਨ੍ਹਾਂ ਨਾਲ ਪਰਿਵਾਰ ਅਧੂਰਾ ਸੀ? ਕੀ ਧੀਆਂ ਦੀ ਵੰਸ਼ ਨੂੰ ਅੱਗੇ ਤੋਰਨ ਵਿੱਚ ਕੋਈ ਅਹਿਮੀਅਤ ਨਹੀਂ? ਸਵਾਲ ਸਿਰਫ ਇਹ ਨਹੀਂ ਕਿ ਪਰਿਵਾਰ ਕਦੋਂ ਪੂਰਾ ਹੁੰਦਾ ਹੈ, ਸਵਾਲ ਇਹ ਹੈ ਕਿ ਸਾਡੀ ਸੋਚ ਕਿਹੋ ਜਿਹੀ ਹੈ? ਅਸੀਂ ਅਕਸਰ ਕਹਿੰਦੇ ਹਾਂ ਕਿ ਸਮਾਂ ਬਦਲ ਗਿਆ ਹੈ, ਪਰ ਕੁਝ ਪਲ ਸਾਨੂੰ ਸਚਾਈ ਨਾਲ ਰੂ-ਬ-ਰੂ ਕਰਵਾ ਦਿੰਦੇ ਹਨ। ਉਹ ਵਾਕ ਸਿਰਫ ਇੱਕ ਵਧਾਈ ਨਹੀਂ ਸੀ, ਸਗੋਂ ਸਾਡੇ ਸਮਾਜ ਵਿੱਚ ਅਜੇ ਵੀ ਜਿਊਂਦੀ ਉਸ ਸੋਚ ਦਾ ਪ੍ਰਤੀਕ ਸੀ, ਜਿੱਥੇ ਪੁੱਤਰ ਨੂੰ ਵਾਰਿਸ, ਘਰ ਦਾ ਚਿਰਾਗ ਅਤੇ ਪਰਿਵਾਰ ਦੀ ਸੰਪੂਰਨਤਾ ਨਾਲ ਜੋੜਿਆ ਜਾਂਦਾ ਹੈ, ਜਦੋਂਕਿ ਧੀਆਂ ਨੂੰ ਅਕਸਰ ਇਸ ਗਿਣਤੀ ਵਿੱਚ ਸਾਮਿਲ ਹੀ ਨਹੀਂ ਕੀਤਾ ਜਾਂਦਾ। ਸੱਚ ਇਹ ਹੈ ਕਿ ਅਸੀਂ ਅਜੇ ਵੀ ਅੰਦਰੋਂ ਨਹੀਂ ਬਦਲੇ। ਸਿੱਖਿਆ, ਨੌਕਰੀਆਂ, ਸਹਿਰੀ ਜਿੰਦਗੀ ਇਹ ਸਾਰੇ ਬਦਲਾਅ ਸਿਰਫ ਉੱਪਰਲੇ ਪੱਧਰ ਤੱਕ ਹੀ ਸੀਮਿਤ ਹਨ। ਸੋਚ ਵਿੱਚ ਬਦਲਾਅ ਲਿਆਉਣਾ ਅਜੇ ਬਾਕੀ ਹੈ। ਅਸੀਂ ਬੇਸੱਕ ਧੀਆਂ ਨੂੰ ਪੜ੍ਹਾ ਰਹੇ ਹਾਂ, ਉਨ੍ਹਾਂ ਨੂੰ ਅੱਗੇ ਵਧਣ ਦੇ ਮੌਕੇ ਦੇ ਰਹੇ ਹਾਂ, ਪਰ ਕਿਤੇ ਨਾ ਕਿਤੇ ਅਸੀਂ ਅਜੇ ਵੀ ਪੁੱਤਰ ਦੀ ਚਾਹ ਰੱਖਦੇ ਹਾਂ। ਇਹ ਸੋਚ ਸਿਰਫ ਗੱਲਬਾਤ ਤੱਕ ਸੀਮਿਤ ਨਹੀਂ, ਸਗੋਂ ਬੱਚਿਆਂ ਦੇ ਮਨ 'ਤੇ ਵੀ ਡੂੰਘਾ ਅਸਰ ਕਰਦੀ ਹੈ। ਉਹ ਛੋਟੀਆਂ ਕੁੜੀਆਂ, ਜਿਨ੍ਹਾਂ ਨੂੰ ਸਾਇਦ ਉਸ ਵਾਕ ਦਾ ਅਰਥ ਪੂਰੀ ਤਰ੍ਹਾਂ ਸਮਝ ਵੀ ਨਾ ਆਇਆ ਹੋਵੇ, ਪਰ ਸਮੇਂ ਦੇ ਨਾਲ ਉਨ੍ਹਾਂ ਨੂੰ ਇਹ ਅਹਿਸਾਸ ਹੋਵੇਗਾ ਕਿ ਉਨ੍ਹਾਂ ਦੀ ਹੋਂਦ ਮਾਪਿਆਂ ਲਈ ਪੂਰੀ ਨਹੀਂ ਸੀ। ਇਹ ਅਹਿਸਾਸ ਨਿਸਚੇ ਹੀ ਉਨ੍ਹਾਂ ਦੇ ਆਤਮ-ਵਿਸਵਾਸ ਨੂੰ ਢਾਹ ਲਾਵੇਗਾ। ਸਮਾਜ ਵਿੱਚ ਇਹ ਭੇਦ-ਭਾਵ ਸਦੀਆਂ ਪੁਰਾਣਾ ਹੈ, ਪਰ ਅੱਜ ਦੇ ਸਮੇਂ ਵਿੱਚ ਇਸ ਦੀ ਕੋਈ ਜਗ੍ਹਾ ਨਹੀਂ ਹੋਣੀ ਚਾਹੀਦੀ। ਅਜੋਕੇ ਸਮੇਂ ਧੀਆਂ ਹਰ ਖੇਤਰ ਵਿੱਚ ਅੱਗੇ ਵਧ ਰਹੀਆਂ ਹਨ। ਹਰ ਜਗ੍ਹਾ ਉਹ ਨਾਮ ਕਮਾ ਰਹੀਆਂ ਹਨ। ਫਿਰ ਵੀ ਜੇ ਅਸੀਂ ਉਨ੍ਹਾਂ ਦੀ ਕਦਰ ਨਹੀਂ ਕਰਦੇ ਤਾਂ ਇਹ ਸਾਡੀ ਸੋਚ ਦਾ ਊਣਾਪਣ ਹੈ। ਅਸੀਂ ਕਿੰਨੇ ਵੀ ਅਗਾਂਹਵਧੂ ਹੋਈਏ, ਜੇਕਰ ਅਸੀਂ ਅਜੇ ਵੀ ਇਹ ਮੰਨਦੇ ਹਾਂ ਕਿ ਪੁੱਤਰ ਨਾਲ ਹੀ ਪਰਿਵਾਰ ਪੂਰਾ ਹੁੰਦਾ ਹੈ ਤਾਂ ਅਸੀਂ ਅਸਲ ਵਿੱਚ ਅਜੇ ਵੀ ਪਿੱਛੇ ਹੀ ਖੜ੍ਹੇ ਹਾਂ।

ਅਸੀਂ ਕਦੋਂ ਇਹ ਮੰਨਾਂਗੇ ਕਿ ਹਰ ਬੱਚਾ ਇੱਕ ਵਰਦਾਨ ਹੈ ਚਾਹੇ ਉਹ ਮੁੰਡਾ ਹੋਵੇ ਜਾਂ ਕੁੜੀ? ਪਰਿਵਾਰ ਦੀ ਸੰਪੂਰਨਤਾ ਕਿਸੇ ਇੱਕ ਲਿੰਗ ਨਾਲ ਨਹੀਂ ਹੁੰਦੀ। ਇਹ ਪਿਆਰ ਨਾਲ ਹੁੰਦੀ ਹੈ, ਸਨਮਾਨ ਨਾਲ ਹੁੰਦੀ ਹੈ, ਉਨ੍ਹਾਂ ਰਿਸਤਿਆਂ ਨਾਲ ਹੁੰਦੀ ਹੈ ਜੋ ਇੱਕ-ਦੂਜੇ ਨੂੰ ਸਮਝਦੇ ਹਨ। ਜਿੱਥੇ ਹਰ ਮੈਂਬਰ ਦੀ ਬਰਾਬਰ ਕਦਰ ਹੈ, ਉੱਥੇ ਹੀ ਅਸਲੀ ਸੰਪੂਰਨਤਾ ਹੁੰਦੀ ਹੈ। ਧੀਆਂ ਵੀ ਮਾਪਿਆਂ ਦਾ ਸਹਾਰਾ ਬਣਦੀਆਂ ਹਨ, ਉਹ ਵੀ ਘਰ ਨੂੰ ਰੌਣਕਾਂ ਨਾਲ ਭਰਦੀਆਂ ਹਨ। ਫਿਰ ਅਸੀਂ ਕਿਉਂ ਉਨ੍ਹਾਂ ਨੂੰ 'ਸੰਪੂਰਨਤਾ' ਦੇ ਪੈਮਾਨੇ ਤੋਂ ਬਾਹਰ ਰੱਖ ਦਿੰਦੇ ਹਾਂ? ਉਨ੍ਹਾਂ ਦੇ ਘਰ ਬੈਠਿਆਂ ਹੀ ਮੇਰੇ ਜ਼ਿਹਨ ਵਿੱਚ ਇਸ ਨਾਲ ਮਿਲਦੀ ਇੱਕ ਹੋਰ ਘਟਨਾ ਉੱਭਰ ਆਈ। ਮੇਰੇ ਇੱਕ ਹੋਰ ਜਾਣ-ਪਛਾਣ ਵਾਲੇ ਪਰਿਵਾਰ ਵਿੱਚ ਵੀ ਦੋ ਧੀਆਂ ਪੈਦਾ ਹੋਈਆਂ। ਦੋਵੇਂ ਮਾਪਿਆਂ ਦੀਆਂ ਅੱਖਾਂ ਦਾ ਤਾਰਾ, ਪਰ ਸਮਾਜ ਦੀਆਂ ਗੱਲਾਂ ਨੇ ਹੌਲੀ-ਹੌਲੀ ਉਨ੍ਹਾਂ ਦੇ ਘਰ ਵਿੱਚ ਇੱਕ ਖ਼ਾਮੋਸ ਦਬਾਅ ਪੈਦਾ ਕਰ ਦਿੱਤਾ, 'ਇੱਕ ਮੁੰਡਾ ਤਾਂ ਹੋਣਾ ਹੀ ਚਾਹੀਦਾ ਹੈ।' ਲੋਕਾਂ ਦੀਆਂ ਗੱਲਾਂ, ਰਿਸਤੇਦਾਰਾਂ ਦੇ ਮਿਹਣੇ ਅਤੇ 'ਵਾਰਿਸ' ਦੀ ਗੱਲ ਨੇ ਉਨ੍ਹਾਂ ਦੇ ਮਨ ਵਿੱਚ ਖਾਲੀਪਣ ਪੈਦਾ ਕਰ ਦਿੱਤਾ। ਆਖਰ ਉਨ੍ਹਾਂ ਨੇ ਤੀਜੇ ਬੱਚੇ ਨੂੰ ਜਨਮ ਦੇਣ ਦਾ ਫੈਸਲਾ ਕੀਤਾ, ਸਿਰਫ ਇਸ ਆਸ ਨਾਲ ਕਿ ਇਸ ਵਾਰ ਮੁੰਡਾ ਹੋਵੇਗਾ। ਸਮਾਂ ਬੀਤਿਆ... ਅਤੇ ਘਰ ਵਿੱਚ ਤੀਜੀ ਵਾਰ ਵੀ ਧੀ ਦਾ ਜਨਮ ਹੋਇਆ। ਉਸ ਦਿਨ ਨਾ ਤਾਂ ਉਨ੍ਹਾਂ ਦੇ ਘਰ ਕੋਈ ਰੌਣਕ ਸੀ, ਤੇ ਨਾ ਹੀ ਕੋਈ ਵਧਾਈ ਦੇਣ ਵਾਲਾ ਸੀ। ਘਰ ਵਿੱਚ ਇੱਕ ਅਜੀਬ ਜਿਹੀ ਖ਼ਾਮੋਸੀ ਸੀ। ਮੈਂ ਸੋਚਿਆ ਕੀ ਉਸ ਦਾ ਜਨਮ ਇਸ ਲਈ ਭਾਰ ਬਣ ਗਿਆ ਕਿ ਉਹ ਮੁੰਡਾ ਨਹੀਂ ਹੈ? ਇਹ ਦੋਵੇਂ ਕਹਾਣੀਆਂ ਇੱਕੋ ਸਮਾਜ ਦੀਆਂ ਹਨ, ਇੱਕੋ ਸੋਚ ਦਾ ਪਰਛਾਵਾਂ ਹਨ। ਸਵਾਲ ਇਹ ਨਹੀਂ ਕਿ ਮੁੰਡਾ ਜੰਮਿਆ ਜਾਂ ਕੁੜੀ। ਸਵਾਲ ਇਹ ਹੈ ਕਿ ਅਸੀਂ ਖ਼ੁਸੀ ਨੂੰ ਕਿਸ ਪੈਮਾਨੇ ਨਾਲ ਤੋਲਦੇ ਹਾਂ। ਪਰਿਵਾਰ ਕਦੇ ਵੀ ਮੁੰਡੇ ਜਾਂ ਕੁੜੀ ਨਾਲ ਪੂਰਾ ਨਹੀਂ ਹੁੰਦਾ। ਪਰਿਵਾਰ ਤਦ ਪੂਰਾ ਹੁੰਦਾ ਹੈ ਜਦੋਂ ਹਰ ਬੱਚੇ ਨੂੰ ਕਬੂਲਿਆ ਜਾਂਦਾ ਹੈ। ਪਰਿਵਾਰ ਉਦੋਂ ਹੀ ਪੂਰਾ ਹੋ ਜਾਂਦਾ ਹੈ, ਜਦੋਂ ਕਿਸੇ ਘਰ ਵਿੱਚ ਬੱਚੇ ਦੀਆਂ ਕਿਲਕਾਰੀਆਂ ਗੂੰਜਦੀਆਂ ਹਨ। ਫਿਰ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਇਹ ਕਿਲਕਾਰੀਆਂ ਧੀ ਦੀਆਂ ਹਨ ਜਾਂ ਪੁੱਤਰ ਦੀਆਂ। ਪਰਿਵਾਰ ਅਧੂਰੇ ਨਹੀਂ ... ਅਧੂਰੀ ਤਾਂ ਸਾਡੀ ਸੋਚ ਹੈ।

ਬਲਵਿੰਦਰ ਕੌਰ

# ਪੰਜਾਬ ਦੀ ਸਿਆਸਤ ਟਕਰਾਅ ਦੇ ਰਾਹ 'ਤੇ

ਵਿਧਾਨ ਸਭਾ ਚੋਣਾਂ ਨੇੜੇ ਆਉਂਦਿਆਂ ਹੀ 'ਗੁਰਾਂ ਦੇ ਨਾਂ 'ਤੇ ਵੱਸਦੇ' ਪੰਜਾਬ ਦੀ ਸਿਆਸਤ ਟਕਰਾਅ ਦੇ ਰਾਹ ਪੈ ਗਈ ਹੈ। ਇਹ ਟਕਰਾਅ ਦੋ-ਪੱਧਰੀ ਹੈ: ਇੱਕ ਪਾਸੇ ਸੂਬਾਈ ਸਿਆਸਤ ਦਾ ਭਾਰਤੀ ਜਨਤਾ ਪਾਰਟੀ (ਭਾਜਪਾ) ਨਾਲ ਅਤੇ ਦੂਜੇ ਪਾਸੇ ਸਿੱਖ ਕੌਮ ਦੀ ਸਰਵਉੱਚ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਨਾਲ ਟਕਰਾਅ ਵਾਲੀ ਸਥਿਤੀ ਬਣੀ ਹੋਈ ਹੈ। ਇਹ ਸੰਸਥਾ ਸਿੱਖ ਪ੍ਰਭੂਸੱਤਾ ਦੀ ਆਲਮੀ ਪਛਾਣ ਹੈ। ਦਿਲਚਸਪ ਪਹਿਲੂ ਇਹ ਹੈ ਕਿ ਇਸ ਖਿੱਚੋਤਾਣ ਦਾ ਸਿਆਸੀ ਲਾਹਾ ਆਮ ਆਦਮੀ ਪਾਰਟੀ (ਆਪ) ਅਤੇ ਸੂਬੇ ਵਿੱਚ ਚੌਥੇ ਨੰਬਰ ਦੀ ਧਿਰ ਮੰਨੀ ਜਾਂਦੀ ਭਾਜਪਾ, ਦੋਵਾਂ ਨੂੰ ਮਿਲਣ ਦੀ ਸੰਭਾਵਨਾ ਹੈ। ਭਾਜਪਾ ਨਾਲ 'ਆਪ' ਦਾ ਟਕਰਾਅ ਬਹੁ-ਪਰਤੀ ਹੈ। ਦਿੱਲੀ ਵਿੱਚ 'ਆਪ' ਅਤੇ ਭਾਜਪਾ ਦੀ ਸਿਆਸੀ ਜੰਗ ਪੁਰਾਣੀ ਹੈ, ਪਰ ਪੰਜਾਬ ਵਿੱਚ ਇਹ ਲੜਾਈ ਉਦੋਂ ਹੋਰ ਤਿੱਖੀ ਹੋ ਗਈ ਜਦੋਂ 'ਆਪ' ਦੇ ਸੱਤ ਰਾਜ ਸਭਾ ਮੈਂਬਰ ਭਾਜਪਾ ਵਿੱਚ ਸਾਮਲ ਹੋ ਗਏ। ਇਨ੍ਹਾਂ ਵਿੱਚੋਂ ਛੇ ਮੈਂਬਰ ਪੰਜਾਬ ਨਾਲ ਸਬੰਧਿਤ ਹਨ, ਜੋ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਲਈ ਇੱਕ ਵੱਡਾ ਸਿਆਸੀ ਝਟਕਾ ਹੈ।

ਇਸੇ ਦੌਰਾਨ ਸੂਬੇ ਵਿੱਚ ਵਾਪਰੀ ਇੱਕ ਘਟਨਾ ਨੇ ਮਾਹੌਲ ਨੂੰ ਹੋਰ ਗੰਭੀਰ ਬਣਾ ਦਿੱਤਾ। ਛੇ ਮਈ ਦੀ ਰਾਤ ਨੂੰ ਤਿੰਨ ਘੰਟੇ ਦੇ ਵਕਫੇ ਵਿੱਚ ਦੋ ਬੰਬ ਧਮਾਕੇ ਹੋਏ, ਪਹਿਲਾ ਜਲੰਧਰ ਵਿਖੇ ਬੀ ਐੱਸ ਐੱਫ ਕੈਂਪ ਦੇ ਗੇਟ 'ਤੇ ਅਤੇ ਦੂਜਾ ਅੰਮ੍ਰਿਤਸਰ ਜਿਲ੍ਹੇ ਦੇ ਖਾਸਾ ਵਿਖੇ ਫੌਜੀ ਕੈਂਪ ਦੇ ਨੇੜੇ। ਖਾਸਾ, ਅਟਾਰੀ-ਵਾਹਗਾ ਸਰਹੱਦ ਦੇ ਬਿਲਕੁਲ ਨੇੜੇ ਹੈ। ਖੁਸਕਿਸਮਤੀ ਰਹੀ ਕਿ ਇਨ੍ਹਾਂ ਧਮਾਕਿਆਂ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਇਨ੍ਹਾਂ ਧਮਾਕਿਆਂ ਬਾਰੇ ਮੁੱਖ ਮੰਤਰੀ ਦਾ ਬਿਆਨ ਵੀ ਕਿਸੇ 'ਧਮਾਕੇ' ਤੋਂ ਘੱਟ ਨਹੀਂ ਸੀ, ਜਿਸ ਦੀ ਗੂੰਜ ਨੂੰ ਸਾਇਦ ਦਬਾਉਣ ਦੀ ਕੋਸਿਸ ਵੀ ਕੀਤੀ ਗਈ। ਪੰਜਾਬ ਲਈ ਅਜਿਹੇ ਧਮਾਕੇ ਕੋਈ ਨਵੀਂ ਗੱਲ ਨਹੀਂ ਕਿਉਂਕਿ 1980ਵਿਆਂ ਤੋਂ ਹੀ ਸੂਬਾ ਅਜਿਹੇ ਦੌਰ ਵਿੱਚੋਂ ਲੰਘਦਾ ਰਿਹਾ ਹੈ। ਉਂਜ, ਪਿਛਲੇ ਕੁਝ ਸਮੇਂ ਤੋਂ ਹੋ ਰਹੇ ਧਮਾਕਿਆਂ ਦਾ ਸੁਭਾਅ ਕੁਝ ਵੱਖਰਾ ਜਾਪਦਾ ਹੈ ਕਿਉਂਕਿ ਇਨ੍ਹਾਂ ਵਿੱਚ ਜਾਨੀ ਨੁਕਸਾਨ ਕਰਨ ਦੀ ਬਜਾਏ ਸਾਇਦ 'ਸੰਕੇਤ' ਦੇਣ ਦੀ ਕੋਸਿਸ ਵਧੇਰੇ ਨਜਰ ਆ ਰਹੀ ਹੈ।

ਪੰਜਾਬ ਦੀ ਸਿਆਸਤ ਵਿੱਚ ਅਜਿਹਾ ਸਾਇਦ ਪਹਿਲੀ ਵਾਰ ਹੋਇਆ ਹੈ ਕਿ ਸੂਬੇ ਵਿੱਚ ਹੋਏ ਧਮਾਕਿਆਂ ਲਈ ਸਿੱਧੇ ਤੌਰ 'ਤੇ ਕੇਂਦਰ ਦੀ ਸੱਤਾਧਾਰੀ ਧਿਰ ਭਾਜਪਾ ਨੂੰ ਜਿੰਮੇਵਾਰ ਠਹਿਰਾਇਆ ਗਿਆ ਹੋਵੇ ਅਤੇ ਉਹ ਵੀ ਸੂਬੇ ਦੇ ਮੁੱਖ ਮੰਤਰੀ ਨੇ। ਕੇਂਦਰ ਦੀ ਸੱਤਾਧਾਰੀ ਪਾਰਟੀ 'ਤੇ ਅਜਿਹਾ ਗੰਭੀਰ ਇਲਜਾਮ ਲਗਾਉਣਾ ਬੇਹੱਦ ਅਸਾਧਾਰਨ ਹੈ। ਫਿਰ ਵੀ ਮੀਡੀਆ ਨੇ ਇਸ ਬਿਆਨ ਨੂੰ ਬਣਦੀ ਤਵੱਜੋ ਨਹੀਂ ਦਿੱਤੀ। ਮੁੱਖ ਮੰਤਰੀ ਲਗਾਤਾਰ ਇਹ ਦਾਅਵਾ ਕਰ ਰਹੇ ਹਨ ਕਿ ਚੋਣਾਂ ਤੋਂ ਪਹਿਲਾਂ ਭਾਜਪਾ ਅਜਿਹੇ ਹੱਥਕੰਡਿਆਂ ਰਾਹੀਂ ਨਾ ਸਿਰਫ ਬਦਅਮਨੀ ਫੈਲਾਉਣਾ ਚਾਹੁੰਦੀ ਹੈ ਸਗੋਂ ਲੋਕਾਂ ਵਿੱਚ ਫਿਰਕਾਪ੍ਰਸਤੀ ਦੀ ਅੱਗ ਲਾਉਣ ਦੀ ਕੋਸਿਸ ਵਿੱਚ ਹੈ, ਜਿਸ ਨੂੰ 'ਆਪ' ਸਫਲ ਨਹੀਂ ਹੋਣ ਦੇਵੇਗੀ। ਇਸ ਸਬੰਧੀ ਪੱਛਮੀ ਬੰਗਾਲ ਦੀ ਮਿਸਾਲ ਵੀ ਦਿੱਤੀ ਜਾ ਰਹੀ ਹੈ, ਪਰ ਮੀਡੀਆ ਵਿੱਚ ਮੁੱਖ ਮੰਤਰੀ ਦੇ ਬਿਆਨ ਨਾਲੋਂ ਪੁਲੀਸ ਮੁਖੀ ਗੌਰਵ ਯਾਦਵ ਦੇ ਬਿਆਨ ਨੂੰ ਵਧੇਰੇ ਸਥਾਨ ਮਿਲਿਆ, ਜਿਸ ਵਿੱਚ ਉਨ੍ਹਾਂ ਨੇ ਇਨ੍ਹਾਂ ਧਮਾਕਿਆਂ ਪਿੱਛੇ ਪਾਕਿਸਤਾਨੀ ਖੁਫੀਆ ਏਜੰਸੀ ਆਈ ਐੱਸ ਆਈ ਦਾ ਹੱਥ ਦੱਸਿਆ। ਉਂਜ, ਪੰਜਾਬ ਪੁਲੀਸ ਪਿਛਲੇ ਕਈ ਦਹਾਕਿਆਂ ਤੋਂ ਅਜਿਹੀਆਂ ਘਟਨਾਵਾਂ ਬਾਰੇ ਇਹੀ 'ਮੁਹਾਰਨੀ' ਦੁਹਰਾਉਂਦੀ ਆ ਰਹੀ ਹੈ।



ਹੈਰਾਨੀਜਨਕ ਪੱਖ ਇਹ ਹੈ ਕਿ ਡੀ ਜੀ ਪੀ ਯਾਦਵ ਦਾ ਬਿਆਨ ਮੁੱਖ ਮੰਤਰੀ ਦੇ ਦਾਅਵੇ ਨੂੰ ਇੱਕ ਤਰ੍ਹਾਂ ਨਾਲ ਰੱਦ ਕਰਦਾ ਪ੍ਰਤੀਤ ਹੁੰਦਾ ਹੈ। ਸ੍ਰੀ ਗੌਰਵ ਯਾਦਵ ਪਿਛਲੇ ਲਗਪਗ ਚਾਰ ਸਾਲਾਂ ਤੋਂ ਕਾਰਜਕਾਰੀ ਪੁਲੀਸ ਮੁਖੀ ਵਜੋਂ ਸੇਵਾਵਾਂ ਨਿਭਾਅ ਰਹੇ ਹਨ ਅਤੇ ਉਨ੍ਹਾਂ ਨੂੰ ਮੁੱਖ ਮੰਤਰੀ ਦਾ ਭਰੋਸੇਮੰਦ ਅਧਿਕਾਰੀ ਮੰਨਿਆ ਜਾਂਦਾ ਹੈ। ਸ੍ਰੀ ਮਾਨ ਆਪਣੇ ਬਿਰਤਾਂਤ ਨੂੰ ਰੋਜਾਨਾ ਦੁਹਰਾ ਰਹੇ ਹਨ, ਪਰ ਭਾਜਪਾ ਨੇ ਇਸ ਮੁੱਦੇ 'ਤੇ ਪ੍ਰਤੀਕਿਰਿਆ ਦੇਣੀ ਬੰਦ ਕਰ ਦਿੱਤੀ ਹੈ। ਪੰਜਾਬ ਵਿੱਚ ਕੇਂਦਰ ਵਿਰੁੱਧ ਇਹ ਬਿਰਤਾਂਤ ਦਿਨੋ-ਦਿਨ ਤਿੱਖਾ ਹੋ ਰਿਹਾ ਹੈ। ਸਚਾਈ ਇਹ ਵੀ ਹੈ ਕਿ ਪੰਜਾਬ ਦਾ ਸੁਰੱਖਿਆ ਤੰਤਰ ਮੁਲਕ ਦੀ ਸੁਰੱਖਿਆ ਦੇ ਮਾਮਲੇ ਵਿੱਚ ਕੇਂਦਰ ਦੇ ਉਲਟ ਨਹੀਂ ਜਾ ਸਕਦਾ। ਪੰਜਾਬ ਇੱਕ ਸੰਵੇਦਨਸੀਲ ਸਰਹੱਦੀ ਸੂਬਾ ਹੈ ਅਤੇ ਇੱਥੋਂ ਦੀ ਆਬੋ-ਹਵਾ ਹਮੇਸਾ ਨਾਬਰੀ ਦੀ ਸਿਆਸਤ ਲਈ ਜਰਖੇਜ ਰਹੀ ਹੈ। 1980ਵਿਆਂ ਤੋਂ ਸੁਰੂ ਹੋ ਕੇ ਲਗਪਗ ਡੇਢ ਦਹਾਕਾ ਇਹ ਧਰਤੀ ਲਹੂ ਨਾਲ ਭਿੱਜੀ ਰਹੀ ਹੈ। ਅਜਿਹੇ ਨਾਜ਼ੁਕ ਮੋੜ 'ਤੇ ਪੰਜਾਬ ਹੁਣ ਕਿਸੇ ਹੋਰ ਨੁਕਸਾਨ ਦਾ ਬੋਝ ਝੱਲਣ ਦੇ ਸਮਰੱਥ ਨਹੀਂ ਹੈ।

ਗੱਲ ਟਕਰਾਅ ਦੀ ਸਿਆਸਤ ਦੀ ਹੋ ਰਹੀ ਹੈ। ਜਦੋਂ ਕੇਂਦਰੀ ਏਜੰਸੀ ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ 9 ਮਈ ਦੀ ਸਵੇਰ ਕੈਬਨਿਟ ਮੰਤਰੀ ਅਤੇ 'ਆਪ' ਦੇ ਆਗੂ ਸੰਜੀਵ ਅਰੋੜਾ (ਸਨਅਤ ਮੰਤਰੀ) ਨੂੰ ਗ੍ਰਿਫਤਾਰ ਕਰ ਲਿਆ ਤਾਂ ਇਹ ਖਿੱਚੋਤਾਣ ਤਿਖੇਰੀ ਹੋ ਗਈ। ਵੱਡੇ ਸਨਅਤਕਾਰ ਸ੍ਰੀ ਅਰੋੜਾ 'ਤੇ ਕਾਰੋਬਾਰੀ ਹੇਰਾਫੇਰੀਆਂ ਦੇ ਦੋਸ ਹਨ। ਕੇਂਦਰ ਅਤੇ ਸੂਬਾ ਸਰਕਾਰਾਂ ਵੱਲੋਂ ਏਜੰਸੀਆਂ ਦੀ ਵਰਤੋਂ ਕੋਈ ਨਵੀਂ ਗੱਲ ਨਹੀਂ, ਪਰ ਭਾਜਪਾ ਸਰਕਾਰ ਨੇ ਤਾਂ ਇਸ ਨੂੰ ਸਿਆਸੀ ਹਥਿਆਰ ਬਣਾ ਲਿਆ ਜਾਪਦਾ ਹੈ। ਇਸ ਦੇ ਵਿਰੋਧ ਵਿੱਚ 10 ਮਈ ਨੂੰ 'ਆਪ' ਵਰਕਰਾਂ ਨੇ ਭਾਜਪਾ ਦਫਤਰਾਂ ਨੂੰ ਘੇਰਿਆ। ਇਸ ਵੇਲੇ ਸੂਬੇ ਵਿੱਚ ਸਭ ਤੋਂ ਤਿੱਖੀ ਬਿਆਨਬਾਜੀ 'ਆਪ' ਅਤੇ ਭਾਜਪਾ ਦਰਮਿਆਨ ਚੱਲ ਰਹੀ ਹੈ। ਉਂਜ, ਇਨ੍ਹਾਂ ਮਾਮਲਿਆਂ ਵਿੱਚ ਸ੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਵੀ ਪਿੱਛੇ ਨਹੀਂ ਹਨ।

ਇਸ ਸਾਰੇ ਵਰਤਾਰੇ ਵਿੱਚ ਅਕਾਲੀ ਧਿਰਾਂ ਅਤੇ ਕਾਂਗਰਸ ਕਿਧਰੇ ਗੁਆਚੇ ਹੋਏ ਪ੍ਰਤੀਤ ਹੁੰਦੇ ਹਨ। ਭਾਜਪਾ ਇਹ ਲੜਾਈ ਚੌਥੇ ਸਥਾਨ ਤੋਂ ਲੜ ਰਹੀ ਹੈ ਅਤੇ ਇਸ ਟਕਰਾਅ ਵਿੱਚ ਦੋਵਾਂ ਧਿਰਾਂ ('ਆਪ' ਤੇ ਭਾਜਪਾ) ਦਾ ਸਿਆਸੀ ਫਾਇਦਾ ਨਜਰ ਆ ਰਿਹਾ ਹੈ। ਜਾਪਦਾ ਹੈ ਕਿ ਭਾਜਪਾ ਦਾ ਨਿਸਾਨਾ ਮਹਿਜ 2027 ਦੀਆਂ ਚੋਣਾਂ ਨਹੀਂ, ਸਗੋਂ ਇਸ ਦੀ ਰਣਨੀਤੀ ਦੂਰਗਾਮੀ ਹੈ। ਪੰਜਾਬ ਦੀ ਸਿੱਖ ਸਿਆਸਤ ਹੁਣ ਸਿਰਫ ਖੇਤਰੀ ਨਹੀਂ ਰਹੀ, ਇਸ ਦਾ ਸਰੂਪ ਆਲਮੀ ਹੋ ਚੁੱਕਾ ਹੈ। ਯਾਦ ਰਹੇ ਕਿ ਸਾਂਤੀ ਦਾ ਅਰਥ ਸਿਰਫ ਹਿੰਸਾ ਦਾ ਖਤਮ ਹੋਣਾ ਨਹੀਂ ਹੁੰਦਾ। ਮਾਨ ਸਰਕਾਰ ਇਸ ਵੇਲੇ ਸਿੱਖ ਭਾਵਨਾਵਾਂ ਨੂੰ ਸਾਂਤ ਕਰਨ ਦੇ ਚੱਕਰ ਵਿੱਚ ਇੱਕ ਹੋਰ ਵੱਡੇ ਟਕਰਾਅ ਦਾ ਸਾਹਮਣਾ ਕਰ ਰਹੀ ਹੈ। ਸਥਿਤੀ ਕਾਫੀ ਪੇਚੀਦਾ ਹੈ ਕਿਉਂਕਿ ਸਰਕਾਰ ਦੇ ਇੱਕ ਫੈਸਲੇ ਨੇ ਸਿੱਖਾਂ ਦੇ ਇੱਕ ਹਿੱਸੇ ਨੂੰ ਸੰਤੁਸਟ ਜਦੋਂਕਿ ਦੂਜੇ ਹਿੱਸੇ ਵਿੱਚ ਰੋਸ ਪੈਦਾ ਕੀਤਾ ਹੈ। ਸਰਕਾਰ ਲਈ ਇਹ 'ਅੱਗੇ ਖੂਹ, ਪਿੱਛੇ ਖਾਤਾ' ਵਾਲੀ ਸਥਿਤੀ ਹੈ। ਦਰਅਸਲ, ਇਹ ਮਸਲਾ ਸਿੱਖਾਂ ਦੀਆਂ ਇਨ੍ਹਾਂ ਦੋਵਾਂ ਧਿਰਾਂ ਨੂੰ ਆਪਸ ਵਿੱਚ ਬੈਠ ਕੇ ਸੁਲਝਾਉਣਾ ਚਾਹੀਦਾ ਹੈ। ਇਹ ਗੰਭੀਰ ਮਸਲਾ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਿਰੁੱਧ ਸਖਤ ਕਾਨੂੰਨ ਬਣਾਉਣ ਦਾ।

2015 ਦੇ ਬਰਗਾੜੀ ਕਾਂਡ ਤੋਂ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਨੇ ਪੰਜਾਬ ਦੀ ਸਿਆਸਤ ਨੂੰ ਲਗਾਤਾਰ ਹਿਲਾ ਕੇ ਰੱਖਿਆ ਹੋਇਆ ਹੈ। ਅਕਸਰ ਕਿਹਾ ਜਾਂਦਾ ਹੈ ਕਿ ਸਿਆਸੀ ਪਾਰਟੀਆਂ ਵੱਲੋਂ ਕਰਵਾਏ ਜਾਂਦੇ ਸਰਵੇਖਣਾਂ ਵਿੱਚ ਬਰਗਾੜੀ ਦਾ ਮੁੱਦਾ ਓਨੀ ਪ੍ਰਮੁੱਖਤਾ ਨਾਲ ਉੱਭਰ ਕੇ ਨਹੀਂ ਆਉਂਦਾ, ਪਰ ਅਸਲ ਵਿੱਚ ਸਿਆਸਤ ਲਗਾਤਾਰ ਇਸੇ ਦੁਆਲੇ ਘੁੰਮ ਰਹੀ ਹੈ। ਪੰਜਾਬ ਦੀ ਰਾਜਨੀਤੀ ਦੀ ਬਾਤ ਪਾਉਂਦਿਆਂ ਇਹ ਤੱਥ ਵਿਸਾਰਨਾ ਨਹੀਂ ਚਾਹੀਦਾ ਕਿ ਇਹ ਸਿੱਖ ਬਹੁਗਿਣਤੀ ਵਾਲਾ ਖਿੱਤਾ ਹੈ ਅਤੇ ਸਿੱਖ ਸਿਆਸਤ ਦੀ ਅੰਦਰੂਨੀ ਸੁਰ ਹੀ ਇਸ ਦੀ ਮੁੱਖ ਸਿਆਸੀ ਧਾਰਾ ਨੂੰ ਨਿਰਧਾਰਿਤ ਕਰਦੀ ਹੈ। ਇਹ ਖਾਸਾ ਕਿਸੇ ਸਰਵੇਖਣ ਦੀ ਪਕੜ ਵਿੱਚ ਨਹੀਂ ਆਉਂਦਾ। ਇਸ ਸੰਵੇਦਨਸੀਲ ਮੁੱਦੇ ਨੂੰ ਅੱਖੋਂ-ਪਰੋਖੇ ਕਰਨ ਦਾ ਖਾਮਿਆਜਾ ਸ੍ਰੋਮਣੀ ਅਕਾਲੀ ਦਲ ਲਗਾਤਾਰ ਭੁਗਤਦਾ ਆ ਰਿਹਾ ਹੈ।

ਇਸੇ ਸਿਲਸਿਲੇ ਵਿੱਚ ਮਾਨ ਸਰਕਾਰ ਨੇ 13 ਅਪਰੈਲ ਨੂੰ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ (ਸੋਧ) ਬਿੱਲ 2026' ਸਰਬਸੰਮਤੀ ਨਾਲ ਪਾਸ ਕਰਵਾ ਲਿਆ ਅਤੇ ਰਾਜਪਾਲ ਦੇ ਦਸਤਖਤ ਹੋਣ ਮਗਰੋਂ ਇਹ ਕਾਨੂੰਨ ਲਾਗੂ ਹੋ ਗਿਆ। ਇਸ ਦੌਰਾਨ ਸਮਾਣਾ ਸਹਿਰ ਵਿੱਚ ਬੇਅਦਬੀ ਵਿਰੁੱਧ ਸਖਤ ਕਾਨੂੰਨ ਦੀ ਮੰਗ ਨੂੰ ਲੈ ਕੇ ਅੰਦੋਲਨ ਚੱਲ ਰਿਹਾ ਸੀ, ਜੋ 'ਟਾਵਰ ਮੋਰਚੇ' ਦੇ ਨਾਂ ਨਾਲ ਮਸਹੂਰ ਹੋਇਆ। ਗੁਰਜੀਤ ਸਿੰਘ ਨਾਂ ਦੇ ਵਿਅਕਤੀ ਨੇ ਮੋਬਾਈਲ ਟਾਵਰ ਉੱਤੇ ਚੜ੍ਹ ਕੇ ਮੋਰਚਾ ਲਾ ਲਿਆ ਅਤੇ ਐਲਾਨ ਕਰ ਦਿੱਤਾ ਕਿ ਜਦੋਂ ਤੱਕ ਸਖਤ ਕਾਨੂੰਨ ਨਹੀਂ ਬਣਦਾ, ਉਹ ਹੇਠਾਂ ਨਹੀਂ ਉਤਰੇਗਾ। ਹੌਲੀ-ਹੌਲੀ ਉੱਥੇ ਸੈਂਕੜੇ ਲੋਕ ਜੁੜਨ ਲੱਗੇ ਅਤੇ ਮੋਰਚਾ ਪੂਰੀ ਤਰ੍ਹਾਂ ਭਖ ਗਿਆ।

ਇਸ ਮੋਰਚੇ ਨੂੰ ਸਿਆਸਤਦਾਨਾਂ ਦੀ ਹਮਾਇਤ ਵੀ ਮਿਲੀ। ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਵੀ ਉੱਥੇ ਹਾਜਰੀ ਭਰੀ। ਸਿਧਾਂਤਕ ਤੌਰ 'ਤੇ ਇਨ੍ਹਾਂ ਵਿੱਚੋਂ ਕਿਸੇ ਨੇ ਵੀ ਇਸ ਮੰਗ ਦਾ ਵਿਰੋਧ ਨਹੀਂ ਕੀਤਾ। ਹਾਲਾਂਕਿ, ਸਿੱਖਾਂ ਦੇ ਇੱਕ ਸੁਚੇਤ ਹਿੱਸੇ ਨੇ ਇਸ ਕਾਨੂੰਨ ਦੀਆਂ ਬਾਰੀਕੀਆਂ ਨੂੰ ਲੈ ਕੇ ਵਿਰੋਧ ਜਰੂਰ ਕੀਤਾ, ਪਰ ਇਹ ਆਵਾਜਾਂ ਦਬ ਕੇ ਰਹਿ ਗਈਆਂ ਅਤੇ ਕਾਨੂੰਨ ਪਾਸ ਹੋ ਗਿਆ। ਐੱਸ ਜੀ ਪੀ ਸੀ ਪ੍ਰਧਾਨ ਨੇ ਤਾਂ ਤੁਰੰਤ ਇਸ ਦਾ ਸਵਾਗਤ ਵੀ ਕਰ ਦਿੱਤਾ। ਇੱਥੋਂ ਹੀ ਨਵੀਂ ਕਹਾਣੀ ਸੁਰੂ ਹੁੰਦੀ ਹੈ ਅਤੇ ਸਥਿਤੀ ਇੱਕ ਵਾਰ ਫਿਰ ਟਕਰਾਅ ਵਾਲੇ ਪਾਸੇ ਮੋੜ ਕੱਟ ਲੈਂਦੀ ਹੈ।

ਮਾਨ ਸਰਕਾਰ ਨੇ ਦਰਅਸਲ 2008 ਦੇ ਸਤਿਕਾਰ ਕਾਨੂੰਨ ਵਿੱਚ ਸੋਧ ਕਰਕੇ ਹੀ ਸਖਤ ਸਜਾ ਦੀ ਧਾਰਾ ਜੋੜੀ ਹੈ। ਸ੍ਰੋਮਣੀ ਅਕਾਲੀ ਦਲ ਨੂੰ ਸਾਇਦ ਬਾਅਦ ਵਿੱਚ ਅਹਿਸਾਸ ਹੋਇਆ ਕਿ ਇਸ ਪੰਥਕ ਮੁੱਦੇ ਦਾ ਸਿਆਸੀ ਲਾਹਾ 'ਆਮ ਆਦਮੀ ਪਾਰਟੀ' ਲੈ ਸਕਦੀ ਹੈ। ਇਸੇ ਕਾਰਨ ਹੁਣ ਸ੍ਰੀ ਅਕਾਲ ਤਖਤ ਸਾਹਿਬ ਅਤੇ ਸ੍ਰੋਮਣੀ ਕਮੇਟੀ ਵੱਲੋਂ ਇਸ ਦਾ ਵਿਰੋਧ ਸੁਰੂ ਹੋ ਗਿਆ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਨੇ ਸਰਕਾਰ ਨੂੰ ਸੋਧ ਲਈ 15 ਦਿਨਾਂ ਦਾ ਸਮਾਂ ਦਿੱਤਾ ਹੈ ਜਦੋਂਕਿ ਮੁੱਖ ਮੰਤਰੀ ਫਿਲਹਾਲ ਕਿਸੇ ਵੀ ਬਦਲਾਅ ਤੋਂ ਇਨਕਾਰੀ ਹਨ। ਜਿਕਰਯੋਗ ਹੈ ਕਿ ਇਹ ਬਿੱਲ ਲਿਆਉਣ ਤੋਂ ਪਹਿਲਾਂ ਸਰਕਾਰ ਨੇ ਸਖਤ ਕਾਨੂੰਨ ਦੀ ਮੰਗ ਕਰ ਰਹੀਆਂ ਸਾਰੀਆਂ ਧਿਰਾਂ ਨਾਲ ਸਲਾਹ-ਮਸਵਰਾ ਕੀਤਾ ਸੀ। ਬਿੱਲ ਪਾਸ ਹੋਣ ਸਮੇਂ ਵਿਧਾਨ ਸਭਾ ਦੀ ਗੈਲਰੀ ਵਿੱਚ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਬਾਬਾ ਸੇਵਾ ਸਿੰਘ ਰਾਮਪੁਰ ਖੇੜੇ ਵਾਲਿਆਂ ਵਰਗੀਆਂ ਧਾਰਮਿਕ ਹਸਤੀਆਂ ਦੀ ਮੌਜੂਦਗੀ ਇਸ ਦੀ ਅਹਿਮੀਅਤ ਨੂੰ ਦਰਸਾਉਂਦੀ ਹੈ। ਇਸ ਪੂਰੇ ਘਟਨਾਕ੍ਰਮ ਦਾ ਦਿਲਚਸਪ ਪਹਿਲੂ ਇਹ ਹੈ ਕਿ ਮਾਨ ਸਰਕਾਰ ਨੇ ਉਸ 'ਪੰਥਕ ਪਿੜ' ਵਿੱਚ ਆਪਣੀ ਮਜਬੂਤ ਹਾਜਰੀ ਲੁਆ ਲਈ ਹੈ, ਜਿਸ 'ਤੇ ਕਦੇ ਅਕਾਲੀ ਦਲ ਦੀ ਅਜਾਰੇਦਾਰੀ ਹੁੰਦੀ ਸੀ। ਮੌਜੂਦਾ ਟਕਰਾਅ ਦਾ ਕਾਰਨ ਵੀ ਸਾਇਦ ਇਹੋ ਹੈ।

ਪੰਥਕ ਸੰਸਥਾਵਾਂ ਨੇ ਸਮੇਂ ਸਿਰ ਫੈਸਲੇ ਲਏ ਹੁੰਦੇ ਤਾਂ ਸਾਇਦ ਅਜਿਹੀ ਨੌਬਤ ਨਾ ਆਉਂਦੀ। ਹੁਣ ਵੀ ਇਸ ਨਾਜੁਕ ਮਸਲੇ ਨੂੰ 'ਵੱਕਾਰ' ਦਾ ਸਵਾਲ ਨਹੀਂ ਬਣਾਉਣਾ ਚਾਹੀਦਾ। ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਕਿਸੇ ਦੁਨਿਆਵੀ ਕਾਨੂੰਨ ਦੇ ਮੋਹਤਾਜ ਨਹੀਂ, ਪਰ ਜੇਕਰ ਕਾਨੂੰਨ ਬਣ ਹੀ ਗਿਆ ਹੈ ਤਾਂ ਉਸ ਵਿੱਚ ਲੋੜੀਂਦੀਆਂ ਸੋਧਾਂ ਕਰ ਲੈਣੀਆਂ ਚਾਹੀਦੀਆਂ ਹਨ। ਅਸਲ ਮੁੱਦਾ ਬਰਗਾੜੀ ਕਾਂਡ ਦੇ ਇਨਸਾਫ ਦਾ ਹੈ; ਇਹ ਸਿਰਫ ਬੇਅਦਬੀ ਨਹੀਂ ਸਗੋਂ ਸਿੱਖ ਸਿਧਾਂਤਾਂ 'ਤੇ ਸੋਚਿਆ-ਸਮਝਿਆ ਹਮਲਾ ਸੀ। ਪੰਜਾਬ ਦੀ ਸਿਆਸਤ ਵਿੱਚ ਇਹ ਟਕਰਾਅ 'ਆਪ' ਦੇ ਹੱਕ ਵਿਚ ਭੁਗਤਦਾ ਲਗਦਾ ਹੈ, ਪਰ ਸਵਾਲ ਇਹ ਹੈ ਕਿ ਕੀ ਅਜਿਹਾ ਟਕਰਾਅ ਪੰਜਾਬ ਦੇ ਭਵਿੱਖ ਲਈ ਹਿਤਕਾਰੀ ਹੈ?

**ਜਗਤਾਰ ਸਿੰਘ**

# ਵਿਰਸੇ ਦੇ ਨੇੜੇ ਤੇ ਦੂਰ ਲਿਜਾਂਦੇ ਰਾਹ

ਅਜੋਕੇ ਕੱਟੜਤਾ ਭਰੇ ਮਾਹੌਲ ਵਿੱਚ ਧਰਮ ਦੇ ਨਾਂ 'ਤੇ ਸਿਆਸਤਦਾਨਾਂ ਵੱਲੋਂ ਵਾਰ ਵਾਰ ਅਤੀਤ ਅਤੇ ਇਤਿਹਾਸ ਵੱਲ ਮੁੜ ਮੁੜ ਕੇ ਦੇਖਣਾ ਤੁਹਾਨੂੰ ਅਕਸਰ ਬਹੁਤ ਪ੍ਰੇਸ਼ਾਨ ਕਰਦਾ ਹੈ, ਪਰ ਕਦੇ ਕਦੇ ਅਤੀਤ ਦੇ ਨਕਸ਼ ਪਛਾਣਨ ਲਈ ਉਸ ਵੱਲ ਪਰਤਣਾ ਤੁਹਾਡੇ ਮਨ ਨੂੰ ਠੰਢੀ ਹਵਾ ਦੇ ਬੁੱਲੇ ਵਾਂਗ ਸਕੂਨ ਵੀ ਦੇ ਜਾਂਦਾ ਹੈ। ਇਹ ਖਬਰ ਪੜ੍ਹ ਕੇ ਬਹੁਤ ਚੰਗਾ ਲੱਗਿਆ ਕਿ ਲਾਹੌਰ ਸ਼ਹਿਰ ਵੀ ਹੁਣ ਰਾਮ ਦਾ ਨਾਮ ਲਵੇਗਾ। ਬਿਲਕੁਲ ਠੀਕ ਪੜ੍ਹ ਰਹੇ ਹੋ ਤੁਸੀਂ, ਲਾਹੌਰ ਦੀ 'ਰਹਿਮਾਨ ਗਲੀ' ਨੂੰ ਹੁਣ 'ਰਾਮ ਗਲੀ' ਹੀ ਸੱਦਿਆ ਜਾਵੇਗਾ। ਇਸ ਖਬਰ ਦੀ ਖੁਸ਼ੀ ਹਾਲੇ ਚੰਗੀ ਤਰ੍ਹਾਂ ਮਾਣੀ ਵੀ ਨਹੀਂ ਸੀ ਕਿ ਸਾਡੇ ਆਪਣੇ ਦੇਸ਼ ਦੀ ਰਾਜਧਾਨੀ 'ਚੋਂ ਨਾਂ ਬਦਲਣ ਸਬੰਧੀ ਹੀ ਇੱਕ ਖਬਰ ਆ ਗਈ, ਜੋ ਦਿਲ ਨੂੰ ਬਹੁਤ ਠੇਸ ਪਹੁੰਚਾਉਣ ਵਾਲੀ ਹੈ। ਸ਼ਨਿੱਚਰਵਾਰ ਦੇਰ ਸ਼ਾਮ ਨੂੰ ਖਬਰ ਇਹ ਆਈ ਕਿ ਦਿਆਲ ਸਿੰਘ ਕਾਲਜ ਨਵੀਂ ਦਿੱਲੀ ਦੀ ਗਵਰਨਿੰਗ ਬੌਡੀ ਨੇ ਦਿਆਲ ਸਿੰਘ ਈਵਨਿੰਗ ਕਾਲਜ ਦਾ ਨਾਂ ਬਦਲਣ ਦੇ ਵਿਵਾਦਮਈ ਏਜੰਡੇ ਨੂੰ ਪ੍ਰਵਾਨਗੀ ਦਿੰਦਿਆਂ ਦੋ ਬਦਲ 'ਬੰਦਾ ਸਿੰਘ ਬਹਾਦਰ ਕਾਲਜ' ਜਾਂ 'ਮਜੀਠੀਆ ਕਾਲਜ' ਸੁਝਾਏ ਹਨ। ਸ਼ਾਇਦ 'ਮਜੀਠੀਆ ਕਾਲਜ' ਵੀ ਇਸ ਲਈ ਸੁਝਾਇਆ ਗਿਆ ਹੈ ਕਿ ਸਰਦਾਰ ਦਿਆਲ ਸਿੰਘ ਮਜੀਠੀਆ ਦੀ ਸ਼ਾਨਾਂਮੱਤੀ ਵਿਰਾਸਤ ਦੇ ਮੱਦੇਨਜਰ ਦਿਆਲ ਸਿੰਘ ਈਵਨਿੰਗ ਕਾਲਜ ਦਾ ਨਾਂ ਬਦਲਣ ਦਾ ਪਹਿਲਾਂ ਵੀ ਬਹੁਤ ਤਿੱਖਾ ਵਿਰੋਧ ਹੋਇਆ ਹੈ।

ਖੈਰ, ਜਦੋਂ ਲਾਹੌਰੀਆਂ ਦੀ ਗੱਲ ਕਰਦੇ ਹਾਂ ਤਾਂ ਇਹ ਵੀ ਹਕੀਕਤ ਹੈ ਕਿ ਉਨ੍ਹਾਂ ਨੇ ਰਾਮ ਦੇ ਨਾਮ ਨੂੰ ਕਦੇ ਵਿਸਾਰਿਆ ਹੀ ਨਹੀਂ ਸੀ। ਉਨ੍ਹਾਂ ਤਾਂ ਹਮੇਸ਼ਾ ਇਸ ਨੂੰ ਰਾਮ ਗਲੀ ਹੀ ਸੱਦਿਆ, ਪਰ ਸਰਕਾਰੀ ਦਸਤਾਵੇਜਾਂ ਵਿੱਚ 'ਰਾਮ' ਨੂੰ 'ਰਹਿਮਾਨ' ਨਾਲ ਬਦਲ ਦਿੱਤਾ ਗਿਆ ਸੀ ਕਿਉਂਕਿ ਰਾਮ ਦਾ ਨਾਮ ਸ਼ਾਇਦ ਸਮੇਂ ਦੇ ਸ਼ਾਸਕਾਂ ਦੀ ਸਿਆਸਤ ਨੂੰ ਵਾਰਾ ਨਹੀਂ ਸੀ ਖਾਂਦਾ। ਸਿਰਫ ਰਾਮ ਗਲੀ ਹੀ ਨਹੀਂ, ਹਿੰਦੂਆਂ, ਸਿੱਖਾਂ ਅਤੇ ਜੈਨੀਆਂ ਨਾਲ ਜੁੜੀਆਂ ਹੋਰ ਬਹੁਤ ਸਾਰੀਆਂ ਥਾਵਾਂ ਦੇ ਨਾਵਾਂ ਨੂੰ ਬਦਲ ਕੇ ਉਨ੍ਹਾਂ ਦੇ ਇਸਲਾਮੀ ਨਾਂ ਰੱਖ ਦਿੱਤੇ ਗਏ ਸਨ।

ਕੁਝ ਸਮੇਂ ਤੋਂ ਏਧਰ ਅਸੀਂ ਵੀ ਨਾਂ ਬਦਲਣ ਦੇ ਉਸੇ ਰਾਹ ਤੁਰੇ ਹੋਏ ਹਾਂ, ਜਿਸ ਤੋਂ ਪਾਕਿਸਤਾਨ ਹੁਣ ਪਿੱਛੇ ਮੁੜਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਸੇ ਸੰਦਰਭ 'ਚ ਲਹਿੰਦੇ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ ਦੀ ਸਰਕਾਰ ਨੇ ਲਾਹੌਰ ਅਤੇ ਇਸ ਦੇ ਨੇੜਲੇ ਇਲਾਕਿਆਂ ਦੀਆਂ ਗਲੀਆਂ,




ਸੜਕਾਂ ਅਤੇ ਹੋਰ ਥਾਵਾਂ ਦੇ ਅਸਲ ਇਤਿਹਾਸਕ ਨਾਂ ਬਹਾਲ ਕਰਨ ਦੀ ਯੋਜਨਾ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਸਾਬਕਾ ਪ੍ਰਧਾਨ ਮੰਤਰੀ ਨਵਾਜ ਸ਼ਰੀਫ ਦੀ ਅਗਵਾਈ ਹੇਠ 19 ਮਾਰਚ ਨੂੰ ਹੋਈ ਉੱਚ ਪੱਧਰੀ ਮੀਟਿੰਗ ਵਿੱਚ ਲਾਹੌਰ ਹੈਰੀਟੇਜ ਏਰੀਆਜ ਰਿਵਾਈਵਲ (ਐੱਲ ਐੱਚ ਏ ਆਰ)ਪ੍ਰੋਜੈਕਟ 'ਤੇ ਚਰਚਾ ਹੋਈ, ਜਿਸ ਵਿੱਚ ਮੌਜੂਦਾ ਨਾਵਾਂ ਨੂੰ ਉਨ੍ਹਾਂ ਦੇ ਮੂਲ ਹਿੰਦੂ ਅਤੇ ਬ੍ਰਿਟਿਸ਼ ਨਾਵਾਂ 'ਚ ਬਦਲਣ ਦਾ ਫੈਸਲਾ ਕੀਤਾ ਗਿਆ। ਇਸ ਮੀਟਿੰਗ ਵਿੱਚ ਨਵਾਜ ਸ਼ਰੀਫ ਦਾ ਕਹਿਣਾ ਸੀ, "ਸਾਨੂੰ ਯੂਰੋਪ ਤੋਂ ਸਿੱਖਿਆ ਲੈਣੀ ਚਾਹੀਦੀ ਹੈ। ਉਹ ਕਦੇ ਵੀ ਪੁਰਾਣੇ ਇਤਿਹਾਸਕ ਨਾਵਾਂ ਨਾਲ ਛੇੜਛਾੜ ਨਹੀਂ ਕਰਦੇ। ਲਾਹੌਰ ਦੇਪੁਰਾਣੇ (ਦੇਸ਼ ਵੰਡ ਤੋਂ ਪਹਿਲਾਂ ਦੇ) ਨਾਂ ਸਾਡਾ ਇਤਿਹਾਸ ਹਨ। ਇਸ ਇਤਿਹਾਸ ਨੂੰ ਬਦਲਣ ਦੀ ਨਹੀਂ, ਸੰਭਾਲਣ ਦੀ ਲੋੜ ਹੈ।" ਮਰੀਅਮ ਨਵਾਜ ਦਾ ਕਹਿਣਾ ਹੈ ਕਿ ਲਾਹੌਰ ਦਾ ਇਤਿਹਾਸ ਹੀ ਇਸ ਦੀ ਪਛਾਣ ਹੈ, ਜਿਸ ਦੇ ਨਾਮ ਅਤੇ ਇਮਾਰਤਾਂ ਇਸ ਦੀ ਸ਼ਾਹਦੀ ਭਰਦੀਆਂ ਹਨ। ਲਹਿੰਦੇ ਪੰਜਾਬ ਦੀ ਸਰਕਾਰ ਦਾ ਇਹ ਅਰਬਨ ਕੰਜਰਵੇਸ਼ਨ ਪ੍ਰੋਜੈਕਟ 5,000 ਕਰੋੜ ਰੁਪਏ ਦਾ ਹੈ। ਇਸ ਤਹਿਤ ਮਿੰਟੋ ਪਾਰਕ (ਗ੍ਰੇਟਰ ਇਕਬਾਲ ਪਾਰਕ) ਵਿੱਚ ਤਿੰਨ ਕ੍ਰਿਕਟ ਮੈਦਾਨ ਅਤੇ ਰਵਾਇਤੀ 'ਅਖਾੜੇ' ਵੀ ਬਹਾਲ ਕਰਨ ਦੀ ਤਜਵੀਜ ਹੈ।

ਇਸ ਯੋਜਨਾ ਤਹਿਤ ਲਾਹੌਰ ਸ਼ਹਿਰ ਦੇ ਪੁਰਾਣੇ ਨਕਸ਼ਾਂ ਨੂੰ ਪਛਾਣ ਕੇ, ਉਭਾਰ ਕੇ ਸਜਾਇਆ ਸੰਵਾਰਿਆ ਜਾਵੇਗਾ। ਇਸ ਸਮੁੱਚੀ ਕਵਾਇਦ ਦਾ ਮਕਸਦ ਲਾਹੌਰ ਸ਼ਹਿਰ, ਜੋ ਅਣਵੰਡੇ ਹਿੰਦੋਸਤਾਨ ਵਿੱਚ ਸਿੱਖਿਆ, ਕਲਾ ਅਤੇ ਸੱਭਿਆਚਾਰਕ ਸਰਗਰਮੀਆਂ ਦਾ ਕੇਂਦਰ ਸੀ, ਨੂੰ ਉਸ ਦੀ ਮੂਲ ਪਛਾਣ ਅਤੇ ਜੜ੍ਹਾਂ ਨਾਲ ਜੋੜਨਾ ਹੈ। ਇਹ ਸ਼ਹਿਰ, ਜੀਹਦੇ ਬਾਰੇ ਕਿਹਾ ਜਾਂਦਾ ਹੈ 'ਜੀਹਨੇ ਲਾਹੌਰ ਨਹੀਂ ਤੱਕਿਆ ਉਹ ਜੰਮਿਆ ਹੀ ਨਹੀਂ', ਅੰਮ੍ਰਿਤਸਰ ਤੋਂ ਮਹਿਜ 50 ਕਿਲੋਮੀਟਰ ਦੂਰ ਹੈ।

ਦੇਸ਼ ਵੰਡ ਤੋਂ ਪਹਿਲਾਂ ਇੱਥੇ ਹਿੰਦੂ ਅਤੇ ਸਿੱਖਾਂ ਦੀ ਬਹੁਗਿਣਤੀ ਸੀ, ਜਿਨ੍ਹਾਂ ਨੂੰ ਹਿੰਦੋਸਤਾਨ ਦੇ ਦੋ ਟੋਟਿਆਂ ਵਿੱਚ ਵੰਡੇ ਜਾਣ ਮਗਰੋਂ ਲਾਹੌਰ ਤੋਂ ਹਿਜਰਤ ਕਰਨੀ ਪਈ। ਪਾਕਿਸਤਾਨ ਵਿੱਚ ਜਿਆ-ਉਲ-ਹੱਕ ਦੀ ਹਕੂਮਤ ਵੇਲੇ ਇਹ ਦੇਸ਼ ਇਸਲਾਮੀਕਰਨ ਅਤੇ ਕੱਟੜਵਾਦ ਵੱਲ ਬਹੁਤ ਤੇਜੀ ਨਾਲ ਵਧਿਆ ਅਤੇ ਹਿੰਦੂਆਂ ਤੇ ਸਿੱਖਾਂ ਦੀ ਪਛਾਣ ਨਾਲ ਜੁੜੀਆਂ ਥਾਵਾਂ ਨੂੰ ਇਸਲਾਮੀ ਨਾਂ ਦੇ ਦਿੱਤੇ ਗਏ। ਇਸ ਤੋਂ ਇਲਾਵਾ ਅੰਗਰੇਜਾਂ ਦੀ ਹਕੂਮਤ ਵੇਲੇ ਦੇ ਰੱਖੇ ਗਏ ਬਰਤਾਨਵੀ ਨਾਵਾਂ ਨੂੰ ਵੀ ਬਦਲ ਦਿੱਤਾ ਗਿਆ ਸੀ, ਪਰ ਹੁਣ ਇਸਲਾਮਪੁਰਾ ਨੂੰ ਫਿਰ ਉਸੇ ਪੁਰਾਣੇ ਕ੍ਰਿਸ਼ਨਾ ਨਗਰ ਵਜੋਂ ਅਤੇ ਬਾਬਰੀ ਮਸਜਿਦ ਚੌਕ ਨੂੰ ਜੈਨ ਮੰਦਿਰ ਚੌਕ ਵਜੋਂ ਜਾਣਿਆ ਜਾਵੇਗਾ। ਇਸੇ ਤਰ੍ਹਾਂ ਗਾਜੀਆਬਾਦ ਨੂੰ ਘੁਮਾਰਪੁਰਾ, ਅੱਲਾਮਾ ਇਕਬਾਲ ਚੌਕ ਨੂੰ ਜੇਲ੍ਹ ਰੋਡ, ਫਾਤਿਮਾ ਜਿਨਾਹ ਰੋਡ ਨੂੰ ਕੁਈਨਜ ਰੋਡ, ਬਾਗ-ਏ-ਜਿਨਾਹ ਨੂੰ ਲਾਰੈਂਸ ਰੋਡ ਸੱਦਿਆ ਜਾਵੇਗਾ। ਅਧਿਕਾਰਕ ਤੌਰ 'ਤੇ ਇਨ੍ਹਾਂ ਥਾਵਾਂ ਦੇ ਨਾਂ ਬਦਲ ਕੇ ਪੁਰਾਣੇ ਨਾਵਾਂ ਵਾਲੇ ਬੋਰਡ ਲਾ ਦਿੱਤੇ ਗਏ ਹਨ। ਇਸ ਤਬਦੀਲੀ ਨੂੰ ਤੁਹਾਡਾ ਦਿਲ ਖੁਸ਼ਆਮਦੀਦ ਕਹਿੰਦਾ ਹੈ ਕਿਉਂਕਿ ਇਹ ਸ਼ਹਿਰ ਸਾਡੀ ਸਾਂਝੀ ਵਿਰਾਸਤ ਦਾ ਪ੍ਰਤੀਕ ਹੈ।

ਲਾਹੌਰ ਸ਼ਹਿਰ ਦੇ ਅੱਠ ਦਰਵਾਜਿਆਂ, ਜਿਨ੍ਹਾਂ ਵਿੱਚ ਦਿੱਲੀ ਦਰਵਾਜਾ ਵੀ ਸ਼ਾਮਿਲ ਹੈ, ਦੀ ਵੀ ਇਸ ਪ੍ਰੋਜੈਕਟ ਤਹਿਤ ਸਾਂਭ-ਸੰਭਾਲ ਕੀਤੀ ਜਾਵੇਗੀ। ਲਾਹੌਰੀਏ ਤਾਂ ਦਿੱਲੀ ਦਰਵਾਜੇ ਦੀ ਸਾਂਭ-ਸੰਭਾਲ ਕਰ ਲੈਣਗੇ, ਪਰ ਪਤਾ ਨਹੀਂ ਕਿਉਂ ਦਿੱਲੀ ਵਾਲਿਆਂ ਨੇ ਸਾਂਝੇ ਪੰਜਾਬ ਦੇ ਪੁੱਤਰ ਦਿਆਲ ਸਿੰਘ ਮਜੀਠੀਆ ਦੇ ਨਾਂ'ਤੇ ਚਲਦੇ ਕਾਲਜ ਦਾ ਨਾਮ ਬਦਲਣ ਦੀ ਜਿੱਦ ਫੜੀ ਹੋਈ ਹੈ। ਕੀ ਹੁਣ 'ਦਿਆਲ ਸਿੰਘ ਕਾਲਜ' ਲਿਖਣ ਦੀ ਬਜਾਏ ਸਿਰਫ 'ਮਜੀਠੀਆ ਕਾਲਜ' ਲਿਖ ਕੇ ਕੋਈ ਵੱਡਾ ਮੰਤਵ ਪੂਰਾ ਹੁੰਦਾ ਹੈ? ਜਾਂ ਫਿਰ ਇਹ ਤੈਅ ਕਰ ਲਿਆ ਗਿਆ ਹੈ ਕਿ ਕਾਲਜ ਦਾ ਨਾਂਹਰ ਹਾਲ ਬਦਲਣਾ ਹੀ ਹੈ।

ਕਾਲਜ ਦੀ ਗਵਰਨਿੰਗ ਬੌਡੀ ਦੇ ਚੇਅਰਮੈਨ ਡੀ ਐੱਸ ਚੌਹਾਨ ਨੇ ਕਾਲਜ ਦਾ ਨਾਂ ਬਦਲਣਵਾਲੇ ਏਜੰਡੇ ਦੀ ਪੁਸ਼ਟੀ ਕਰ ਦਿੱਤੀ ਹੈ। ਇਹ ਗੱਲ ਵੀ ਸਾਹਮਣੇ ਆਈ ਹੈ ਕਿ ਕਾਲਜ ਅਧਿਆਪਕਾਂ ਦੀ ਨਾਂ ਬਦਲਣ ਬਾਰੇ ਲਿਖਤੀ ਅਸਹਿਮਤੀ ਨੂੰ ਵੀ ਰਿਕਾਰਡ 'ਤੇ ਨਹੀਂ ਲਿਆਂਦਾ ਗਿਆ। ਹੁਣ ਇਹ ਫੈਸਲਾ ਦਿੱਲੀ ਯੂਨੀਵਰਸਿਟੀ ਦੇ ਉਪ-ਕੁਲਪਤੀ ਯੋਗੇਸ਼ ਸਿੰਘ ਦੇ ਹੱਥ ਹੈ ਕਿ ਉਹ ਦੋਵਾਂ ਬਦਲਾਂ ਵਿੱਚੋਂ ਕੋਈ ਇੱਕ ਚੁਣ ਲਵੇ ਜਾਂ ਫਿਰ ਪੁਰਾਣਾ ਨਾਂ ਹੀ ਰਹਿਣ ਦਿੱਤਾ ਜਾਵੇ।

ਇਹ ਵੀ ਹਕੀਕਤ ਹੈ ਕਿ ਪਾਕਿਸਤਾਨ ਨੂੰ ਇਹ ਗੱਲ ਸਮਝ ਆ ਗਈ ਜਾਪਦੀ ਹੈਕਿ ਉਸ ਨੂੰ ਆਪਣੇ ਕੱਟੜਪੰਥੀ ਮੁਲਕ ਵਾਲੇ ਅਕਸ ਨੂੰ ਸੁਧਾਰਨ ਦੀ ਲੋੜ ਹੈ। ਉਹ ਹੁਣ ਆਪਣਾ ਅਕਸ ਇੱਕ ਸਹਿਣਸ਼ੀਲ, ਸਭ ਧਰਮਾਂ ਦਾ ਸਤਿਕਾਰ ਕਰਨ ਵਾਲੇ ਬਹੁ-ਸੱਭਿਆਚਾਰਕ ਮੁਲਕ ਵਜੋਂ ਕਾਇਮ ਕਰਨਾ ਚਾਹੁੰਦਾ ਹੈ। ਉਸ ਨੂੰ ਇਹ ਭਲੀਭਾਂਤ ਪਤਾ ਹੈ ਕਿ ਆਈ ਐੱਮ ਐੱਫ ਕਿਸੇ ਵੀ ਦੇਸ਼ ਦੀ ਵਿੱਤੀ ਮਦਦ ਕਰਨ ਲਈ ਉਸ ਦੇ ਸਮਾਜਿਕ ਤੇ ਸਿਆਸੀ ਮਾਹੌਲ ਨੂੰ ਧਿਆਨ 'ਚ ਰੱਖਦਾ ਹੈ। ਪਾਕਿਸਤਾਨ ਨੂੰ ਫਾਇਨਾਂਸ਼ੀਅਲ ਐਕਸ਼ਨ ਟਾਸਕ ਫੋਰਸ (ਐੱਫ ਏ ਟੀ ਐੱਫ) ਦੀ ਵੱਧ ਨਿਗਰਾਨੀ ਵਾਲੀ ਗ੍ਰੇਅ ਸੂਚੀ 'ਚੋਂ ਅਕਤੂਬਰ 2022 ਵਿੱਚ ਹੀ ਬਾਹਰ ਕੱਢਿਆ ਗਿਆ ਹੈ। ਇਸ ਨਿਗਰਾਨੀ ਤੋਂ ਬਚਣ ਲਈ ਇਸ ਨੂੰ ਆਪਣਾ ਅਕਸ ਸੁਧਾਰਨ ਦੀ ਲੋੜ ਹੈ।

ਪਾਕਿਸਤਾਨ ਵੱਲੋਂ ਐੱਲ ਐੱਚ ਏ ਆਰ ਪ੍ਰੋਜੈਕਟ ਤਹਿਤ ਹੋਰ 170 ਇਤਿਹਾਸਕ ਥਾਵਾਂ ਦੀ ਸਾਂਭ-ਸੰਭਾਲ ਕੀਤੀ ਜਾਵੇਗੀ, ਜਿਨ੍ਹਾਂ ਵਿੱਚ 101 ਗੁਰਦੁਆਰੇ ਵੀ ਸ਼ਾਮਿਲ ਹਨ। ਇਸ ਦਾ ਮਕਸਦ ਪਾਕਿਸਤਾਨ ਵਿਚਲੇ ਗੁਰਧਾਮਾਂ ਅਤੇ ਮੰਦਿਰਾਂ ਵੱਲ ਸ਼ਰਧਾਲੂਆਂ ਨੂੰ ਆਕਰਸ਼ਿਤ ਕਰਕੇ ਆਪਣੇ ਅਰਥਚਾਰੇ ਨੂੰ ਹੁਲਾਰਾ ਦੇਣਾ ਵੀ ਹੋ ਸਕਦਾ ਹੈ। ਮਕਸਦ ਭਾਵੇਂ ਕੁਝ ਵੀ ਹੋਵੇ, ਪਾਕਿਸਤਾਨ ਧਰਮ ਦੀ ਵਲਗਣ 'ਚੋਂ ਨਿਕਲ ਕੇ ਸਾਂਝੇ ਵਿਰਸੇ ਦਾ ਸਤਿਕਾਰ ਕਰਨ ਦੇ ਰਾਹ ਪੈਣ ਦਾ ਜੇਰਾ ਦਿਖਾ ਰਿਹਾ ਹੈ। ਜਾਪਦੈ ਕਿ ਇਹ ਹਕੀਕਤ ਉੱਥੋਂ ਦੇ ਹਾਕਮਾਂ ਨੂੰ ਸਮਝ ਲੱਗ ਚੁੱਕੀ ਹੈ ਕਿ ਜਿਹੜਾ ਮੁਲਕ ਸਾਰੇ ਧਰਮਾਂ ਤੇ ਘੱਟਗਿਣਤੀਆਂ ਦਾ ਸਤਿਕਾਰ ਕਰਦਾ ਹੈ, ਉਹ ਹੀ ਦੁਨੀਆ ਵਿੱਚ ਸਤਿਕਾਰ ਦਾ ਪਾਤਰ ਬਣਦਾ ਹੈ। ਇਸੇ ਲਈ ਉਹਆਪਣੇ ਸਾਂਝੇ ਵਿਰਸੇ ਅਤੇ ਸੱਭਿਆਚਾਰ ਨਾਲ ਜੁੜਨ ਦੇ ਰਾਹ ਪੈ ਤੁਰਿਆ ਹੈ ਤੇ ਏਧਰ ਅਸੀਂ ਆਪਣੇ ਸ਼ਾਨਾਂਮੱਤੇ ਵਿਰਸੇ ਦੇ ਨਾਇਕ ਦੇ ਨਾਂਨੂੰ ਵਿਵਾਦਾਂ 'ਚ ਘਸੀਟ ਕੇ ਆਪਣੀਆਂਜੜ੍ਹਾਂ ਨਾਲੋਂ ਟੁੱਟਣ ਦੇ ਰਾਹ ਪੈ ਤੁਰੇ ਹਾਂ।

ਅਰਵਿੰਦਰ ਜੌਹਲ

# ਪੁਸਤਕ ਸਮੀਖਿਆ

**ਪੁਸਤਕ:: ਸਹਿਕਦੇ ਸਾਹਾਂ ਦਾ ਸਫਰ**
**ਲੇਖਕ ਯਾਦਵਿੰਦਰ ਸਿੰਘਬਦੇਸਾ**
**ਪ੍ਰਕਾਸਕ ਯੂਨੀਸਟਾਰ ਬੁਕਸ, ਸਫੇ 128,ਮੁੱਲ 200 ਰੁਪਏ**

ਵੈਸੇ ਜੀਵਨ ਸਾਹਾਂ ਦੀ ਪੋਟਲੀ ਹੈ। ਚਲਦੇ ਸਾਹਾਂ ਨੂੰ ਜੀਵਨ ਦਾ ਨਾਮ ਦਿੱਤਾ ਜਾਂਦਾ ਹੈ। ਦੁੱਖਾਂ / ਪੀੜਾਂ ਦਾ ਪਰਾਗਾ ਜੀਵਨ ਦੇ ਆਮ ਸਾਹਾਂ ਨੂੰ ਵੀ 'ਸਹਿਕਦੇ ਸਾਹਾਂ ਦਾ ਸਫਰ' ਵਿੱਚ ਬਦਲ ਕੇ ਰੱਖ ਦਿੰਦੇ ਹਨ। ਪ੍ਰਵਾਸ ਦੀ ਰਾਮ ਕਹਾਣੀ ਨੂੰ ਬੜੇ ਸ਼ਿੱਦਤ ਨਾਲ ਯਾਦਵਿੰਦਰ ਸਿੰਘ ਬਦੇਸਾ ਨੇ ਆਪਣੇ ਇਸ ਨਾਵਲ ਵਿਚ ਪਰੋਇਆ ਹੈ। ਪੰਜਾਬ ਦੀ ਵੱਡੀ ਤ੍ਰਾਸਦੀ ਬਣਿਆ ਪ੍ਰਵਾਸ ਪੰਜਾਬ ਦੀ ਹੋਣੀ ਬਣ ਕੇ ਸਿਰ ਚੜ ਬੋਲ ਰਿਹਾ ਹੈ। ਕਰੀਬ ਹਰ ਘਰ ਪਰਵਾਰ ਕਿਸੇ ਨਾ ਕਿਸੇ ਰੂਪ ਵਿੱਚ ਪ੍ਰਵਾਸ ਤੋਂ ਪੀੜ੍ਹਤ ਹੈ।

ਇਸ ਹੱਥਲੇ ਨਾਵਲ ਵਿੱਚ ਇੱਕ ਚੰਗੇ ਖਾਂਦੇ ਪੀਂਦੇ ਪਰਵਾਰ ਨੌਜਵਾਨ ਬਲਜੀਤ ਸਿੰਘ ਬਿਦੇਸੀ ਭਰਮੀ ਸਬਜ ਬਾਗ ਦਾ ਸ਼ਿਕਾਰ ਹੋ ਕੇ ਠੱਗ ਏਜੰਟ ਦੇ ਢਾਹੇ ਚੜ੍ਹ ਜਾਂਦਾ ਹੈ। ਜਿਸ ਦਾ ਕੋਈ ਥਹੁ ਪਤਾ ਨਹੀਂ ਲਗਦਾ ਪਿਛੇ ਉਸ ਦੇ ਤੜਪਦੇ ਮਾਪੇ (ਤੇਜੋ ਤੇ ਨਿਰੰਜਣ ਸਿੰਘ) ਮਾਰੇ ਮਾਰੇ ਫਿਰਦੇ ਹਨ। ਠੱਗ ਏਜੰਟ ਵੱਸਣ ਸਿੰਘ ਉਨਾਂ ਨੂੰ ਕੋਈ ਪੱਲਾ ਨਹੀਂ ਫੜਾਉਂਦਾ। ਸਗੋਂ ਹੋਰ ਨਵੇਂ ਪੈਂਤੜੇ ਘੜਨੇ ਸੁਰੂ ਕਰ ਦਿੰਦਾ ਹੈ।ਨਿਰੰਜਣ ਸਿੰਘ ਦਾ ਕਾਮਾ ਪਾਲਾ ਤੇ ਇੱਕ




ਕਾਮਰੇਡ ਇਸ ਦੁਖਿਆਰੇ ਪ੍ਰਵਾਰ ਦਾ ਸਾਥ ਦੇਣ ਦਾ ਪੂਰਾ ਯਤਨ ਕਰਦੇ ਹਨ। ਸੰਤੀ ਵਰਗੇ ਨਾਰਦ ਮੁਨੀ ਦੀ ਭੈਣ/ ਭਰਾ , (ਪੁਆੜੇ ਪਵਾਉਣੀਆਂ/ ਕੁਲੱਛਣੇ ) ਖਲਨਾਇਕ ਸਮਾਜ ਲਈ ਬਹੁਤ ਮਾਰੂ ਜਰੂਰ ਹੁੰਦੇ ਹਨ । ਜੋ ਸਹਿਕਦੇ ਸਾਹਾਂ ਨੂੰ ਹੋਰ ਪੀੜਾਦਾਇਕ ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡਦੇ। ਪਰ ਜਦ ਏਨਾਂ ਆਪਣੇ ਬੁਰੇ ਕਰਮਾਂ ਦੀ ਸੋਝੀ ਆ ਜਾਵੇ ਤਾਂ ਇਹੀ ਲੋਕ ਪੀੜਤਾਂ ਦਾ ਤਨੋਂ ਮਨੋਂ ਸਾਥ ਦੇ ਕੇ ਨਾਇਕ ਵਜੋਂ ਵੀ ਉਭਰਦੇ ਹਨ।

ਉਧਰ ਮਾਲਟਾ ਵਰਗੇ ਕਿਸਤੀ ਕਾਂਡ ਵਿਚ ਡੁਬਦੀ ਜਵਾਨੀ ਦੀਆਂ ਖਬਰਾਂ ਨਿਰੰਜਣ ਸਿੰਘ ਵਰਗੇ ਮਾਨਸਿਕ ਤੌਰ ਤੇ ਹੋਰ ਵੀ ਤੋੜ ਦਿੰਦਾ ਹੈ ਤਾਂ। ਪਰ ਫਿਰ ਨਾ ਉਹ ਢਿੱਗੀ ਢਾਲਦਾ ਤੇ ਨਾ ਹੀ ਹੋਂਸਲਾ ਹਾਰਦਾ ਹੈ। ਪੁੱਤ ਦੇ ਵਿਛੋੜੇ ਦੇ ਪੱਥਰ ਹਿੱਕ 'ਤੇ ਰੱਖ ਕੇ ਜਿਥੇ ਉਹ ਗਮ ਨਾਲ ਹੋਈ ਮਰਨੇ ਪਈ ਆਪਣੀ ਪਤਨੀ ਨੂੰ ਵੀ ਸੰਭਾਲਦਾ ਹੈ ਉਥੇ ਭਗੋੜੇ ਹੋਏ ਏਜੰਟ ਦੀ ਪੈੜ ਵੀ ਨੱਪਣ ਦੀ ਕੋਸ਼ਿਸ ਵੀ ਜਾਰੀ ਰੱਖਦਾ ਹੈ। ਪਿੰਡ ਵਾਸੀਆਂ ਦਾ ਸਾਥ ਨਾਲ ਕਾਨੂੰਨ ਰਾਹੀਂ ਠੱਗ ਏਜੰਟ ਦੇ ਕੁਕਰਮਾਂ ਦੀ ਸਜਾ ਦਵਾ ਕੇ ਦਮ ਲੈਂਦਾ ਹੈ। ਬਹੁਤ ਹੀ ਦੁਖਦਾਈ ਤ੍ਰਾਸਦੀ ਇਸ ਨਾਵਲ 'ਸਹਿਕਦੇ ਸਾਹਾਂ ਦਾ ਸਫਰ' ਦੀ ਸਿਖਰ ਹੋ ਨਿਬੜਦੀ ਹੈ ਕਿ ਜਦ ਇੱਕ ਮਾਂ ਆਪਣੇ ਮਾਰ ਮੁਕਾ ਕੇ ਦਬਾਏ ਜਾ ਚੁੱਕੇ ਪੁੱਤ ਦੀ ਲਾਸ ਉਪਰ ਹੀ ਅਣਭੋਲ ਹੀ ਜਾ ਡਿੱਗਦੀ ਹੈ ਤੇ ਖੁਦ ਹੀ ਲਾਸ ਬਣ ਜਾਂਦੀ ਹੈ। ਪੁੱਤ ਦੀ ਲਾਸ ਉਤੇ ਮਾਂ ਦੀ ਲਾਸ ਇੱਕ ਕਰੁਣਾਮਈ ਸਥਿੱਤੀ ਪੈਦਾ ਹੋ ਜਾਂਦੀ ਹੈ। ਜਦ ਕਾਨੂੰਨ ਦੇ ਅੜਿੱਕੇ ਆਇਆ ਠੱਗ ਏਜੰਟ ਬਲਜੀਤ ਦੀ ਲਾਸ ਦੀ ਨਿਸਾਨਦੇਹੀ ਕਰਨ ਲਈ ਉਸੇ ਥਾਂ 'ਤੇ ਪੁਜਦਾ ਹੈ ਤਾਂ ਬਹੁਤ ਕਰੁਣਾਮਈ ਸਥਿੱਤੀ ਪੈਦਾ ਹੋ ਜਾਂਦੀ ਹੈ।ਇਥੇ ਨਾਵਲਕਾਰ ਬਦੇਸਾ ਦਾ ਪੀੜਤਾਂ ਦੀ ਅਸਿਹ ਪੀੜਾ ਦੀ ਸਥਿਤੀ ਰਾਹੀਂ ਪਾਠਕਾਂ ਖਾਸ ਕਰਕੇ ਜਵਾਨੀ ਨੂੰ ਚੇਤੰਨ ਕਰਨ ਵਿੱਚ ਵੀ ਸਫਲ ਹੁੰਦਾ ਹੈ ਕਿ ਠੱਗ ਲੋਕਾਂ ਦੇ ਢਾਹੇ ਚੜ ਕੇ ਆਪਣਾ ਸਭ ਕੁਝ ਗਵਾਉਣ ਤੋਂ ਗੁਰੇਜ ਕਰਨਾ ਚਾਹੀਦਾ ਹੈ। ਇਸ ਨਾਵਲ ਦਾ ਇੱਕ ਸਾਰਥਕ ਸੁਨੇਹਾ ਵੀ ਹੈ ਕਿ ਜਦ ਸੰਤੀ ਵਰਗੇ ਖਲਨਾਇਕ ਲੋਕਾਂ ਨੂੰ ਆਪਣੇ ਬੁਰੇ ਕਰਮਾਂ ਸਮਝ ਲੱਗ ਜਾਂਦੀ ਹੈ ਤੇ ਉਹੀ ਚੰਗੇ ਕਰਮਾਂ ਨਾਲ ਸਮਾਜ ਭਲਾਈ ਵਿੱਚ ਲੱਗ ਜਾਂਦੇ ਹਨ। ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਇਹ ਨਾਵਲ 'ਸਹਿਕਦੇ ਸਾਹਾਂ ਦਾ ਸਫਰ' ਸਮਾਜ ਭਲਾਈ ਲਈ ਬਹੁਤ ਸਾਰਥਿਕ ਸੁਨੇਹੇ ਦੇਣ ਦੇ ਪੂਰੀ ਤਰ੍ਹਾਂ ਸਮਰੱਥ ਹੈ।



ਮਾਸਟਰ ਲਖਵਿੰਦਰ ਸਿੰਘ

# ਮਹਿੰਗਾਈ ਦੀ ਮਾਰ... ਡਰਾਈ ਫਰੂਟਸ, ਆਟਾ-ਦਾਲ ਤੇ ਤੇਲ, ਮਸਾਲਿਆਂ ਦੀਆਂ ਕੀਮਤਾਂ 'ਚ ਵਾਧਾ; ਰਸੋਈ ਦਾ ਬਜਟ ਵਿਗੜਿਆ



ਮੱਧ ਏਸ਼ੀਆ ਵਿੱਚ ਤਣਾਅ ਬਰਕਰਾਰ ਹੈ। ਸੀ.ਐਨ.ਜੀ (), ਪੈਟਰੋਲ ਤੇ ਡਾਲਰ ਦੀ ਕੀਮਤ ਵਿੱਚ ਉਛਾਲ ਦੇ ਨਾਲ ਹੀ ਡਰਾਈ ਫਰੂਟਸ, ਆਟਾ, ਸਰ੍ਹੋਂ ਦਾ ਤੇਲ, ਰਿਫਾਇੰਡ, ਡਾਲਡਾ, ਦਾਲ, ਨਮਕੀਨ, ਮਸਾਲੇ, ਸਬਜੀਆਂ, ਦੁੱਧ, ਪੀਣ ਵਾਲੇ ਪਦਾਰਥ ਅਤੇ ਟ੍ਰਾਂਸਪੋਰਟ ਸਮੇਤ ਕਈ ਜਰੂਰੀ ਵਸਤੂਆਂ ਮਹਿੰਗੀਆਂ ਹੋ ਗਈਆਂ ਹਨ।

ਇਸ ਨਾਲ ਸਹਿਰ ਵਾਸੀਆਂ ਦਾ ਮਹੀਨਾਵਾਰ ਖਰਚਾ ਸਿੱਧੇ ਤੌਰ 'ਤੇ ਵੱਧ ਗਿਆ ਹੈ। ਮਾਹਿਰਾਂ ਅਨੁਸਾਰ, ਮਹਿੰਗਾਈ ਵਧਣ ਨਾਲ ਇੱਕ ਪਰਿਵਾਰ ਦਾ ਲਗਭਗ 2,000 ਤੋਂ 5,000 ਰੁਪਏ ਤੱਕ ਦਾ ਵਾਧੂ ਖਰਚਾ ਵਧਿਆ ਹੈ, ਜਿਸ ਕਾਰਨ ਕਈ ਪਰਿਵਾਰ ਆਰਥਿਕ ਸੰਕਟ ਨਾਲ ਜੂਝ ਰਹੇ ਹਨ।

ਪਿਸਤੇ ਦੀ ਕੀਮਤ 2600 ਤੋਂ ਵਧ ਕੇ 3300 ਰੁਪਏ ਹੋਈ

ਓਲਡ ਵਿਜੇ ਨਗਰ ਸਥਿਤ ਪੁਨੀਤ ਸੇਲਜ ਦੇ ਸੰਚਾਲਕ ਸੰਜੀਵ ਨੇ ਦੱਸਿਆ ਕਿ ਥੋਕ ਰੇਟ 'ਤੇ ਕਾਜੂ ਦੀ ਕੀਮਤ 900 ਤੋਂ ਵਧ ਕੇ 1100 ਰੁਪਏ ਹੋ ਗਈ ਹੈ। ਇਸੇ ਤਰ੍ਹਾਂ ਬਾਦਾਮ 800 ਤੋਂ 905, ਕਿਸਮਿਸ 300 ਤੋਂ 400, ਪਿਸਤਾ 2600 ਤੋਂ 3300, ਅਖਰੋਟ 450 ਤੋਂ 900, ਮਖਾਣੇ 500 ਤੋਂ 1000 ਅਤੇ ਅਖਰੋਟ ਗਿਰੀ ਦੀ ਕੀਮਤ 800 ਤੋਂ ਵਧ ਕੇ ਲਗਭਗ 1100 ਰੁਪਏ ਹੋ ਗਈ ਹੈ।

ਦਾਲਾਂ ਦੀਆਂ ਕੀਮਤਾਂ ਵਿੱਚ ਵੀ ਵਾਧਾ

ਸਿਵਹਰੇ ਟ੍ਰੇਡਰਜ ਦੇ ਸੰਚਾਲਕ ਪ੍ਰਮੋਦ ਗੁਪਤਾ ਦਾ ਕਹਿਣਾ ਹੈ ਕਿ ਸਾਰੀਆਂ ਕਿਸਮਾਂ ਦੇ ਚੌਲਾਂ 'ਤੇ 10 ਤੋਂ 30 ਰੁਪਏ ਤੱਕ ਦਾ ਵਾਧਾ ਹੋਇਆ ਹੈ। ਕਾਬੁਲੀ ਛੋਲਿਆਂ ਦੀ ਕੀਮਤ 100 ਤੋਂ 110 ਰੁਪਏ ਹੋ ਗਈ ਹੈ। ਇਸ ਦੇ ਨਾਲ ਹੀ ਅਰਹਰ ਦੀ ਦਾਲ 100 ਤੋਂ 115, ਕਾਲੇ ਛੋਲੇ 60 ਤੋਂ 68, ਚਨੇ ਦੀ ਦਾਲ 67 ਤੋਂ 72 ਅਤੇ ਉੜਦ ਦੀ ਦਾਲ 95 ਤੋਂ ਵਧ ਕੇ 100 ਰੁਪਏ ਹੋ ਗਈ ਹੈ।

ਖਾਣ ਵਾਲੇ ਤੇਲ, ਮਸਾਲੇ ਅਤੇ ਆਟਾ ਹੋਇਆ ਮਹਿੰਗਾ

ਪ੍ਰਵੇਸ਼ ਪ੍ਰੋਵੀਜਨ ਸਟੋਰ ਦੇ ਸੰਚਾਲਕ ਹੇਮੰਤ ਅਗਰਵਾਲ ਨੇ ਦੱਸਿਆ ਕਿ ਡਰਾਈ ਫਰੂਟਸ ਦੇ ਨਾਲ-ਨਾਲ ਤੇਲ, ਮਸਾਲੇ, ਆਟਾ, ਸਾਬਣ ਆਦਿ ਦੀਆਂ ਕੀਮਤਾਂ ਵੀ ਵਧ ਗਈਆਂ ਹਨ। ਡਾਲਡਾ ਦੀ ਕੀਮਤ 140 ਤੋਂ ਵਧ ਕੇ 160 ਰੁਪਏ ਹੋ ਗਈ ਹੈ।

ਉੱਥੇ ਹੀ, ਖੁੱਲ੍ਹਾ ਰਿਫਾਇੰਡ 150 ਤੋਂ 170, ਕਾਲੀ ਮਿਰਚ 600 ਤੋਂ 800, ਜੀਰਾ 250 ਤੋਂ 350, ਸੇਂਧਾ ਨਮਕ 50 ਤੋਂ 70, ਕੱਪੜੇ ਧੋਣ ਵਾਲਾ ਸਾਬਣ 40 ਤੋਂ 80, ਸਾਬਤ ਲਾਲ ਮਿਰਚ 200 ਤੋਂ 260, ਸਾਬਤ ਹਲਦੀ 200 ਤੋਂ 240, ਸਾਬਤ ਧਨੀਆ 140 ਤੋਂ 160, ਸਰ੍ਹੋਂ ਦਾ ਤੇਲ 160 ਤੋਂ 170 ਅਤੇ ਆਟੇ ਦੀ ਕੀਮਤ 30 ਤੋਂ ਵਧ ਕੇ 32 ਰੁਪਏ ਪ੍ਰਤੀ ਕਿਲੋ ਹੋ ਗਈ ਹੈ।

ਸਬਜੀਆਂ 'ਤੇ 10 ਤੋਂ 50 ਰੁਪਏ ਦਾ ਵਾਧਾ

ਸਬਜੀ ਵਿਕਰੇਤਾ ਸੁਮਿਤ ਨੇ ਦੱਸਿਆ ਕਿ ਇੱਕ ਮਹੀਨੇ ਤੋਂ ਸਬਜੀਆਂ ਦੀਆਂ ਕੀਮਤਾਂ ਨਿਰੰਤਰ ਵਧ ਰਹੀਆਂ ਹਨ। ਗੋਭੀ, ਧਨੀਆ, ਹਰੀ ਮਿਰਚ, ਭਿੰਡੀ, ਤੋਰੀ, ਪਾਲਕ ਅਤੇ ਮੂਲੀ ਆਦਿ 'ਤੇ 10 ਤੋਂ 50 ਰੁਪਏ ਦਾ ਵਾਧਾ ਹੋਇਆ ਹੈ। ਸਾਨੂੰ ਮੰਡੀ ਤੋਂ ਮਹਿੰਗੇ ਭਾਅ ਸਬਜੀ ਖਰੀਦਣੀ ਪੈ ਰਹੀ ਹੈ। ਨਾਲ ਹੀ ਮਾਲ-ਭਾੜਾ ਵੀ ਮਹਿੰਗਾ ਹੋ ਗਿਆ ਹੈ।

ਸੀ.ਏ ਐਸ.ਕੇ. ਬਾਜਪਾਈ ਦਾ ਕਹਿਣਾ ਹੈ ਕਿ ਪੈਟਰੋਲ, ਸੀ.ਐਨ.ਜੀ, ਸਬਜੀ ਅਤੇ ਰਾਸਨ ਵਿੱਚ ਵਾਧੇ ਨਾਲ ਆਮ ਆਦਮੀ ਦੀ ਕਮਰ ਟੁੱਟ ਰਹੀ ਹੈ। ਜੋ ਵਿਅਕਤੀ ਮਹੀਨੇ ਦਾ 10 ਤੋਂ 15 ਹਜਾਰ ਰੁਪਏ ਕਮਾ ਰਿਹਾ ਹੈ, ਉਸ ਲਈ ਗੁਜਾਰਾ ਕਰਨਾ ਬਹੁਤ ਮੁਸਕਲ ਹੋ ਰਿਹਾ ਹੈ।


## Matrimonial

Suitable match for Jat Sikh clean shaved boy (son of my Bhaanji from distt. Jalandhar), 5' - 11", Polytechnic diploma holder from Punjab and hospitality diploma from Australia, 491 skilled Regional Visa (State Nomination) holder in Australia (Sure to be PR shortly). He is fatherless and has one brother only, has some property in his village. The girl nearly 5'-5", should be around 30 and be good looking.
Call Avtar Sangha +61 437641033
(Editor of the Newspaper)

## Matrimonial

Navpreet Kaur Bajwa D.O.B- 01/01/2001
Height- 5ft. 3 in.B.Sc. Nursing completed in 2024 Nclex RN (Australia) clear OSCE Pending Father - Govt. employee Mother - Khalsa College employee 1 Brother- pursuing B.Sc. Nursing in Australia
Contact us for details
+61435440644 & +61 437641033


## ਜਰੂਰੀ ਸੂਚਨਾ

ਪ੍ਰਿੰਟ ਮੀਡੀਆ ਦੀ ਮਹੱਤਤਾ ਬਹੁਤ ਘਟ ਗਈ ਏ। ਇਹ ਕਥਨ ਵੀ ਸੱਚ ਹੈ ਕਿ ਪਰੌਢ ਪਾਠਕ ਵਰਗ ਬੜੀ ਧੀਵੀਂ ਸਪੀਡ ਦੇ ਨਾਲ਼ ਡੀਜ਼ੀਟਲ ਮੀਡੀਆ ਦੇ ਵਲ ਨੂੰ ਆ ਰਿਹਾ ਏ। ਸਮੇਂ ਦਾ ਹਾਣੀ ਬਣੇ ਰਹਿਣਾ ਮਨੁੱਖ ਲਈ ਅਤਿ ਜਰੂਰੀ ਹੈ। ਮਾਜੂਦਾ ਡਿਜ਼ੀਟਲ ਯੁੱਗ ਵਿੱਚ ਕਾਰੋਬਾਰੀ ਇਸ਼ਤਿਹਾਰ ਵੀ ਫੇਸਬੁੱਕ ਅਤੇ ਇੰਸਟਾਗਰਾਮ ਦਾ ਹਿੱਸਾ ਬਣ ਰਹੇ ਹਨ। ਮੇਰੇ 4900 ਫੇਸਬੁੱਕ ਮਿੱਤਰ ਹਨ ਤੁਹਾਡੀ ਐਡ ਉਨ੍ਹਾਂ ਪਾਸ ਪਹੁੰਚਣੀ ਹੀ ਹੈ। ਇਸਤੋਂ ਇਲਾਵਾ ਮੈਂ ਵਹੱਟਸਅਪ ਚੈਨਲ ਵੀ ਬਣਾ ਦਿੱਤਾ ਹੈ। ਆਪਣੇ ਸਾਰੇ ਵਹੱਟਸਅੱਪ ਸਾਥੀਆਂ ਨੂੰ ਅਖਬਾਰ ਦੀ ਪੀ. ਡੀ. ਐਫ. ਵੀ ਭੇਜ ਦਿੰਦਾ ਹਾਂ। ਇਸ ਪ੍ਰਕਾਰ ਤੁਹਾਡੇ ਇਸ਼ਤਿਹਾਰ ਹਾਰਡ ਕਾਪੀ ਤੋਂ ਵੀ ਵੱਧ ਲੋਕਾਂ ਤੱਕ ਪਹੁੰਚ ਜਾਂਦੇ ਹਨ। ਡਿਜ਼ੀਟਲ ਐਡੀਸ਼ਨ ਦੇ ਇਸ਼ਤਿਹਾਰਾਂ ਦੀਆਂ ਕੀਮਤਾਂ ਵੀ ਮੈਂ ਅੱਧੀਆਂ ਕਰ ਦਿੱਤੀਆਂ ਹਨ।

ਸਮੇਂ ਦੀ ਰਫਤਾਰ ਨਾਲ਼ ਤੁਰਦੇ ਹੋਏ ਡਿਜ਼ੀਟਲ ਮੀਡੀਆ ਦੇ ਹਾਣੀ ਬਣੋ ਅਤੇ ਸਮੇਂ ਤੇ ਇਸ਼ਤਿਹਾਰਬਾਜ਼ੀ ਦਾ ਲਾਭ ਉਠਾਓ।

ਸੰਪਾਦਕ
ਡਾ: ਅਵਤਾਰ ਐਸ. ਸੰਘਾ

ਵਹੱਟਸਅਪ ਚੈਨਲ ਨੂੰ ਫੌਲੋ ਕਰਨ ਲਈ ਸਕੈਨ ਕਰੋ

## ਦਾ ਪੰਜਾਬ ਹੈਰਲਡ

ਵਿਚ ਕਿਸੇ ਵੀ ਤਰ੍ਹਾਂ ਦੀਆਂ ਖਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਹੇਠ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ 20 ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ।

thepunjabherald1@gmail.com

ਜੇਕਰ ਕਿਸੇ ਨੇ ਇਸ਼ਤਿਹਾਰ ਛਪਵਾਉਣਾ ਬੰਦ ਕਰਾਉਣਾ ਹੋਵੇ ਤਾਂ ਉਹ ਮਹੀਨੇ ਦੀ 20 ਤਾਰੀਖ ਤੋਂ ਪਹਿਲਾਂ ਪਹਿਲਾਂ ਸਾਨੂੰ ਸੂਚਿਤ ਕਰੇ।

**If somebody wishes to discontinue the advertisement, then please intimate us by calling 0437641033 before 20th every month.**

ਸੰਪਰਕ 0437641033


Disclaimer

The Punjab Herald and the staff associated with it are not responsible for any claims made by the advertisers and do not endorse any product or advertisement published in the newspaperÍ The views expressed in the advertisement and various articles belong solely to the concerned advertisers and authorsÍ They do not reflect the views of the newspaper managementÍ Jurisdiction SydneyÍ

# ਮੂੰਹ ਦੇ ਮਿੱਠੇ ਤੇ ਦਿਲ ਵਿਚ ਨਫ਼ਰਤ ਰੱਖਣ ਵਾਲੇ ਮਿੱਤਰਾਂ ਤੋਂ ਰਹੋ ਹਮੇਸ਼ਾ ਸਾਵਧਾਨ



ਜ਼ਿਆਦਾਤਰ ਸ਼ਾਤਰ ਦਿਮਾਗ਼ ਲੋਕ ਅਕਸਰ ਸਾਡਾ ਨੁਕਸਾਨ ਕਰ ਕੇ ਸਾਡਾ ਧਿਆਨ ਕਿਸੇ ਵਿਅਕਤੀ ਵੱਲ ਭੜਕਾਉਣ ਦੀ ਕੋਸ਼ਿਸ਼ ਕਰਨਗੇ ਅਤੇ ਕਹਿਣਗੇ ਕਿ ਮੈਂ ਤੇ ਤੇਰਾ ਦੋਸਤ ਹਾਂ ਪਰ ਤੇਰਾ ਨੁਕਸਾਨ ਉਸ ਵਿਅਕਤੀ ਨੇ ਕੀਤਾ ਹੈ।
ਅਕਸਰ ਹੀ ਅਸੀਂ ਦੇਖਦੇ ਹਾਂ ਕਿ ਕਈ ਲੋਕ ਮੂੰਹ ਦੇ ਬਹੁਤ ਜ਼ਿਆਦਾ ਮਿੱਠੇ ਹੁੰਦੇ ਹਨ ਅਤੇ ਸਾਡੇ ਨਾਲ ਹਰ ਗੱਲ ਇਸ ਤਰ੍ਹਾਂ ਮਿਠਾਸ ਭਰੇ ਅੰਦਾਜ਼ ਵਿਚ ਕਰਦੇ ਹਨ ਕਿ ਸਾਨੂੰ ਲਗਦਾ ਹੈ ਕਿ ਇਸ ਤੋਂ ਵਧ ਕੇ ਸਾਡਾ ਨੇੜਲਾ ਦਿਲ ਦਾ ਸਾਥੀ ਕੋਈ ਵੀ ਨਹੀਂ ਹੋ ਸਕਦਾ ਪਰ ਉਹ ਲੋਕ ਜੋ ਮੂੰਹ 'ਤੇ ਬਹੁਤ ਮਿੱਠੇ ਹੋਣ ਦਾ ਦਾਅਵਾ ਕਰਦੇ ਹਨ, ਅਸਲ ਵਿਚ ਉਹ ਕਈ ਲੋਕ ਤੁਹਾਡੇ ਅਸਲ ਵਿਚ ਅੰਦਰੋਂ ਅੰਦਰੀ ਬਹੁਤ ਵੱਡੇ ਦੁਸ਼ਮਣ ਹੁੰਦੇ ਹਨ।
ਇਸ ਲਈ ਕਿਸੇ 'ਤੇ ਵਿਸ਼ਵਾਸ ਕਰਨ ਤੋਂ ਪਹਿਲਾਂ ਉਸ ਦੀ ਪਰਖ ਕਰਨੀ ਬਹੁਤ ਹੀ ਜ਼ਰੂਰੀ ਹੈ ਕਿਉਂਕਿ ਚਾਤਰ ਲੋਕ ਸ਼ਰੀਫ਼ ਲੋਕਾਂ ਨਾਲ ਵਿਸ਼ਵਾਸਘਾਤ ਕਰਕੇ ਆਪਣਾ ਮਤਲਬ ਕੱਢ ਲੈਂਦੇ ਹਨ ਅਤੇ ਦੂਸਰੇ ਵਿਅਕਤੀ ਨੂੰ ਦਰਕਿਨਾਰ ਕਰ ਦਿੰਦੇ ਹਨ। ਇਹ ਲੋਕ ਸੋਚਦੇ ਹਨ ਕਿ ਅਸੀਂ ਸਭ ਤੋਂ ਚਲਾਕ ਹਾਂ ਬਹੁਤ ਸਾਰੇ ਲੋਕਾਂ ਨੂੰ ਬੇਵਕੂਫ਼ ਬਣਾ ਰਹੇ ਹਾਂ ਪਰ ਇਹੋ ਜਿਹੇ ਲੋਕਾਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਜਿੰਨਾ ਸੱਚੇ ਸੁੱਚੇ ਲੋਕਾਂ ਦਾ ਰੱਬ ਰਾਖਾ ਹੁੰਦਾ ਉਨ੍ਹਾਂ ਦਾ ਵਾਲ ਵੀ ਵਿੰਗਾ ਨਹੀਂ ਹੋ ਸਕਦਾ।
ਕਹਿੰਦੇ ਹਨ ਕਿ ਰੱਬ ਦੀ ਲਾਠੀ ਵਿਚ ਆਵਾਜ਼ ਨਹੀਂ ਹੁੰਦੀ ਪਰ ਮਾਰ ਬਹੁਤ ਜ਼ਿਆਦਾ ਮਾਰਦੀ ਹੈ ਜੋ ਅਸੀਂ ਕਿਸੇ ਨੂੰ ਦੱਸ ਵੀ ਨਹੀਂ ਸਕਦੇ। ਡਰ ਜਿੰਨਾ ਜ਼ਿਆਦਾ ਹੋ ਸਕਦਾ ਹੈ, ਡਰੋ ਰੱਬ ਦੀ ਮਾਰ ਤੋਂ। ਜ਼ਿਆਦਾਤਰ ਸ਼ਾਤਰ ਦਿਮਾਗ਼ ਲੋਕ ਅਕਸਰ ਸਾਡਾ ਨੁਕਸਾਨ ਕਰ ਕੇ ਸਾਡਾ ਧਿਆਨ ਕਿਸੇ ਵਿਅਕਤੀ ਵੱਲ ਭੜਕਾਉਣ ਦੀ ਕੋਸ਼ਿਸ਼ ਕਰਨਗੇ ਅਤੇ ਕਹਿਣਗੇ ਕਿ ਮੈਂ ਤੇ ਤੇਰਾ ਦੋਸਤ ਹਾਂ ਪਰ ਤੇਰਾ ਨੁਕਸਾਨ ਉਸ ਵਿਅਕਤੀ ਨੇ ਕੀਤਾ ਹੈ ਜਦ ਕਿ ਨੁਕਸਾਨ ਖ਼ੁਦ ਹੀ ਕੀਤਾ ਹੁੰਦਾ ਹੈ ਪਰ ਭੋਲਾ-ਭਾਲਾ ਵਿਅਕਤੀ ਐਵੇਂ ਇਨ੍ਹਾਂ ਦੀਆਂ ਗੱਲਾਂ ਵਿਚ ਆ ਕੇ ਫਸ ਜਾਂਦਾ ਹੈ। ਇਸ ਲਈ ਅੱਜ ਦੇ ਵਿਗਿਆਨਕ ਯੁੱਗ ਵਿਚ ਆਪਣੇ ਆਸ ਪਾਸ ਦੋਸਤਾਂ ਮਿੱਤਰਾਂ ਨੂੰ ਪਹਿਚਾਣਨ ਦੀ ਕੋਸ਼ਿਸ਼ ਕਰੋ ਅਤੇ ਦੇਖੋ ਕਿ ਤੁਹਾਨੂੰ ਕੋਈ ਪਾਗਲ ਬਣਾ ਕੇ ਆਪਣਾ ਮਤਲਬ ਤਾਂ ਨਹੀਂ ਕੱਢ ਰਿਹਾ ਅਗਰ ਕੋਈ ਐਸਾ ਦੋਸਤ ਮਿੱਤਰ ਜਾਂ ਰਿਸ਼ਤੇਦਾਰ ਤੁਹਾਡੀ ਜ਼ਿੰਦਗੀ ਵਿਚ ਹੈ ਤਾਂ ਉਸ ਨੂੰ ਤੁਰੰਤ ਅਲਵਿਦਾ ਕਹਿ ਦਿਉ।

ਸੰਦੀਪ ਕੰਬੋਜ

# ਸਵੇਰੇ-ਸਵੇਰੇ ਕੂੜਾ-ਕਚਰਾ ਨਾ ਖਾਓ

ਹਾਲ ਹੀ ਦੇ ਸਾਲਾਂ ਵਿਚ ਡਾਈਟਿੰਗ ਨੂੰ ਲੈ ਕੇ ਬਹੁਤ ਜ਼ਿਆਦਾ ਚੌਕਸੀ ਵਧੀ ਹੈ। ਇਸ ਲਈ ਹੁਣ ਸਾਡੇ ਵਿਚੋਂ ਸ਼ਾਇਦ ਹੀ ਕੋਈ ਅਜਿਹਾ ਹੋਵੇ ਜੋ ਇਸ ਗੱਲ ਨੂੰ ਚੰਗੀ ਤਰ੍ਹਾਂ ਨਾ ਜਾਣਦਾ ਹੋਵੇ ਕਿ ਸਾਡੀ ਸਿਹਤ ਲਈ ਸਵੇਰ ਦੇ ਨਾਸ਼ਤੇ ਦੀ ਕਿੰਨੀ ਅਹਿਮੀਅਤ ਹੈ। ਸਾਡੇ ਦਿਨ ਭਰ ਖਾਧੇ ਜਾਣ ਵਾਲੇ ਭੋਜਨ ਵਿਚ ਨਾਸ਼ਤਾ ਬਹੁਤ ਅਹਿਮ ਹੁੰਦਾ ਹੈ। ਸਵੇਰ ਦੇ ਨਾਸ਼ਤੇ ਵਿਚ ਜੇ 5 ਤੋਂ 7 ਬਦਾਮ ਰਾਤ ਨੂੰ ਪਾਣੀ ਵਿਚ ਭਿਉਂ ਕੇ ਲਏ ਜਾਣ ਉਹ ਵੀ ਬਹੁਤ ਲਾਭਕਾਰੀ ਹਨ। ਪਰ ਇਨ੍ਹਾਂ ਨੂੰ ਸਵੇਰੇ ਖਾਲੀ ਪੇਟ ਲੈਣਾ ਚਾਹੀਦਾ ਹੈ। ਬਦਾਮ ਵਿਚੋਂ ਵਿਟਾਮਿਨ, ਫਾਈਬਰ, ਪ੍ਰੋਟੀਨ, ਮੈਗਨੀਜ਼ ਅਤੇ ਓਮੇਗਾ-3 ਫੈਟੀ ਐਸਿਡ ਮਿਲਦੇ ਹਨ। ਜੇਕਰ ਸਵੇਰੇ ਤੁਸੀਂ 15-20 ਬਦਾਮ ਖਾਂਦੇ ਹੋ ਤਾਂ ਇਹ ਸਰੀਰ ਲਈ ਨੁਕਸਾਨਦਾਇਕ ਨਹੀਂ ਹੋਣਗੇ ਪਰ ਇਹ ਰਾਤ ਨੂੰ ਪਾਣੀ ਵਿਚ ਭਿਉਂ ਕੇ ਰੱਖੇ ਹੋਏ ਹੋਣ। ਸਵੇਰ ਦੇ ਨਾਸ਼ਤੇ ਵਿਚ ਦਹੀਂ ਵੀ ਅਹਿਮ ਮੰਨਿਆ ਜਾਂਦਾ ਹੈ। ਨਾਸ਼ਤੇ ਵਿਚ ਇਕ ਕੌਲੀ ਦਹੀਂ ਨਾ ਸਿਰਫ ਪੂਰੇ ਦਿਨ ਲਈ ਸਾਡਾ ਪੇਟ ਸਾਫ਼ ਰੱਖਦਾ ਹੈ, ਪਾਚਣ ਪ੍ਰਣਾਲੀ ਠੀਕ ਰੱਖਦਾ ਹੈ ਸਗੋਂ ਇਹ ਵੀ ਤੁਰੰਤ ਊਰਜਾ ਦਿੰਦਾ ਹੈ। ਸੇਬ ਅਤੇ ਸੰਤਰਾ ਇਹ ਦੋਵੇਂ ਫਲ ਜ਼ਿੰਦਗੀ ਦੀ ਜਾਨ ਹਨ। ਅਜਿਹਾ ਤਾਂ ਵੀ ਕਿਹਾ ਜਾਂਦਾ ਹੈ ਕਿ ਹਰ ਦਿਨ ਇਕ ਸੇਬ ਖਾਓ ਅਤੇ ਡਾਕਟਰ ਤੋਂ ਦੂਰ ਰਹੋ। ਦਰਅਸਲ ਇਕ ਸੇਬ ਵਿਚ ਉਹ ਸਾਰੇ ਜ਼ਰੂਰੀ ਤੱਤ ਹੁੰਦੇ ਹਨ ਜੋ ਕਿਸੇ ਵੀ ਵਿਅਕਤੀ ਨੂੰ ਬਿਮਾਰ ਹੋਣ ਤੋਂ ਬਚਾਉਣ ਦੀ ਸਮਰੱਥਾ ਰੱਖਦੇ ਹਨ। ਸੇਬ ਦੀ ਤਰ੍ਹਾਂ ਸੰਤਰਾ ਵੀ ਮਹੱਤਵਪੂਰਨ ਫਲ ਹੈ। ਸੰਤਰੇ ਵਿਚ ਰੋਗ ਰੋਕੂ ਸ਼ਕਤੀ ਦੀ ਜ਼ਬਰਦਸਤ ਸਮਰੱਥਾ ਹੁੰਦੀ ਹੈ। ਸੰਤਰਾ ਵੀ ਸਾਡੀ ਪਾਚਣ ਪ੍ਰਣਾਲੀ ਨੂੰ ਸਹੀ ਰੱਖਦਾ ਹੈ। ਸਵੇਰੇ ਦੇ ਸਿਹਤਮੰਦ ਅਤੇ ਪੌਸ਼ਟਿਕ ਨਾਸ਼ਤੇ ਵਿਚ ਆਂਡਾ ਵੀ ਮਹੱਤਵਪੂਰਨ ਹੈ ਪਰ ਜ਼ਿਆਦਾ ਤੇਲ, ਮਸਾਲਿਆਂ ਨਾਲ ਬਣਾਇਆ ਗਿਆ ਆਮਲੇਟ ਨਹੀਂ ਸਗੋਂ ਉੱਬਲਿਆ ਆਂਡਾ। ਜੇਕਰ ਅਸੀਂ ਹਰ ਰੋਜ਼ ਸਵੇਰੇ ਦੋ ਉੱਬਲੇ ਆਂਡੇ ਖਾਂਦੇ ਹਾਂ ਤਾਂ ਸਾਡੇ ਸਰੀਰ ਨੂੰ ਜ਼ਰੂਰੀ ਵਿਟਾਮਿਨ ਡੀ ਅਤੇ ਪ੍ਰੋਟੀਨ ਮਿਲ ਜਾਂਦੇ ਹਨ। ਇਸ ਲਈ ਵਧ ਰਹੇ ਬੱਚਿਆਂ ਨੂੰ ਆਂਡਾ ਖਾਣ 'ਤੇ ਜ਼ੋਰ ਦਿੱਤਾ ਜਾਂਦਾ ਹੈ।



... ਤਾਂ ਅਸੀਂ ਇਹ ਜਾਣਿਆ ਹੈ ਕਿ ਸਵੇਰੇ ਨਾਸ਼ਤੇ ਵਿਚ ਕੀ-ਕੀ ਖਾਣਾ ਸਾਡੇ ਲਈ ਫਾਇਦੇਮੰਦ ਹੁੰਦਾ ਹੈ। ਪਰ ਜੋ ਲੋਕ ਸਵੇਰ ਦਾ ਨਾਸ਼ਤਾ ਨਹੀਂ ਕਰਦੇ ਉਹ ਇਕ ਤਰ੍ਹਾਂ ਨਾਲ ਆਪਣੀ ਸਿਹਤ ਨਾਲ ਖਿਲਵਾੜ ਕਰਦੇ ਹਨ, ਕਿਉਂਕਿ ਇਸ ਨਾਲ ਉਨ੍ਹਾਂ ਦਾ ਪਾਚਣਤੰਤਰ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦਾ ਹੈ। ਮਾਹਰਾਂ ਅਨੁਸਾਰ ਨਾਸ਼ਤੇ ਵਿਚ 8-9 ਚਮਚ ਅਨਾਜ ਅਤੇ 10-15 ਗ੍ਰਾਮ ਲੀਨ ਪ੍ਰੋਟੀਨ ਦਾ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਇਕ ਹੋਰ ਅਹਿਮ ਗੱਲ ਇਹ ਹੈ ਕਿ ਸਵੇਰ ਦਾ ਨਾਸ਼ਤਾ ਸਵੇਰੇ ਉੱਠਣ ਤੋਂ ਦੋ ਘੰਟੇ ਦੇ ਅੰਦਰ-ਅੰਦਰ ਕਰ ਲੈਣਾ ਚਾਹੀਦਾ ਹੈ। ਉਂਜ ਡਾਕਟਰ ਇਕ ਤੋਂ ਦੋ ਘੰਟਿਆਂ ਵਿਚ ਨਾਸ਼ਤਾ ਕਰਨ ਨੂੰ ਕਹਿੰਦੇ ਹਨ। ਜੇ ਅਸੀਂ ਸਵੇਰੇ 5 ਵਜੇ ਉੱਠ ਕੇ 10 ਵਜੇ ਨਾਸ਼ਤਾ ਕਰਦੇ ਹਾਂ ਤਾਂ ਇਹ ਨਾਸ਼ਤਾ ਸਰੀਰ ਲਈ ਫ਼ਾਇਦੇਮੰਦ ਨਹੀਂ ਬਲਕਿ ਨੁਕਸਾਨਦਾਇਕ ਹੈ। ਨਾਸ਼ਤੇ ਵਿਚ ਪ੍ਰੋਟੀਨ ਅਤੇ ਕਾਰਬੋਹਾਈਡਰੇਟ ਦਾ ਸੰਤੁਲਨ ਹੋਣਾ ਜ਼ਰੂਰੀ ਹੁੰਦਾ ਹੈ। ਜੇਕਰ ਅਸੀਂ ਲਗਾਤਾਰ ਸਵੇਰੇ ਸਿਹਤਮੰਦ ਨਾਸ਼ਤਾ ਕਰਦੇ ਹਾਂ ਤਾਂ ਸਾਡਾ ਸਰੀਰ ਸਿਹਤਮੰਦ ਰਹੇਗਾ, ਯਾਦ ਸ਼ਕਤੀ ਮਜ਼ਬੂਤ ਰਹੇਗੀ, ਅੱਖਾਂ ਦੀ ਰੌਸ਼ਨੀ ਬਰਕਰਾਰ ਰਹੇਗੀ ਅਤੇ ਕੰਮ ਕਰਨ ਦੀ ਸਮਰੱਥਾ ਵਿਚ ਕਮੀ ਨਹੀਂ ਆਏਗੀ।

# ਗਰਮੀਆਂ ਵਿਚ ਖੀਰੇ ਨਾਲ ਹਾਸਲ ਕਰੋ ਚਮਕਦੀ ਦਿੱਖ



ਬੇਹੱਦ ਗਰਮੀ ਵਿਚ ਚਮੜੀ ਨੂੰ ਜਿਉਂਦੇ ਅਤੇ ਮੁਲਾਇਮ ਰੱਖਣ ਲਈ ਖੀਰਾ ਸਦੀਆਂ ਤੋਂ ਵਰਤੋਂ ਵਿਚ ਲਿਆਂਦਾ ਜਾ ਰਿਹਾ ਹੈ। ਤੇਲ ਵਾਲੀ ਚਮੜੀ ਲਈ ਤੁਸੀਂ ਖੀਰੇ ਦੇ ਰਸ ਨੂੰ ਸਿੱਧੇ ਚਮੜੀ 'ਤੇ ਲਗਾ ਕੇ 15 ਮਿੰਟ ਬਾਅਦ ਸਾਫ਼ ਪਾਣੀ ਨਾਲ ਧੋ ਲਓ। ਖੀਰੇ ਦੇ ਰਸ ਅਤੇ ਗੁਲਾਬ ਜਲ ਨੂੰ ਮਿਲਾ ਕੇ ਬਣੇ ਮਿਸ਼ਰਨ ਨੂੰ ਚਿਹਰੇ 'ਤੇ ਲਗਾ ਕੇ 15 ਮਿੰਟ ਬਾਅਦ ਪਾਣੀ ਨਾਲ ਧੋ ਲਓ।
ਖੀਰੇ ਦੇ ਗਾੜ੍ਹੇ ਗੁੱਦੇ ਵਿਚ ਦੋ ਚਮਚ ਗੁਲਾਬ ਜਲ ਪਾ ਕੇ ਬਲੈਂਡ ਕਰ ਲਓ ਅਤੇ ਇਸ ਮਿਸ਼ਰਨ ਨੂੰ ਚਿਹਰੇ 'ਤੇ ਲਗਾ ਕੇ 30 ਮਿੰਟ ਬਾਅਦ ਤਾਜ਼ੇ ਸਾਫ਼ ਪਾਣੀ ਨਾਲ ਧੋ ਲਓ। ਖੀਰਾ ਐਸਟ੍ਰਿਨਜੈਂਟ ਹੁੰਦਾ ਹੈ ਅਤੇ ਟੋਨਿੰਗ ਅਤੇ ਰਿਫ੍ਰੈਸ਼ਿੰਗ ਤੋਂ ਇਲਾਵਾ ਇਹ ਚਮੜੀ ਦੇ ਸੁਰਾਖਾਂ ਨੂੰ ਬੰਦ ਕਰਦਾ ਹੈ ਅਤੇ ਚਮੜੀ ਦੇ ਤੇਲ ਪ੍ਰਭਾਵ ਨੂੰ ਘੱਟ ਕਰਦਾ ਹੈ। ਖੀਰੇ ਨੂੰ ਕੱਦੂਕਸ਼ ਕਰ ਕੇ ਜਾਂ ਖੀਰੇ ਦੇ ਰਸ ਨੂੰ ਅੱਖਾਂ ਦੇ ਆਲੇ-ਦੁਆਲੇ ਰੱਖਣ ਨਾਲ ਕਾਲੇ ਧੱਬੇ ਘੱਟ ਹੁੰਦੇ ਹਨ ਅਤੇ ਚਮੜੀ ਦੀ ਰੰਗਤ ਵਿਚ ਨਿਖਾਰ ਆਉਂਦਾ ਹੈ।
ਖੀਰਾ, ਨਾਰੀਅਲ ਤੇਲ, ਗਾਜਰ ਬੀਜ ਦਾ ਤੇਲ ਅਤੇ ਕੁਆਰ ਜੈੱਲ ਨੂੰ ਮਿਲਾ ਕੇ ਕ੍ਰੀਮੀ ਮਿਸ਼ਰਨ ਬਣਾ ਲਓ। ਇਸ ਮਿਸ਼ਰਨ ਨੂੰ ਬਰਫ਼ ਦੀਆਂ ਟੁਕੜੀਆਂ ਵਿਚ ਪਾ ਕੇ ਫਰੀਜਰ ਵਿਚ ਰੱਖ ਲਓ ਅਤੇ ਇਸ ਨੂੰ ਜੰਮਣ ਦਿਓ। ਹੁਣ ਆਈਸ ਕਿਊਬ ਨੂੰ ਅੱਖਾਂ ਦੇ ਆਲੇ-ਦੁਆਲੇ ਲਗਾ ਕੇ ਮਾਲਿਸ਼ ਕਰੋ ਪਰ ਇਹ ਧਿਆਨ ਰੱਖੋ ਕਿ ਮਿਸ਼ਰਨ ਅੱਖਾਂ ਦੇ ਅੰਦਰ ਬਿਲਕੁਲ ਨਾ ਜਾਵੇ। ਕੁਝ ਸਮੇਂ ਬਾਅਦ ਚਮੜੀ ਨੂੰ ਧੋ ਲਓ।
ਖੀਰੇ ਦਾ ਫੇਸ ਮਾਸਕ ਲਗਾਉਂਦੇ ਸਮੇਂ ਚਮੜੀ ਦੀ ਘੁਮਾਦਾਰ ਮਾਲਿਸ਼ ਕਰੋ ਜਿਸ ਨਾਲ ਉਹ ਚਮੜੀ ਦੇ ਸੁਰਾਖਾਂ ਵਿਚ ਆਸਾਨੀ ਨਾਲ ਦਾਖਲ ਕਰ ਸਕੇ ਅਤੇ ਚਮੜੀ ਵਿਚ ਖ਼ੂਨ ਸੰਚਾਰ ਦਾ ਲਗਾਤਾਰ ਵਹਾਅ ਹੋ ਸਕੇ। ਮਾਸਕ ਨੂੰ ਚਮੜੀ 'ਤੇ 10-15 ਮਿੰਟ ਤੱਕ ਸ਼ਾਂਤ ਰਹਿਣ ਦਿਓ ਅਤੇ ਬਾਅਦ ਵਿਚ ਤਾਜ਼ੇ ਪਾਣੀ ਨਾਲ ਧੋ ਲਓ। ਇਸ ਤੋਂ ਬਾਅਦ ਇਕ ਚੰਗੀ ਆਈ ਕ੍ਰੀਮ ਜ਼ਰੂਰ ਲਗਾਓ ਤਾਂ ਕਿ ਅੱਖਾਂ ਦੀ ਨਮੀ ਬਰਕਰਾਰ ਰਹੇ।
ਇਕ ਖੀਰੇ ਦੇ ਜੂਸ, ਇਕ ਚਮਚ ਗੁਲਾਬ ਜਲ ਨੂੰ ਇਕ ਕੱਪ ਮਿਨਰਲ ਪਾਣੀ ਵਿਚ ਪਾ ਕੇ ਸਕਿਨ ਟੋਨਰ ਬਣਾ ਲਓ। ਇਸ ਦੀ ਵਰਤੋਂ ਨਾਲ ਚਮੜੀ ਟੋਨਿੰਗ ਤੋਂ ਇਲਾਵਾ ਚਮੜੀ ਮੁਲਾਇਮ ਅਤੇ ਕੋਮਲ ਹੋ ਜਾਵੇਗੀ।
ਤੇਲ ਵਾਲੀ ਚਮੜੀ ਲਈ ਖੀਰਾ ਜੂਸ, ਪੁਦੀਨਾ ਜੂਸ ਨੂੰ ਇਕ ਕੱਪ ਮਿਰਨਲ ਵਾਟਰ ਵਿਚ ਘੋਲ ਕੇ ਟੋਨਰ ਬਣਾ ਲਓ। ਇਹ ਕਿੱਲ ਮੁਹਾਂਸਿਆਂ ਲਈ ਕਾਫ਼ੀ ਸਹਾਇਕ ਸਿੱਧ ਹੋਵੇਗਾ। ਇਕ ਖੀਰੇ ਦੇ ਜੂਸ ਨੂੰ ਅੱਧਾ ਚਮਚ ਨਿੰਬੂ ਜੂਸ, ਇਕ ਚਮਚ ਐਲੋਵੇਰਾ ਅਤੇ ਇਕ ਕੱਪ ਗੁਲਾਬ ਜਲ ਨੂੰ ਮਿਲਾ ਕੇ ਟੋਨਰ ਬਣਾ ਲਓ। ਇਸ ਟੋਨਰ ਨੂੰ ਫਰਿੱਜ ਵਿਚ ਠੰਢਾ ਹੋਣ ਦਿਓ ਤੇ ਫਿਰ ਚਮੜੀ 'ਤੇ ਲਗਾ ਲਓ। ਇਹ ਟੋਨਰ ਚਮੜੀ ਦੇ ਸੁਰਾਖਾਂ ਨੂੰ ਬੰਦ ਕਰਕੇ ਚਮੜੀ ਵਿਚ ਕਸਾਵਟ ਲਿਆਏਗਾ ਅਤੇ ਚਿਹਰੇ ਨੂੰ ਆਕਰਸ਼ਕ ਬਣਾਏਗਾ।
ਇਕ ਚਮਚ ਖੀਰਾ ਜੂਸ ਨੂੰ ਕਿ ਕੱਪ ਨਾਰੀਅਲ ਪਾਣੀ ਵਿਚ ਮਿਲਾ ਕੇ ਟੋਨਰ ਬਣਾ ਲਓ। ਇਸ ਦੀ ਲਗਾਤਾਰ ਵਰਤੋਂ ਨਾਲ ਚਮੜੀ ਵਿਚ ਨਿਖਾਰ ਆਵੇਗਾ ਅਤੇ ਚਿਹਰੇ ਦਾ ਆਕਰਸ਼ਣ ਵਧੇਗਾ।
ਇਕ ਕੌਲੀ ਵਿਚ 10 ਗ੍ਰਾਮ ਗੁਲਾਬ ਦੀਆਂ ਪੱਤੀਆਂ ਪਾਓ। ਇਸ ਕੌਲੀ ਵਿਚ 2 ਕੱਪ ਗਰਮ ਪਾਣੀ ਪਾ ਕੇ ਇਸ ਨੂੰ ਰਾਤ ਭਰ ਭਿੱਜਣ ਦਿਓ। ਅਗਲੀ ਸਵੇਰ ਇਸ ਨੂੰ ਠੰਢਾ ਹੋਣ 'ਤੇ ਛਾਣ ਲਓ ਅਤੇ ਮਿਸ਼ਰਨ ਵਿਚ ਇਕ ਚਮਚ ਖੀਰੇ ਦਾ ਜੂਸ ਅਤੇ ਇਕ ਵਿਟਾਮਿਨ ਈ ਕੈਪਸੂਲ ਮਿਲਾ ਕੇ ਇਸ ਮਿਸ਼ਰਨ ਨੂੰ ਚੰਗੀ ਤਰ੍ਹਾਂ ਫੈਂਟ ਲਓ। ਇਸ ਮਿਸ਼ਰਨ ਨੂੰ ਸਪ੍ਰੇਅ ਬੋਤਲ ਵਿਚ ਪਾ ਕੇ ਇਸ ਨੂੰ ਚਿਹਰੇ 'ਤੇ ਕੋਮਲਤਾ ਨਾਲ ਸਪ੍ਰੇਅ ਕਰੋ। ਇਸ ਨਾਲ ਚਿਹਰੇ ਦੇ ਟੋਨ, ਰਿਫ੍ਰੈਸ਼ ਅਤੇ ਨਾਰਿਸ਼ ਕਰਨ ਵਿਚ ਮਦਦ ਮਿਲੇਗੀ। ਖੀਰੇ ਦੀਆਂ ਫਾੜੀਆਂ ਨੂੰ ਅੱਧੇ ਘੰਟੇ ਤੱਕ ਫਰਿੱਜ ਦੀ ਠੰਢਕ ਵਿਚ ਰੱਖਣ ਤੋਂ ਬਾਅਦ ਅੱਖਾਂ 'ਤੇ ਰੱਖਣ ਨਾਲ ਦਿਨ ਭਰ ਦੀ ਥਕਾਵਟ ਤੋਂ ਰਾਹਤ ਮਹਿਸੂਸ ਹੁੰਦੀ ਹੈ। ਕਦੀ ਵੀ ਘਰੇਲੂ ਸੁੰਦਰਤਾ ਨੁਸਖਿਆਂ ਨੂੰ ਵੱਡੀ ਮਾਤਰਾ ਵਿਚ ਨਾ ਬਣਾਓ ਅਤੇ ਇਨ੍ਹਾਂ ਨੂੰ ਠੰਢੀ ਅਤੇ ਖ਼ੁਸ਼ਕ ਥਾਂ 'ਤੇ ਰੱਖੋ।

ਸ਼ਹਿਨਾਜ਼ ਹੁਸੈਨ

**ਛਾਤੀ 'ਚ ਦਰਦ ਲਈ ਅਦਰਕ ਦਾ ਰਸ ਕੱਢ ਕੇ 40 ਬੂੰਦਾਂ ਅਤੇ ਇਕ ਮਾਸਾ ਮਿਸ਼ਰੀ ਦੀ ਵਰਤੋਂ ਕਰਨ ਨਾਲ ਦਰਦ ਤੋਂ ਰਾਹਤ ਮਿਲਦੀ ਹੈ।**

# ਗਹਿਣਿਆਂ ਦਾ ਰੱਖੋ ਧਿਆਨ



ਆਦਿਕਾਲ ਤੋਂ ਹੀ ਗਹਿਣਿਆਂ ਵਲ ਨਾਰੀ ਦੀ ਚਾਹਤ ਰਹੀ ਹੈ। ਸੁੰਦਰ ਅਤੇ ਆਕਰਸ਼ਕ ਗਹਿਣੇ ਨਾਰੀ ਦੀ ਸੁੰਦਰਤਾ ਅਤੇ ਸ਼ਖ਼ਸੀਅਤ ਵਿਚ ਚਾਰ ਚੰਨ ਲਗਾ ਦਿੰਦੇ ਹਨ। ਗਹਿਣੇ ਚਾਹੇ ਸੋਨੇ, ਚਾਂਦੀ, ਪਿੱਤਲ ਅਤੇ ਮੋਤੀ ਆਦਿ ਜਿਸ ਵੀ ਕਿਸੇ ਧਾਤੂ ਦੇ ਬਣੇ ਹੋਣ, ਜੇਕਰ ਉਨ੍ਹਾਂ ਦੀ ਸਹੀ ਦੇਖਭਾਲ, ਸਫ਼ਾਈ, ਰੱਖ-ਰਖਾਅ ਦਾ ਧਿਆਨ ਰੱਖਿਆ ਜਾਵੇ ਤਾਂ ਸਾਲੋ-ਸਾਲ ਚਲਣ ਤੋਂ ਬਾਅਦ ਵੀ ਇਹ ਨਵੇਂ ਦਿਸਣਗੇ। ਇਸ ਲਈ ਹੇਠ ਲਿਖੀਆਂ ਗੱਲਾਂ ਵੱਲ ਧਿਆਨ ਦਿਓ।
ਜੇਕਰ ਤੁਹਾਡੇ ਕੋਲ ਗਹਿਣੇ ਜ਼ਿਆਦਾ ਹੋਣ ਤਾਂ ਉਨ੍ਹਾਂ ਨੂੰ ਬੈਂਕ ਵਿਚ ਰੱਖੋ।
ਘਰ 'ਚ ਵੀ ਵੱਖ-ਵੱਖ ਤਰ੍ਹਾਂ ਦੇ ਗਹਿਣਿਆਂ ਨੂੰ ਮਖਮਲੀ ਕੱਪੜੇ ਵਿਚ ਲਪੇਟ ਕੇ ਵੱਖ-ਵੱਖ ਡੱਬਿਆਂ ਵਿਚ ਰੱਖੋ।
ਗਹਿਣੇ ਪਾ ਕੇ ਕਦੀ ਨਾ ਸੌਂਵੋ ਕਿਉਂਕਿ ਇਸ ਨਾਲ ਗਹਿਣੇ ਟੁੱਟ ਜਾਣ ਦਾ ਡਰ ਰਹਿੰਦਾ ਹੈ।
ਸਿਨੇਮਾ, ਪਿਕਨਿਕ ਅਤੇ ਘੁੰਮਣ ਲਈ ਜਾਂਦੇ ਸਮੇਂ ਘੱਟ ਗਹਿਣੇ ਪਾਵੋ। ਜਿਥੋਂ ਤੱਕ ਹੋ ਸਕੇ ਇਸ ਤਰ੍ਹਾਂ ਦੀ ਥਾਂ 'ਤੇ ਜਾਣ ਸਮੇਂ ਨਕਲੀ ਜਾਂ ਮੋਤੀਆਂ ਦਾ ਸੈੱਟ ਪਾ ਕੇ ਜਾਓ।
ਅਣਜਾਣਾਂ ਨਾਲ ਆਪਣੇ ਗਹਿਣਿਆਂ ਦੀ ਚਰਚਾ ਬਿਲਕੁਲ ਨਾ ਕਰੋ।
ਗਹਿਣੇ ਹਮੇਸ਼ਾ ਜਾਣ-ਪਛਾਣ ਵਾਲੇ ਸੁਨਿਆਰੇ ਕੋਲੋਂ ਬਣਵਾਓ।
ਗਰਮੀ ਦੇ ਦਿਨਾਂ ਵਿਚ ਗਹਿਣੇ ਪਸੀਨੇ ਦੀ ਵਜ੍ਹਾ ਕਰਕੇ ਕਾਲੇ ਹੋ ਜਾਂਦੇ ਹਨ ਤੇ ਆਪਣੀ ਚਮਕ ਗਵਾ ਦਿੰਦੇ ਹਨ। ਇਸ ਲਈ ਇਸ ਮੌਸਮ ਵਿਚ ਗਹਿਣੇ ਲਾਹੁਣ ਤੋਂ ਬਾਅਦ ਰੂੰ ਜਾਂ ਸੂਤੀ ਕੱਪੜੇ ਵਿਚ ਚੰਗੀ ਤਰ੍ਹਾਂ ਪੂੰਝ ਕੇ ਰੱਖੋ।
ਕੰਮਕਾਜੀ ਔਰਤਾਂ ਸਹੂਲਤ ਅਨੁਸਾਰ ਗਹਿਣੇ ਪਾਉਣ। ਗਹਿਣੇ ਸਲੀਕੇ ਨਾਲ ਪਾਵੋ, ਨਾ ਤੰਗ ਨਾ ਟਾਈਟ। ਬਿਛੂਏ ਚੰਗੀ ਤਰ੍ਹਾਂ ਕੱਸੇ ਹੋਣ, ਅੰਗੂਠੀ ਐਨ ਫਿਟ ਹੋਵੇ। ਰੇਸ਼ਮ ਦੀ ਡੋਰੀ ਵਿਚ ਪਰੋਏ ਗਹਿਣਿਆਂ ਨੂੰ ਪਾਣੀ ਨਾਲ ਗਿੱਲਾ ਨਾ ਹੋਣ ਦਿਓ।

ਸੁਮਿਤਰਾ ਯਾਦਵ

# ਆਮ ਨਾਗਰਿਕ 'ਤੇ ਥੋਕ ਮਹਿੰਗਾਈ ਦੀ ਮਾਰ



ਅਕਸਰ ਅਸੀਂ ਦੇਸ-ਵਿਦੇਸ ਦੀਆਂ ਖਬਰਾਂ ਪੜ੍ਹ-ਸੁਣ ਲੈਂਦੇ ਹਾਂ ਪਰ ਉਨ੍ਹਾਂ ਪਿੱਛੇ ਲੁਕੀ ਗੰਭੀਰਤਾ ਨੂੰ ਸਮਝੇ ਬਿਨਾਂ ਹੀ ਅੱਗੇ ਲੰਘ ਜਾਂਦੇ ਹਾਂ। ਖਾਸ ਤੌਰ 'ਤੇ ਅਰਥਵਿਵਸਥਾ ਅਤੇ ਵਿੱਤੀ ਖੇਤਰ ਨਾਲ ਸਬੰਧਿਤ ਖਬਰਾਂ ਇਸ ਲਾਪਰਵਾਹੀ ਦਾ ਸਭ ਤੋਂ ਵੱਡਾ ਸਿਕਾਰ ਬਣਦੀਆਂ ਹਨ ਕਿਉਂਕਿ ਆਮ ਲੋਕ ਇਨ੍ਹਾਂ ਅੰਕੜਿਆਂ ਨੂੰ ਗੁੰਝਲਦਾਰ ਸਮਝ ਕੇ ਨਜਰਅੰਦਾਜ ਕਰ ਦਿੰਦੇ ਹਨ। ਇਸੇ ਲੜੀ ਵਿੱਚ ਲੰਘੀ 15 ਮਈ ਨੂੰ ਭਾਰਤ ਦੇ ਥੋਕ ਮੁੱਲ ਸੂਚਕ ਅੰਕ ਨਾਲ ਜੁੜੀ ਇੱਕ ਅਹਿਮ ਖਬਰ ਸਾਹਮਣੇ ਆਈ, ਪਰ ਇਸ ਖਬਰ 'ਤੇ ਜਿੰਨੀ ਤਿੱਖੀ ਪ੍ਰਤੀਕਿਰਿਆ ਮਿਲਣੀ ਚਾਹੀਦੀ ਸੀ, ਓਨੀ ਨਹੀਂ ਮਿਲੀ। ਭਾਰਤ ਦੀ ਥੋਕ ਮਹਿੰਗਾਈ ਵਿੱਚ ਅਪਰੈਲ ਮਹੀਨੇ ਦੌਰਾਨ ਆਇਆ 8.30 ਫੀਸਦੀ ਦਾ ਉਛਾਲ ਮਾਰਚ ਦੀ 3.88 ਫੀਸਦੀ ਦੀ ਦਰ ਦੇ ਮੁਕਾਬਲੇ ਦੁੱਗਣੇ ਤੋਂ ਵੀ ਵੱਧ ਹੈ। ਥੋਕ ਮਹਿੰਗਾਈ ਦਾ ਇਹ ਸੇਕ ਹਰ ਖੇਤਰ ਵਿੱਚ ਮਹਿਸੂਸ ਕੀਤਾ ਗਿਆ ਹੈ। ਵੱਖ-ਵੱਖ ਖੇਤਰਾਂ ਦੇ ਅੰਕੜੇ ਇਸ ਚਿੰਤਾ ਨੂੰ ਹੋਰ ਡੂੰਘਾ ਕਰਦੇ ਹਨ।

ਈਂਧਣ ਅਤੇ ਬਿਜਲੀ ਖੇਤਰ (ਜਿਸ ਵਿੱਚ ਫੈਕਟਰੀਆਂ, ਆਵਾਜਾਈ ਵਿੱਚ ਵਰਤੇ ਜਾਣ ਵਾਲੇ ਤੇਲ ਅਤੇ ਕੁਦਰਤੀ ਗੈਸ ਦੀਆਂ ਥੋਕ ਕੀਮਤਾਂ ਸਾਮਿਲ ਹਨ) ਨੇ ਸਭ ਤੋਂ ਵੱਡੀ ਛਾਲ ਮਾਰੀ ਹੈ; ਇੱਥੇ ਮਹਿੰਗਾਈ ਦਰ ਮਾਰਚ ਦੇ 1.05 ਫੀਸਦੀ ਤੋਂ ਵਧ ਕੇ ਅਪਰੈਲ ਵਿੱਚ 24.71 ਫੀਸਦੀ ਤੱਕ ਜਾ ਪਹੁੰਚੀ। ਮੁੱਢਲੀਆਂ ਵਸਤੂਆਂ (ਉਦਯੋਗਾਂ ਵਿੱਚ ਵਰਤੇ ਜਾਣ ਵਾਲੇ ਕੱਚੇ ਮਾਲ ਜਿਵੇਂ ਕਪਾਹ, ਧਾਤਾਂ ਅਤੇ ਗੈਰ-ਖੁਰਾਕੀ ਵਸਤੂਆਂ) ਦੀ ਮਹਿੰਗਾਈ ਦਰ 6.36 ਫੀਸਦੀ ਤੋਂ ਵਧ ਕੇ 9.17 ਫੀਸਦੀ ਹੋ ਗਈ ਹੈ। ਨਿਰਮਿਤ ਉਤਪਾਦ ਜਿਵੇਂ ਲੋਹਾ, ਸਟੀਲ, ਕੱਪੜਾ ਅਤੇ ਹੋਰ ਉਦਯੋਗਿਕ ਸਾਮਾਨ ਦੇ ਖੇਤਰ ਵਿੱਚ ਮਹਿੰਗਾਈ ਦਰ 3.39 ਫੀਸਦੀ ਤੋਂ ਵਧ ਕੇ 4.62 ਫੀਸਦੀ ਦਰਜ ਕੀਤੀ ਗਈ। ਖਾਣ-ਪੀਣ ਦੀਆਂ ਚੀਜਾਂ ਜਿਵੇਂ ਮੰਡੀਆਂ ਵਿੱਚ ਅਨਾਜ, ਦਾਲਾਂ ਜਾਂ ਹੋਰ ਖਾਣ-ਪੀਣ ਵਾਲੀਆਂ ਥੋਕ ਵਸਤੂਆਂ ਦੀ ਮਹਿੰਗਾਈ ਦਰ ਵੀ ਮਾਰਚ ਦੇ 1.85 ਫੀਸਦੀ ਦੇ ਮੁਕਾਬਲੇ ਅਪਰੈਲ ਵਿੱਚ ਵਧ ਕੇ 2.31 ਫੀਸਦੀ 'ਤੇ ਪਹੁੰਚ ਗਈ ਹੈ। ਇਹ ਅੰਕੜੇ ਸਾਫ ਇਸਾਰਾ ਕਰਦੇ ਹਨ ਕਿ ਅਰਥਵਿਵਸਥਾ ਦੇ ਹਰ ਪੱਧਰ 'ਤੇ ਹੁਣ ਮਹਿੰਗਾਈ ਨੇ ਪੈਰ ਪਸਾਰ ਲਏ ਹਨ।

ਜਦੋਂ ਅਸੀਂ ਥੋਕ ਮਹਿੰਗਾਈ ਅਤੇ ਪ੍ਰਚੂਨ ਮਹਿੰਗਾਈ ਦੇ ਪਿਛਲੇ ਛੇ ਮਹੀਨਿਆਂ (ਸਾਰਣੀ 1) ਦੇ ਅੰਕੜਿਆਂ ਦੀ ਤੁਲਨਾ ਕਰਦੇ ਹਾਂ ਤਾਂ ਇਹ ਸਾਫ ਹੁੰਦਾ ਹੈ ਕਿ ਥੋਕ ਬਾਜਾਰ ਵਿੱਚ ਆਈ ਤੇਜੀ ਦਾ ਅਸਰ ਪ੍ਰਚੂਨ ਬਾਜਾਰ ਉੱਪਰ ਕੁਝ ਸਮੇਂ ਬਾਅਦ ਦਿਖਾਈ ਦਿੰਦਾ ਹੈ। ਇਸ ਦਾ ਮੁੱਖ ਕਾਰਨ 'ਸਪਲਾਈ ਚੇਨ' ਅਤੇ ਥੋਕ ਵਿਕਰੇਤਾਵਾਂ ਰਾਹੀਂ ਵਸਤੂਆਂ ਦਾ ਆਮ ਦੁਕਾਨਾਂ ਤੱਕ ਪਹੁੰਚਣ ਵਿੱਚ ਲੱਗਣ ਵਾਲਾ ਸਮਾਂ ਹੈ। ਨਵੰਬਰ 2025 ਵਿੱਚ ਜਿੱਥੇ ਥੋਕ ਮਹਿੰਗਾਈ ਮਨਫੀ (-) 0.32 ਫੀਸਦੀ ਅਤੇ ਪ੍ਰਚੂਨ ਮਹਿੰਗਾਈ 0.71 ਫੀਸਦੀ ਸੀ, ਉੱਥੇ ਅਪਰੈਲ 2026 ਤੱਕ ਥੋਕ ਮਹਿੰਗਾਈ ਦੇ ਵਧ ਕੇ 8.30 ਫੀਸਦੀ ਹੋਣ ਦੇ ਨਾਲ-ਨਾਲ ਪ੍ਰਚੂਨ ਮਹਿੰਗਾਈ ਵੀ ਕਦਮ-ਦਰ-ਕਦਮ ਲਗਾਤਾਰ ਵਧਦੀ ਹੋਈ 3.48 ਫੀਸਦੀ 'ਤੇ ਪਹੁੰਚ ਗਈ ਹੈ। ਇਹ ਸਾਬਿਤ ਕਰਦਾ ਹੈ ਕਿ ਥੋਕ ਬਾਜਾਰ ਦਾ ਉਛਾਲ ਸਿੱਧਾ ਪ੍ਰਚੂਨ ਬਾਜਾਰ ਦੇ ਵਿਹਾਰ ਨੂੰ ਪ੍ਰਭਾਵਿਤ ਕਰ ਰਿਹਾ ਹੈ। ਮਹਿੰਗਾਈ ਦੇ ਮੌਜੂਦਾ ਦਬਾਅ ਪਿੱਛੇ ਦੇਸ ਅੰਦਰਲੀਆਂ ਸੰਰਚਨਾਤਮਕ ਕਮਜੋਰੀਆਂ ਵੀ ਵੱਡੀ ਭੂਮਿਕਾ ਨਿਭਾਅ ਰਹੀਆਂ ਹਨ। ਆਵਾਜਾਈ, ਭੰਡਾਰਨ ਅਤੇ ਸਪਲਾਈ ਨਾਲ ਜੁੜੀਆਂ ਖਾਮੀਆਂ ਵਸਤੂਆਂ ਦੀਆਂ ਕੀਮਤਾਂ ਨੂੰ ਹੋਰ ਹਵਾ ਦਿੰਦੀਆਂ ਹਨ। ਇਸ ਦੇ ਚਲਦਿਆਂ ਹੁਣ ਆਉਣ ਵਾਲੇ ਸਮੇਂ ਵਿੱਚ ਪ੍ਰਚੂਨ ਮਹਿੰਗਾਈ ਦਾ 3.48 ਫੀਸਦੀ ਦਾ ਅੰਕੜਾ ਵੀ ਤੇਜੀ ਨਾਲ ਉੱਪਰ ਵੱਲ ਵਧੇਗਾ।

ਥੋਕ ਮਹਿੰਗਾਈ ਵਿੱਚ ਵਾਧਾ ਮਹਿਜ ਇੱਕ ਅੰਕੜਾ ਨਹੀਂ ਸਗੋਂ ਇੱਕ ਅਜਿਹਾ ਵਿੱਤੀ ਚੱਕਰਵਿਊਹ ਹੈ, ਜੋ ਸਾਡੇ ਦੇਸ ਦੇ ਬਜਟ, ਕੌਮਾਂਤਰੀ ਭੂ-ਸਿਆਸਤ ਅਤੇ ਆਮ ਨਾਗਰਿਕ ਦੀ ਰਸੋਈ ਨਾਲ ਸਿੱਧਾ ਜੁੜਿਆ ਹੋਇਆ ਹੈ। ਸਰਕਾਰ ਨੇ ਮੌਜੂਦਾ ਵਿੱਤੀ ਸਾਲ ਦਾ ਬਜਟ ਪੇਸ ਕਰਦੇ ਸਮੇਂ ਕੱਚੇ ਤੇਲ ਦੀਆਂ ਕੀਮਤਾਂ, ਖੁਰਾਕੀ ਸਬਸਿਡੀਆਂ (ਰਿਆਇਤਾਂ) ਅਤੇ ਵਿੱਤੀ ਘਾਟੇ ਬਾਰੇ ਕੁਝ ਸਥਿਰ ਅਨੁਮਾਨ ਲਗਾਏ ਸਨ। ਵਿੱਤੀ ਸਾਲ 2026-27 ਲਈ ਵਿੱਤੀ ਘਾਟੇ ਦਾ ਟੀਚਾ ਕੁੱਲ ਘਰੇਲੂ ਉਤਪਾਦ ਦਾ 4.3 ਫੀਸਦੀ ਰਹਿਣ ਦਾ ਅਨੁਮਾਨ ਸੀ, ਜੋ ਕਿ ਵਿੱਤੀ ਸਾਲ 2025-26 ਨਾਲੋਂ ਮਾਮੂਲੀ (0.1 ਫੀਸਦੀ) ਘੱਟ ਹੈ। ਇਸ ਟੀਚੇ ਨੂੰ ਹਾਸਲ ਕਰਨ ਲਈ ਕੌਮਾਂਤਰੀ ਬਾਜਾਰ ਵਿੱਚ ਕੱਚੇ ਤੇਲ ਦੀ ਕੀਮਤ 75 ਤੋਂ 80 ਡਾਲਰ ਪ੍ਰਤੀ ਬੈਰਲ ਦੇ ਦਾਇਰੇ ਵਿੱਚ ਰਹਿਣ ਦਾ ਅਨੁਮਾਨ ਲਗਾਇਆ ਗਿਆ ਸੀ। ਦੇਸ ਦੇ ਗਰੀਬ ਅਤੇ ਲੋੜਵੰਦ ਵਰਗ ਨੂੰ ਸਸਤਾ ਅਨਾਜ ਮੁਹੱਈਆ ਕਰਵਾਉਣ ਲਈ ਸਰਕਾਰ ਨੇ ਖੁਰਾਕੀ ਰਿਆਇਤ ਵਜੋਂ 2.27 ਲੱਖ ਕਰੋੜ ਰੁਪਏ ਦੀ ਰਕਮ ਰਾਖਵੀਂ ਰੱਖੀ ਸੀ।

ਵਿੱਤੀ ਸਾਲ ਦੇ ਮਹਿਜ ਡੇਢ ਮਹੀਨੇ ਵਿੱਚ ਹੀ ਪੱਛਮੀ ਏਸੀਆ ਦੇ ਤਣਾਅ ਕਾਰਨ ਕੱਚਾ ਤੇਲ 100 ਤੋਂ 105 ਡਾਲਰ ਪ੍ਰਤੀ ਬੈਰਲ ਤੱਕ ਪਹੁੰਚ ਗਿਆ ਹੈ, ਜਿਸ ਨਾਲ ਥੋਕ ਮਹਿੰਗਾਈ ਨੂੰ ਹੋਰ ਬਲ ਮਿਲ ਰਿਹਾ ਹੈ। ਤੇਲ ਦੀਆਂ ਵਧਦੀਆਂ ਕੀਮਤਾਂ ਕਾਰਨ ਸਰਕਾਰ ਦੇ ਰਿਆਇਤੀ ਖਰਚਿਆਂ ਅਤੇ ਦਰਾਮਦ ਬਿੱਲ ਵਿੱਚ ਤੇਜੀ ਨਾਲ ਵਾਧਾ ਹੋਇਆ ਹੈ। ਇਸੇ ਕਾਰਨ ਅਰਥਸਾਸਤਰੀ ਹੁਣ ਦੇਸ ਦੇ 'ਚਾਲੂ ਖਾਤੇ ਦੇ ਘਾਟੇ' ਦੇ ਵਧਣ, ਰੁਪਏ 'ਤੇ ਦਬਾਅ ਵਧਣ ਅਤੇ ਵਿਦੇਸੀ ਮੁਦਰਾ ਭੰਡਾਰ ਉੱਤੇ ਖਤਰਾ ਮੰਡਰਾਉਣ ਦੇ ਗੰਭੀਰ ਅਨੁਮਾਨ ਲਾਉਣ ਲੱਗ ਪਏ ਹਨ। ਇਸ ਸਥਿਤੀ ਵਿੱਚ 4.3 ਫੀਸਦੀ ਦੇ ਵਿੱਤੀ ਘਾਟੇ ਦੇ ਟੀਚੇ ਨੂੰ ਬਰਕਰਾਰ ਰੱਖਣਾ ਸਰਕਾਰ ਲਈ ਇੱਕ ਵੱਡੀ ਚੁਣੌਤੀ ਹੈ, ਭਾਵੇਂ ਕਿ ਕੇਂਦਰੀ ਬੈਂਕ ਕੋਲ ਹਾਲੇ ਵੀ ਲੋੜੀਂਦਾ ਵਿਦੇਸੀ ਮੁਦਰਾ ਭੰਡਾਰ ਮੌਜੂਦ ਹੈ। ਜਿਕਰਯੋਗ ਹੈ ਕਿ ਵਿੱਤੀ ਘਾਟੇ ਨੂੰ ਕਾਬੂ ਹੇਠ ਰੱਖਣਾ ਸਰਕਾਰ ਦੇ ਆਰਥਿਕ ਪ੍ਰਬੰਧਨ ਦੀ ਸਾਖ ਲਈ ਬਹੁਤ ਜਰੂਰੀ ਹੁੰਦਾ ਹੈ ਕਿਉਂਕਿ ਇਸੇ ਭਰੋਸੇ ਸਦਕਾ ਵਿਦੇਸੀ ਨਿਵੇਸਕ ਦੇਸ ਵਿੱਚ ਪੂੰਜੀ ਲਗਾਉਂਦੇ ਹਨ। ਇਸੇ ਵਿੱਤੀ ਦਬਾਅ ਦੇ ਮੱਦੇਨਜਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ ਵਾਸੀਆਂ ਅਤੇ ਉਦਯੋਗ ਜਗਤ ਨੂੰ ਊਰਜਾ ਦੀ ਬੱਚਤ ਕਰਨ, ਬਦਲਵੇਂ ਸਰੋਤ ਅਪਣਾਉਣ ਅਤੇ ਫਜੂਲ ਖਰਚੇ ਘਟਾਉਣ ਦੀ ਵਿਸੇਸ ਅਪੀਲ ਕੀਤੀ ਹੈ ਤਾਂ ਜੋ ਦੇਸ ਦੀ ਆਰਥਿਕ ਸਥਿਰਤਾ ਬਣੀ ਰਹੇ।

ਸਰਕਾਰ ਭਲੀਭਾਂਤ ਜਾਣਦੀ ਹੈ ਕਿ ਇਸ ਮਹਿੰਗਾਈ ਦਾ ਪ੍ਰਭਾਵ ਹੁਣ ਸਿਰਫ ਤੇਲ ਤੱਕ ਸੀਮਤ ਨਹੀਂ ਰਹੇਗਾ, ਸਗੋਂ ਖੇਤੀਬਾੜੀ, ਉਦਯੋਗ, ਆਵਾਜਾਈ ਅਤੇ ਹੋਰ ਖੇਤਰ ਵੀ ਇਸ ਦੀ ਲਪੇਟ ਵਿੱਚ ਆਉਣਗੇ। ਮੱਧ ਪੂਰਬ ਤੋਂ ਤਰਲ ਕੁਦਰਤੀ ਗੈਸ ਦੀ ਸਪਲਾਈ ਪ੍ਰਭਾਵਿਤ ਹੋਣ ਕਰਕੇ ਦੇਸ ਅੰਦਰ ਯੂਰੀਆ ਦਾ ਉਤਪਾਦਨ ਦਬਾਅ ਹੇਠ ਹੈ, ਜਿਸ ਕਾਰਨ ਕਿਸਾਨਾਂ ਨੂੰ ਰਸਾਇਣਕ ਖਾਦਾਂ ਦੀ ਵਰਤੋਂ ਘਟਾਉਣ ਲਈ ਕਿਹਾ ਜਾ ਰਿਹਾ ਹੈ। ਇਸ ਦੇ ਨਾਲ ਹੀ 'ਐਲ ਨੀਨੋ' ਤੇ ਘੱਟ ਮੌਨਸੂਨ ਦੀ ਭਵਿੱਖਬਾਣੀ ਕਾਰਨ ਸਾਉਣੀ ਦੀਆਂ ਫਸਲਾਂ ਉੱਤੇ ਚਿੰਤਾ ਦੇ ਬੱਦਲ ਮੰਡਰਾ ਰਹੇ ਹਨ। ਦੂਜੇ ਪਾਸੇ ਇੰਡੋਨੇਸੀਆ, ਮਲੇਸੀਆ ਅਤੇ ਥਾਈਲੈਂਡ ਵਰਗੇ ਦੇਸਾਂ ਵੱਲੋਂ ਪਾਮ ਤੇਲ ਦੀ ਵਰਤੋਂ ਆਪਣੇ ਹੀ ਦੇਸਾਂ ਵਿੱਚ 'ਬਾਇਓ-ਡੀਜਲ' ਲਈ ਕਰਨ ਕਾਰਨ ਭਾਰਤ ਵੱਲ ਇਸ ਦੀ ਬਰਾਮਦ ਘਟੀ ਹੈ, ਜਿਸ ਨਾਲ ਖਾਣ ਵਾਲੇ ਤੇਲਾਂ ਦੀਆਂ ਕੀਮਤਾਂ ਹੋਰ ਵਧਣ ਦਾ ਖਦਸਾ ਹੈ।

ਊਰਜਾ ਖੇਤਰ ਵਿੱਚ ਪੈਟਰੋਲ-ਡੀਜਲ ਦੀਆਂ ਕੀਮਤਾਂ ਵਿੱਚ ਤਿੰਨ ਰੁਪਏ ਤੋਂ ਵੱਧ ਦਾ ਹਾਲੀਆ ਵਾਧਾ ਮਹਿਜ ਇੱਕ ਸੁਰੂਆਤ ਹੈ ਕਿਉਂਕਿ ਸਰਕਾਰੀ ਤੇਲ ਕੰਪਨੀਆਂ ਨੂੰ ਅਜੇ ਵੀ ਡੀਜਲ 'ਤੇ 104 ਰੁਪਏ ਅਤੇ ਪੈਟਰੋਲ 'ਤੇ 24 ਰੁਪਏ ਪ੍ਰਤੀ ਲਿਟਰ ਦਾ ਘਾਟਾ (ਅੰਡਰ-ਰਿਕਵਰੀ) ਪੈ ਰਿਹਾ ਹੈ। ਤੇਲ ਦੀ ਮਹਿੰਗਾਈ ਕਾਰਨ ਢੋਆ-ਢੁਆਈ ਅਤੇ ਪੈਕਿੰਗ ਲਾਗਤਾਂ ਵਧ ਰਹੀਆਂ ਹਨ। ਪਲਾਸਟਿਕ ਅਤੇ ਹੋਰ ਪੈਕਿੰਗ ਸਮੱਗਰੀ ਮਹਿੰਗੀ ਹੋਣ ਕਾਰਨ ਰੋਜਾਨਾ ਵਰਤੋਂ ਦੀਆਂ ਵਸਤਾਂ ਬਣਾਉਣ ਵਾਲੀਆਂ ਕੰਪਨੀਆਂ ਆਪਣੇ ਉਤਪਾਦਾਂ ਦੀਆਂ ਕੀਮਤਾਂ ਲਗਾਤਾਰ ਵਧਾ ਰਹੀਆਂ ਹਨ। ਇਸ ਦੇ ਨਤੀਜੇ ਵਜੋਂ ਦੁੱਧ, ਪਨੀਰ, ਮੱਖਣ, ਘਿਓ, ਸਬਜੀਆਂ, ਫਲ, ਸਿੰਗਾਰ ਸਮੱਗਰੀ ਅਤੇ ਹੋਰ ਰੋਜਾਨਾ ਵਰਤੋਂ ਦੇ ਜਰੂਰੀ ਸਾਮਾਨ ਦੀਆਂ ਕੀਮਤਾਂ ਅਸਮਾਨੀਂ ਚੜ੍ਹ ਰਹੀਆਂ ਹਨ। ਇੱਥੋਂ ਤੱਕ ਕਿ ਹਵਾਈ ਸੇਵਾ ਖੇਤਰ ਵਿੱਚ ਵੀ ਤੇਲ ਦੀ ਬੱਚਤ ਲਈ ਦੇਸ ਦੀਆਂ ਮੁੱਖ ਹਵਾਈ ਕੰਪਨੀਆਂ ਨੂੰ ਆਪਣੀਆਂ ਘਰੇਲੂ ਅਤੇ ਕੌਮਾਂਤਰੀ ਉਡਾਣਾਂ ਵਿੱਚ ਕਟੌਤੀ ਕਰਨੀ ਪਈ ਹੈ।

ਇਸ ਵਿਆਪਕ ਮਹਿੰਗਾਈ ਨਾਲ ਹੁਣ ਭਾਰਤੀ ਰਿਜਰਵ ਬੈਂਕ ਅਤੇ ਕੇਂਦਰ ਸਰਕਾਰ ਦੋਵੇਂ ਆਪੋ-ਆਪਣੇ ਪੱਧਰ 'ਤੇ ਕਠੋਰ ਕਦਮ ਚੁੱਕ ਕੇ ਨਜਿੱਠਣਗੇ। ਭਾਰਤੀ ਰਿਜਰਵ ਬੈਂਕ ਮਹਿੰਗਾਈ ਨੂੰ ਕਾਬੂ ਕਰਨ ਅਤੇ ਰੁਪਏ ਦੀ ਗਿਰਾਵਟ ਨੂੰ ਰੋਕਣ ਖਾਤਰ ਆਉਣ ਵਾਲੇ ਸਮੇਂ ਵਿੱਚ ਵਿਆਜ ਦਰਾਂ ਵਿੱਚ ਵਾਧਾ ਕਰ ਸਕਦਾ ਹੈ। ਵਿਆਜ ਦਰਾਂ ਵਧਣ ਨਾਲ ਘਰ, ਕਾਰ, ਸਿੱਖਿਆ ਅਤੇ ਹੋਰ ਕਰਜਿਆਂ ਦੀਆਂ ਮਾਸਿਕ ਕਿਸਤਾਂ ਮਹਿੰਗੀਆਂ ਹੋ ਜਾਣਗੀਆਂ, ਜਿਸ ਨਾਲ ਆਮ ਲੋਕਾਂ ਦੀ ਖਰੀਦ ਸਕਤੀ ਘਟੇਗੀ। ਇਸ ਦੇ ਨਾਲ ਹੀ ਕਰਜਾ ਮਹਿੰਗਾ ਹੋਣ ਕਾਰਨ ਉਦਯੋਗਿਕ ਨਿਵੇਸ ਅਤੇ ਨਵੇਂ ਪ੍ਰੋਜੈਕਟਾਂ ਦੀ ਰਫਤਾਰ ਵੀ ਸੁਸਤ ਪਵੇਗੀ। ਵੱਡੀਆਂ ਕੰਪਨੀਆਂ, ਉਦਯੋਗ ਘਰਾਣੇ ਅਤੇ ਇੱਥੋਂ ਤੱਕ ਕਿ ਸੂਬਾ ਸਰਕਾਰਾਂ ਵੀ ਨਵੇਂ ਕਰਜੇ ਲੈਣ ਤੋਂ ਝਿਜਕਣਗੀਆਂ, ਜਿਸ ਦਾ ਸਿੱਧਾ ਅਸਰ ਰੁਜਗਾਰ ਦੇ ਨਵੇਂ ਮੌਕਿਆਂ ਉੱਤੇ ਪਵੇਗਾ। ਜੇਕਰ ਨਿਵੇਸ ਅਤੇ ਖਪਤ ਦੋਵੇਂ ਇੱਕੋ ਸਮੇਂ ਕਮਜੋਰ ਪੈਂਦੇ ਹਨ ਤਾਂ ਦੇਸ ਦੇ ਕੁੱਲ ਘਰੇਲੂ ਉਤਪਾਦ ਦੀ ਵਿਕਾਸ ਦਰ ਵਿੱਚ ਵੀ ਗਿਰਾਵਟ ਆ ਸਕਦੀ ਹੈ।

ਦੂਜੇ ਪਾਸੇ ਕੇਂਦਰ ਸਰਕਾਰ ਵਿਦੇਸੀ ਮੁਦਰਾ ਭੰਡਾਰ ਨੂੰ ਮਜਬੂਤ ਕਰਨ ਅਤੇ ਰੁਪਏ ਦੀ ਗਿਰਾਵਟ ਨੂੰ ਰੋਕਣ ਲਈ ਵੱਖ-ਵੱਖ ਨੀਤੀਗਤ ਕਦਮਾਂ ਵੱਲ ਵਧੇਗੀ। ਸੋਨੇ-ਚਾਂਦੀ ਦੇ ਆਯਾਤ (ਦਰਾਮਦ) 'ਤੇ ਸਖਤੀ ਤੋਂ ਬਾਅਦ ਹੁਣ ਸਰਕਾਰ ਵਿਦੇਸੀ ਖਰਚਿਆਂ ਅਤੇ ਪੂੰਜੀ ਦੇ ਬਾਹਰ ਜਾਣ 'ਤੇ ਨਿਗਰਾਨੀ ਹੋਰ ਸਖਤ ਕਰੇਗੀ। ਇਸ ਦੇ ਨਾਲ ਹੀ ਵਿਵਾਦਾਂ ਵਿੱਚ ਫਸੇ ਵੱਡੇ ਪ੍ਰੋਜੈਕਟਾਂ ਨੂੰ ਤੁਰੰਤ ਮਨਜੂਰੀ ਦੇਣ ਅਤੇ ਵਿਦੇਸੀ ਨਿਵੇਸਕਾਂ ਲਈ ਵਿਆਜ ਦਰਾਂ ਨੂੰ ਹੋਰ ਆਕਰਸਕ ਬਣਾਉਣ ਦੇ ਉਪਾਅ ਵੀ ਕੀਤੇ ਜਾਣਗੇ ਤਾਂ ਜੋ ਵਿਦੇਸੀ ਮੁਦਰਾ ਦਾ ਪ੍ਰਵਾਹ ਵਧੇ ਅਤੇ ਰੁਪਏ ਉੱਤੇ ਬਣਿਆ ਦਬਾਅ ਘਟ ਸਕੇ। ਇਸ ਸਭ ਦੇ ਬਾਵਜੂਦ ਇਨ੍ਹਾਂ ਆਰਜੀ ਕਦਮਾਂ ਦਾ ਸਭ ਤੋਂ ਵੱਡਾ ਬੋਝ ਆਮ ਨਾਗਰਿਕ ਨੂੰ ਹੀ ਚੁੱਕਣਾ ਪੈਂਦਾ ਹੈ। ਵਧਦੀਆਂ ਕੀਮਤਾਂ, ਮਹਿੰਗੀਆਂ ਕਿਸਤਾਂ ਅਤੇ ਘਟਦੇ ਰੁਜਗਾਰ ਆਮ ਪਰਿਵਾਰਾਂ ਦਾ ਲੱਕ ਤੋੜ ਦਿੰਦੇ ਹਨ। ਦਰਅਸਲ, ਸਮੇਂ ਦੀ ਲੋੜ ਇਹ ਹੈ ਕਿ ਸਰਕਾਰ ਊਰਜਾ ਦੇ ਬਦਲਵੇਂ ਸਰੋਤਾਂ, ਖਾਣ ਵਾਲੇ ਤੇਲ ਤੇ ਖਾਦਾਂ ਦੇ ਖੇਤਰ ਵਿੱਚ 'ਆਤਮ-ਨਿਰਭਰਤਾ' ਅਤੇ ਸਪਲਾਈ ਲੜੀ ਨੂੰ ਮਜਬੂਤ ਕਰਨ ਲਈ ਲੰਮੇ ਸਮੇਂ ਦੀਆਂ ਠੋਸ ਨੀਤੀਆਂ ਬਣਾਵੇ ਤਾਂ ਜੋ ਭਵਿੱਖ ਵਿੱਚ ਕਿਸੇ ਵੀ ਕੌਮਾਂਤਰੀ ਸੰਕਟ ਦਾ ਸਿੱਧਾ ਝਟਕਾ ਆਮ ਲੋਕਾਂ ਦੀ ਰਸੋਈ ਤੱਕ ਨਾ ਪਹੁੰਚੇ।

ਡਾ: ਰਾਜੀਵ ਖੋਸਲਾ

# ਸੂਪ ਪੀਓ, ਸਿਹਤ ਬਣਾਓ

ਕਿਸੇ ਵੀ ਮੌਸਮ ਵਿਚ ਸਬਜ਼ੀਆਂ ਦਾ ਸੂਪ ਪੀਣਾ ਕਾਫੀ ਫਾਇਦੇਮੰਦ ਮੰਨਿਆ ਜਾਂਦਾ ਹੈ। ਜਿੱਥੇ ਇਹ ਕਾਫੀ ਸੁਆਦ ਹੁੰਦਾ ਹੈ, ਉਥੇ ਕਈ ਸਰੀਰਕ ਸਮੱਸਿਆਵਾਂ ਤੋਂ ਵੀ ਬਚਾਉਂਦਾ ਹੈ। ਜਿਸ ਮੌਸਮ ਵਿਚ ਜਿਨ੍ਹਾਂ ਸਬਜ਼ੀਆਂ ਦੀ ਬਹਾਰ ਹੁੰਦੀ ਹੈ, ਉਨ੍ਹਾਂ ਸਬਜ਼ੀਆਂ ਦਾ ਸੂਪ ਜ਼ਰੂਰ ਪੀਣਾ ਚਾਹੀਦਾ ਹੈ।

ਸੂਪ ਦੇ ਲਾਭ ਸੂਪ ਸਬਜ਼ੀਆਂ ਦੇ ਉਪਯੋਗ ਦਾ ਬਹੁਤ ਵਧੀਆ ਤਰੀਕਾ ਹੈ ਕਿਉਂਕਿ ਜੇਕਰ ਅਸੀਂ ਸਬਜ਼ੀਆਂ ਨੂੰ ਪਕਾ ਕੇ ਖਾਂਦੇ ਹਾਂ ਤਾਂ ਇਨ੍ਹਾਂ ਵਿਚ ਕਈ ਪੌਸ਼ਕ ਤੱਤ ਖ਼ਤਮ ਹੋ ਜਾਂਦੇ ਹਨ ਪਰ ਸੂਪ ਬਣਾਉਂਦੇ ਸਮੇਂ ਇਨ੍ਹਾਂ ਦੇ ਪੌਸ਼ਕ ਤੱਤ ਅਤੇ ਵਿਟਾਮਿਨ ਸੁਰੱਖਿਅਤ ਰਹਿੰਦੇ ਹਨ।

ਇਹ ਦਮਾ, ਸ਼ੂਗਰ ਅਤੇ ਹੋਰ ਕਈ ਤਰ੍ਹਾਂ ਦੀਆਂ ਬੀਮਾਰੀਆਂ 'ਚ ਲਾਭਦਾਇਕ ਹੁੰਦੇ ਹਨ। ਇਹ ਸਿਰਫ਼ ਸਬਜ਼ੀਆਂ ਦੇ ਕਾਰਨ ਹੀ ਲਾਭਦਾਇਕ ਨਹੀਂ ਹੁੰਦੇ ਬਲਕਿ ਇਸ ਲਈ ਵੀ ਲਾਭਦਾਇਕ ਹੁੰਦੇ ਹਨ ਕਿਉਂਕਿ ਇਨ੍ਹਾਂ ਨੂੰ ਤਿਆਰ ਕਰਦੇ ਸਮੇਂ ਅਸੀਂ ਅਦਰਕ, ਲਸਣ, ਕਾਲੀ ਮਿਰਚ ਆਦਿ ਦਾ ਇਸੇਤਮਾਲ ਕਰਦੇ ਹਾਂ। ਇਹ ਪਦਾਰਥ ਖੰਘ ਅਤੇ ਬਲਗਮ ਨੂੰ ਘੱਟ ਕਰਨ ਵਿਚ ਸਹਾਇਕ ਹੁੰਦੇ ਹਨ। ਲਸਣ ਕੈਲਸਟਰੋਲ ਨੂੰ ਘੱਟ ਕਰਨ ਦਾ ਚੰਗਾ ਸਾਧਨ ਹੈ। ਨਾਲ ਹੀ ਇਨ੍ਹਾਂ ਸਬਜ਼ੀਆਂ ਵਿਚ ਐਂਟੀਆਕਸੀਡੈਂਟ ਤੱਤ ਪਾਏ ਜਾਂਦੇ ਹਨ।

ਸੂਪ ਵਿਚ ਮੌਜੂਦ ਐਂਟੀਆਕਸੀਡੈਂਟ ਖ਼ੂਨ ਵਿਚ ਸ਼ੂਗਰ ਦੇ ਖ਼ਤਰੇ ਨੂੰ ਘਟਾਉਂਦੇ ਹਨ।



ਇਹ ਭਾਰ ਨੂੰ ਘੱਟ ਕਰਨ ਵਿਚ ਵੀ ਸਹਾਇਕ ਹੁੰਦੇ ਹਨ ਕਿਉਂਕਿ ਇਨ੍ਹਾਂ ਵਿਚ ਬਹੁਤ ਘੱਟ ਕੈਲੋਰੀਜ਼ ਹੁੰਦੀਆਂ ਹਨ।



ਸੂਪ ਚਾਹ ਜਾਂ ਕਾਫੀ ਤੋਂ ਕਿਤੇ ਵੱਧ ਬਿਹਤਰ ਹੁੰਦੇ ਹਨ। ਬੱਚੇ ਪਕਾਈਆਂ ਹੋਈਆਂ ਸਬਜ਼ੀਆਂ ਤੋਂ ਵੱਧ ਸੂਪ ਨੂੰ ਪਸੰਦ ਕਰਦੇ ਹਨ।

ਸੂਪ ਬਣਾਉਂਦੇ ਸਮੇਂ ਧਿਆਨ ਦਿਉ

ਜਦੋਂ ਤੁਸੀਂ ਘਰ ਵਿਚ ਸਬਜ਼ੀਆਂ ਦਾ ਸੂਪ ਤਿਆਰ ਕਰਦੇ ਹੋ ਤਾਂ ਇਸ ਵਿਚ ਦੁਧ ਜਾਂ ਕ੍ਰੀਮ ਨਾ ਮਿਲਾਓ, ਕਿਉਂਕਿ ਇਹ ਸੂਪ ਵਿਚ ਸਿਰਫ ਕੈਲੋਰੀ ਹੀ ਨਹੀਂ ਵਧਾਉਂਦੇ ਬਲਕਿ ਇਹ ਸੂਪ ਵਿਚ ਮੌਜੂਦ ਵਿਟਾਮਿਨ ਵੀ ਸਰੀਰ ਨੂੰ ਪ੍ਰਾਪਤ ਕਰਨ ਤੋਂ ਰੋਕਦੇ ਹਨ।

ਇਨ੍ਹਾਂ ਵਿਚ ਕਾਰਨਫੱਲੋਰ ਅਤੇ ਮੈਦਾ ਮਿਲਾਉਣ ਤੋਂ ਬਚੋ ਕਿਉਂਕਿ ਇਹ ਸੂਪ ਵਿਚ ਹੋਣ ਵਾਲੇ ਫਾਇਦੇ ਵਿਚ ਅੜਚਣਾਂ ਪਾਉਂਦੇ ਹਨ।

ਬਾਜ਼ਾਰ ਵਿਚ ਮਿਲਣ ਵਾਲੇ ਪੈਕੇਟ ਬੰਦ ਸੂਪ ਦਾ ਇਸਤੇਮਾਲ ਨਾ ਕਰੋ। ਸਿਰਫ ਤਾਜ਼ਾ ਅਤੇ ਘਰ ਵਿਚ ਬਣੇ ਸੂਪ ਵਿਚ ਹੀ ਐਂਟੀਆਕਸੀਡੈਂਟ ਤੱਤ ਪਾਏ ਜਾਂਦੇ ਹਨ।

ਇਸ ਵਿਚ ਰੋਗ ਨਿਵਾਰਕ ਪਦਾਰਥ ਜਿਵੇਂ ਧਨੀਆ, ਅਦਰਕ, ਲਸਣ ਆਦਿ ਮਿਲਾਓ।

ਸੂਪ ਨੂੰ ਸੰਪੂਰਣ ਭੋਜਨ ਬਨਾਉਣ ਲਈ ਇਸ ਵਿਚ ਚਿਕਨ ਜਾਂ ਟੋਫੂ ਮਿਲਾਓ ਯਾ ਉਬਲੀ ਹੋਈ ਮੂੰਗੀ ਦੀ ਦਾਲ ਜਾਂ ਛੋਲਿਆਂ ਦੀ ਦਾਲ ਮਿਲਾਓ।

ਕੁਝ ਮਹੱਤਵਪੂਰਣ ਸੂਪ : ਪਿਆਜ਼ ਦਾ ਸੂਪ ਕੋਲਾਟਿੰਗ ਡਿਸਆਡਰ ਲਈ ਫਾਇਦੇਮੰਦ ਹੈ। ਬੰਦ ਗੋਭੀ ਦਾ ਸੂਪ ਭਾਰ ਨੂੰ ਘੱਟ ਕਰਨ ਵਿਚ ਸਹਾਇਕ ਹੁੰਦਾ ਹੈ। ਮਿਲੀਆਂ-ਜੁਲੀਆਂ ਸਬਜ਼ੀਆਂ ਅਤੇ ਚਿਕਨ ਦਾ ਸੂਪ ਇਕ ਸੰਪੂਰਨ ਆਹਾਰ ਹੈ।

ਪਾਲਕ ਦਾ ਸੂਪ ਖ਼ੂਨ ਦੀ ਕਮੀ ਨੂੰ ਦੂਰ ਕਰਦਾ ਹੈ।

ਸੂਪ ਬੱਚਿਆਂ ਦੇ ਵਿਕਾਸ ਲਈ ਲਾਭਕਾਰੀ ਹੁੰਦਾ ਹੈ।

# ਅੱਖਾਂ ਦੀ ਤੰਦਰੁਸਤੀ ਦਾ ਰੱਖੋ ਪੂਰਾ ਧਿਆਨ

ਅੱਖਾਂ ਕੁਦਰਤ ਵਲੋਂ ਮਨੁੱਖ ਨੂੰ ਦਿੱਤੀ ਜਾਣ ਵਾਲੀ ਅਜਿਹੀ ਅਨਮੋਲ ਦਾਤ ਹਨ, ਜੋ ਉਸ ਦੀ ਜ਼ਿੰਦਗੀ ਨੂੰ ਰੌਸ਼ਨ-ਨੁਮਾ ਕਰਦੀਆਂ ਹਨ ਅਤੇ ਇਨ੍ਹਾਂ ਅੱਖਾਂ ਦੇ ਸਹਾਰੇ ਹੀ ਮਨੁੱਖ ਰੰਗੀਨ ਸੰਸਾਰ ਨਾਲ ਜੁੜ ਕੇ ਜੀਵਨ ਦੀਆਂ ਭਰਪੂਰ ਖ਼ੁਸ਼ੀਆਂ ਦਾ ਅਨੰਦ ਮਾਣ ਸਕਦਾ ਹੈ। ਸਿਆਣਿਆਂ ਦਾ ਕਥਨ ਹੈ 'ਦੰਦ ਗਏ ਸੁਆਦ ਗਿਆ, ਅੱਖਾਂ ਗਈਆਂ ਜਹਾਨ ਗਿਆ'। ਆਦਮੀ ਦੀ ਜ਼ਿੰਦਗੀ ਵਿਚ ਅੱਖਾਂ ਦੀ ਏਨੀ ਵੱਡੀ ਅਹਿਮੀਅਤ ਨੂੰ ਵੇਖਦਿਆਂ, ਇਨ੍ਹਾਂ ਦੀ ਦੇਖਭਾਲ ਕਰਨੀ ਬੇਹੱਦ ਲਾਜ਼ਮੀ ਹੋ ਜਾਂਦੀ ਹੈ। ਰੋਜ਼ਾਨਾ ਜੀਵਨ ਵਿਚ ਨਿੱਕੀਆਂ-ਨਿੱਕੀਆਂ ਗੱਲਾਂ ਦਾ ਧਿਆਨ ਰੱਖ ਕੇ ਅੱਖਾਂ ਦੀ ਤੰਦਰੁਸਤੀ ਨੂੰ ਕਾਇਮ ਰੱਖਿਆ ਜਾ ਸਕਦਾ ਹੈ। ਆਓ, ਜਾਣੀਏ ਇਨ੍ਹਾਂ ਦੀ ਸੰਭਾਲ ਸੰਬੰਧੀ ਕੁਝ ਨੁਕਤੇ :



1. ਅੱਖਾਂ ਦੀ ਤੰਦਰੁਸਤੀ ਲਈ ਸੰਤੁਲਿਤ ਭੋਜਨ ਲਓ, ਜਿਸ ਵਿਚ ਸਬਜ਼ੀਆਂ ਤੇ ਫਲ ਭਰਪੂਰ ਮਾਤਰਾ ਵਿਚ ਹੋਣ, ਖਾਸ ਕਰਕੇ ਗਾੜ੍ਹੇ ਪੀਲੇ ਫਲ ਅਤੇ ਹਰੇ ਰੰਗ ਦੀਆਂ ਸਬਜ਼ੀਆਂ ਸ਼ਾਮਿਲ ਹੋਣ।

2. ਅੱਖਾਂ ਨੂੰ ਵਾਰ-ਵਾਰ ਮਲਿਆ ਨਾ ਜਾਵੇ ਅਤੇ ਧਿਆਨ ਰੱਖਿਆ ਜਾਵੇ ਕਿ ਅੱਖਾਂ ਨੂੰ ਛੂਹਣ ਤੋਂ ਪਹਿਲਾਂ ਹੱਥਾਂ ਨੂੰ ਚੰਗੀ ਤਰ੍ਹਾਂ ਸਾਫ਼ ਕਰ ਲਿਆ ਜਾਵੇ। ਅਜਿਹਾ ਕਰਨ ਨਾਲ ਅੱਖਾਂ ਨੂੰ ਲਾਗ ਤੋਂ ਬਚਾਇਆ ਜਾ ਸਕਦਾ ਹੈ।

3. ਨੰਗੀਆਂ ਅੱਖਾਂ ਨਾਲ ਸੂਰਜ ਵੱਲ ਸਿੱਧੇ ਨਾ ਵੇਖਿਆ ਜਾਵੇ। ਧੁੱਪ ਵਿਚਲੀਆਂ ਯੂ.ਵੀ. ਕਿਰਨਾਂ ਤੋਂ ਬਚਣ ਲਈ ਧੁੱਪ ਵਾਲੀਆਂ ਐਨਕਾਂ ਵਰਤੀਆਂ ਜਾਣ।

4. ਮੋਟਾਪਾ, ਕੋਲੈਸਟ੍ਰੋਲ, ਹਾਈ ਬਲੱਡ ਪ੍ਰੈਸ਼ਰ ਅਤੇ ਸ਼ੂਗਰ ਆਦਿ ਦਾ ਅੱਖਾਂ ਦੀ ਸਿਹਤ ਉੱਤੇ ਸਿੱਧਾ ਅਸਰ ਪੈਂਦਾ ਹੈ। ਇਨ੍ਹਾਂ ਬਿਮਾਰੀਆਂ ਤੋਂ ਬਚਣ ਲਈ ਰੋਜ਼ਾਨਾ ਕਸਰਤ ਦਾ ਸਹਾਰਾ ਲਿਆ ਜਾਵੇ।

5. ਅੱਖਾਂ ਦੀਆ ਮਾਸਪੇਸ਼ੀਆਂ ਨੂੰ ਮਜ਼ਬੂਤ ਬਣਾਉਣ ਲਈ ਅੱਖਾਂ ਦੀ ਕਸਰਤ ਵੀ ਕੀਤੀ ਜਾਵੇ।

6. ਨਸ਼ੇ ਦੀ ਵਰਤੋਂ ਕਰਨ ਨਾਲ ਅੱਖਾਂ ਦੀਆਂ ਬਿਮਾਰੀਆਂ ਦਾ ਖ਼ਤਰਾ ਵੱਧ ਜਾਂਦਾ ਹੈ। ਇਸ ਲਈ ਇਨ੍ਹਾਂ ਦੀ ਵਰਤੋਂ ਤੋਂ ਬਚਿਆ ਜਾਵੇ।

7. ਦਿਨ ਵਿਚ 7-8 ਘੰਟੇ ਨੀਂਦ ਲੈਣ ਨਾਲ ਅੱਖਾਂ ਨੂੰ ਆਰਾਮ ਮਿਲਦਾ ਹੈ।

8. ਉਮਰ ਵੱਧਣ ਨਾਲ ਸ਼ੂਗਰ ਜਾਂ ਹਾਈ ਬਲੱਡ ਪ੍ਰੈਸ਼ਰ ਕਾਰਨ ਅੱਖਾਂ ਅੰਦਰ ਤਰਲ ਦਾ ਦਬਾਅ ਵੱਧਣ ਲੱਗਦਾ ਹੈ, ਜਿਸ ਦਾ ਅੱਖਾਂ ਦੀ ਸਿਹਤ ਉੱਤੇ ਮਾੜਾ ਅਸਰ ਪੈਂਦਾ ਹੈ। ਮਾਹਿਰ ਇਸ ਨੂੰ ਇੰਟਰਾ ਓਕੂਲਰ ਦਬਾਅ ਦਾ ਵਧਣਾ ਆਖਦੇ ਹਨ। ਇਸ ਦਬਾਅ ਦੇ ਵਧਣ ਕਾਰਨ ਅੱਖਾਂ ਦਾ ਪਰਦਾ ਜਾਂ ਆਪਟਿਕ ਨਸ ਖ਼ਰਾਬ ਹੋ ਸਕਦੇ ਹਨ ਜਾਂ ਕਾਲਾ ਮੋਤੀਆ (ਮੋਤੀਆ ਬਿੰਦ) ਹੋ ਸਕਦਾ ਹੈ, ਜਿਸ ਨਾਲ ਆਦਮੀ ਦੀ ਨਜ਼ਰ ਉਮਰ ਭਰ ਲਈ ਜਾ ਸਕਦੀ ਹੈ। ਇਨ੍ਹਾਂ ਤੋਂ ਬਚਣ ਲਈ ਜਦੋਂ ਕਦੀ ਵੀ ਅੱਖਾਂ ਭਾਰੀਆਂ ਲੱਗਣ ਤਾਂ ਡਾਕਟਰੀ ਸਲਾਹ ਲਈ ਜਾਵੇ।

9. ਸਰੀਰਕ ਤੰਦਰੁਸਤੀ ਲਈ ਖਾਸ ਕਰਕੇ ਅੱਖਾਂ ਦੀ ਸਹੀ ਸਲਾਮਤੀ ਲਈ ਭਰਪੂਰ ਪਾਣੀ ਪੀਤਾ ਜਾਵੇ।

10. ਪੜ੍ਹਦੇ-ਲਿਖਦੇ ਜਾਂ ਕੰਪਿਊਟਰ 'ਤੇ ਕੰਮ ਕਰਦੇ ਸਮੇਂ ਕਾਪੀ-ਕਿਤਾਬ ਅਤੇ ਮਾਨੀਟਰ ਆਦਿ ਨੂੰ ਅੱਖਾਂ ਤੋਂ ਇਕ ਖਾਸ ਦੂਰੀ 'ਤੇ ਰੱਖਿਆ ਜਾਵੇ। ਜੇਕਰ ਤੁਸੀਂ ਲੰਮਾ ਸਮਾਂ ਕੰਪਿਊਟਰ 'ਤੇ ਕੰਮ ਕਰਦੇ ਹੋ ਤਾਂ ਹਰ ਅੱਧੇ ਘੰਟੇ ਬਾਅਦ ਥੋੜ੍ਹੇ ਸਮੇਂ ਲਈ ਅੱਖਾਂ ਨੂੰ ਆਰਾਮ ਦਿਓ।

11. ਜੇਕਰ ਨੇੜੇ ਜਾਂ ਦੂਰ ਦੇਖਣ ਵਿਚ ਕੋਈ ਮੁਸ਼ਕਿਲ ਮਹਿਸੂਸ ਹੋਵੇ ਤਾਂ ਡਾਕਟਰੀ ਸਲਾਹ ਲਵੋ।

12. ਆਪਣੇ ਚੌਗਿਰਦੇ ਦੀ ਸਾਫ਼-ਸਫ਼ਾਈ ਬਣਾ ਕੇ ਰੱਖੋ, ਤਾਂ ਕਿ ਤੁਹਾਡੀਆਂ ਅੱਖਾਂ ਉੱਤੇ ਧੂੜ ਨਾ ਪਵੇ।

13. ਜਿਨ੍ਹਾਂ ਲੋਕਾਂ ਨੂੰ ਨਜ਼ਰ ਦੀ ਐਨਕ ਲੱਗੀ ਹੋਈ ਹੈ, ਉਨ੍ਹਾਂ ਨੂੰ ਪੜ੍ਹਣ-ਲਿਖਣ ਲੱਗਿਆਂ ਐਨਕ ਦੀ ਵਰਤੋਂ ਕਰਨੀ ਚਾਹੀਦੀ ਹੈ।

ਅਸ਼ਵਨੀ ਚਤਰਥ

# ਜਦੋਂ ਹੱਡੀ ਟੁੱਟ ਜਾਵੇ



ਬਾਂਹ, ਲੱਤ, ਉਂਗਲੀ, ਹੱਥ, ਪੈਰ ਦੀ ਹੱਡੀ ਟੁੱਟਣ ਨੂੰ ਫਰੈਕਚਰ ਕਹਿੰਦੇ ਹਨ। ਹੱਡੀ ਨੂੰ ਜੁੜਨ ਵਿਚ ਆਮ ਤੌਰ 'ਤੇ ਤਿੰਨ ਤੋਂ ਛੇ ਮਹੀਨੇ ਤੱਕ ਲੱਗ ਜਾਂਦੇ ਹਨ। ਹੱਡੀ ਜੁੜਨ ਤੋਂ ਬਾਅਦ ਅੰਗ ਨੂੰ ਪੂਰੀ ਤਰ੍ਹਾਂ ਸਹੀ ਹੋਣ ਵਿਚ ਕਦੀ-ਕਦੀ ਜ਼ਿਆਦਾ ਸਮਾਂ ਵੀ ਲੱਗ ਜਾਂਦਾ ਹੈ।

ਕਾਰਨ : ਫਰੈਕਚਰ ਹੋਣ 'ਤੇ ਕਈ ਵਾਰ ਹੱਡੀ ਦੇ ਟੁਕੜਿਆਂ ਵਿਚਾਲੇ ਮਾਸ ਆ ਜਾਣ 'ਤੇ ਹੱਡੀ ਸਹੀ ਰੂਪ ਨਾਲ ਨਹੀਂ ਜੁੜਦੀ। ਇਸ ਹਾਲਤ ਵਿਚ ਆਪ੍ਰੇਸ਼ਨ ਕਰਵਾਉਣਾ ਪੈ ਸਕਦਾ ਹੈ। ਫਰੈਕਚਰ ਹੋਣ 'ਤੇ ਕਈ ਵਾਰ ਖੁੱਲ੍ਹੇ ਜ਼ਖ਼ਮ ਵੀ ਨਾਲ ਹੀ ਹੋ ਜਾਂਦੇ ਹਨ ਜਾਂ ਹੱਡੀ ਕਈ ਥਾਵਾਂ ਤੋਂ ਟੁੱਟ ਜਾਂਦੀ ਹੈ। ਇਸ ਤਰ੍ਹਾਂ ਦੀ ਸਥਿਤੀ ਵਿਚ ਵੀ ਹੱਡੀ ਜੁੜਨ ਵਿਚ ਜ਼ਿਆਦਾ ਸਮਾਂ ਲਗਦਾ ਹੈ।ਪੈਰ ਦੀ ਹੱਡੀ, ਪੱਟ ਦੀ ਹੱਡੀ, ਗਰਦਨ ਦੇ ਕੋਲ ਦੀ ਹੱਡੀ, ਗੁੱਟ ਅਤੇ ਪੰਜੇ ਦੀ ਹੱਡੀ ਕੁਝ ਮੁਸ਼ਕਿਲ ਨਾਲ ਜੁੜਦੀ ਹੈ ਕਿਉਂਕਿ ਇਨ੍ਹਾਂ ਅੰਗਾਂ ਦੀਆਂ ਹੱਡੀਆਂ ਦੀ ਬਨਾਵਟ ਇਸ ਤਰ੍ਹਾਂ ਦੀ ਹੁੰਦੀ ਹੈ ਜਿਨ੍ਹਾਂ ਵਿਚ ਖ਼ੂਨ ਦਾ ਦੌਰਾ ਕੁਝ ਘੱਟ ਹੁੰਦਾ ਹੈ। ਸ਼ੂਗਰ ਹੋਣ 'ਤੇ, ਟੀ.ਬੀ. ਹੋਣ 'ਤੇ, ਹਾਰਮੋਨਜ਼ ਅੰਸਤੁਨਲ ਹੋਣ 'ਤੇ ਜਾਂ ਬੁਢਾਪੇ ਵਿਚ ਵੀ ਹੱਡੀਆਂ ਦੇ ਜੁੜਨ ਦੀ ਪ੍ਰਕਿਰਿਆ ਹੌਲੀ ਹੋ ਜਾਂਦੀ ਹੈ। ਹੱਡੀ ਟੁੱਟਣ 'ਤੇ ਹਮੇਸ਼ਾ ਹੱਡੀਆਂ ਦੇ ਮਾਹਿਰ ਡਾਕਟਰ ਦੀ ਸਲਾਹ ਜ਼ਰੂਰ ਲਓ। ਮਾਲਿਸ਼ ਕਰਵਾ ਕੇ ਹੱਡੀ ਦਾ ਨੁਕਸਾਨ ਨਾ ਕਰਵਾਓ। ਜੇਕਰ ਤੁਸੀਂ ਡਾਕਟਰ ਤੋਂ ਸੰਤੁਸ਼ਟ ਨਹੀਂ ਹੋ ਤਾਂ ਕਿਸੇ ਹੋਰ ਹੱਡੀ ਮਾਹਿਰ ਤੋਂ ਜ਼ਰੂਰ ਸਲਾਹ ਲਓ। ਪਲੱਸਤਰ ਵਾਲੀ ਥਾਂ 'ਤੇ ਪੂਰਾ ਧਿਆਨ ਰੱਖੋ ਅਤੇ ਲਗਾਤਾਰ ਸਮੇਂ 'ਤੇ ਜਾਂਚ ਕਰਵਾਉਂਦੇ ਰਹੋ। ਥੋੜ੍ਹੀ ਜਿਹੀ ਲਾਪ੍ਰਵਾਹੀ ਤੁਹਾਡੇ ਅੰਗ ਨੂੰ ਪ੍ਰਭਾਵਿਤ ਕਰ ਸਕਦੀ ਹੈ।

ਸਾਵਧਾਨੀਆਂ : ਸਮੇਂ ਤੋਂ ਪਹਿਲਾਂ ਪਲੱਸਤਰ ਕੱਟ ਦੇਣ ਨਾਲ ਹੱਡੀ ਮੁੜ ਸਕਦੀ ਹੈ ਅਤੇ ਕੱਚੀ ਵੀ ਜੁੜ ਸਕਦੀ ਹੈ। ਮਾਲਿਸ਼, ਖਿੱਚ-ਧੂਹ ਅਤੇ ਸੇਕ ਨਾਲ ਹੱਡੀ ਨੂੰ ਨੁਕਸਾਨ ਵੀ ਪਹੁੰਚ ਸਕਦਾ ਹੈ। ਪਲੱਸਤਰ ਲਗਾਉਣ ਤੋਂ ਬਾਅਦ ਕਦੀ ਵੀ ਪੈਂਸਿਲ ਜਾਂ ਕਿਸੇ ਨੁਕੀਲੀ ਚੀਜ਼ ਨਾਲ ਖਾਰਸ਼ ਨਾ ਕਰੋ। ਇਸ ਦੇ ਅੰਦਰ ਲਗਣ 'ਤੇ ਇਨਫੈਕਸ਼ਨ ਵੀ ਹੋ ਸਕਦੀ ਹੈ। ਪਲੱਸਤਰ ਨੂੰ ਕਦੀ ਖ਼ੁਦ ਨਾ ਕੱਟੋ, ਨਾ ਹੀ ਛੋਟਾ ਕਰੋ। ਪਲੱਸਤਰ ਨੂੰ ਪਾਣੀ ਤੋਂ ਬਚਾ ਕੇ ਰੱਖੋ। ਪਲੱਸਤਰ ਦੇ ਟੁੱਟ ਜਾਣ 'ਤੇ ਜਾਂ ਚਟਕ ਜਾਣ 'ਤੇ ਤੁਰੰਤ ਡਾਕਟਰ ਦੀ ਸਲਾਹ ਲਓ। ਹੁੱਡੀ ਖਿਸਕ ਕੇ ਗ਼ਲਤ ਵੀ ਜੁੜ ਸਕਦੀ ਹੈ।

ਪਲੱਸਤਰ ਲਗਾਉਣ ਤੋਂ ਬਾਅਦ ਡਾਕਟਰ ਤੋਂ ਜਾਣਕਾਰੀ ਲੈ ਲਓ ਕਿ ਪਲੱਸਤਰ ਲੱਗੇ ਅੰਗ ਨੂੰ ਕਿੰਨਾ ਹਿਲਾਉਣਾ ਚਾਹੀਦਾ ਹੈ, ਕਿੰਨਾ ਕੰਮ ਉਸ ਅੰਗ ਤੋਂ ਲੈਣਾ ਚਾਹੀਦਾ ਹੈ ਅਤੇ ਕਿੰਨਾ ਵਜ਼ਨ ਉਸ ਅੰਗ ਨਾਲ ਚੁੱਕਣਾ ਚਾਹੀਦਾ ਹੈ। ਉਸ ਅੰਗ ਨੂੰ ਕਿੰਨੇ ਆਰਾਮ ਦੀ ਜ਼ਰੂਰਤ ਹੈ, ਇਸ ਦੀ ਵੀ ਪੂਰੀ ਜਾਣਕਾਰੀ ਲਓ। ਜ਼ਿਆਦਾ ਹਿਲਾਉਣ-ਜੁਲਾਉਣ ਨਾਲ ਹੱਡੀ ਦੇਰ ਨਾਲ ਜੁੜਦੀ ਹੈ ਅਤੇ ਖਿਸਕ ਵੀ ਸਕਦੀ ਹੈ।

ਨੀਤੂ ਗੁਪਤਾ

# ਫ਼ਾਇਦੇ ਟਮਾਟਰ-ਰਸ ਦੇ



ਪਕੇ ਹੋਏ ਟਮਾਟਰਾਂ ਦਾ ਰਸ ਸਵੇਰੇ ਅਤੇ ਸ਼ਾਮ 20 ਗ੍ਰਾਮ ਤਾਜ਼ੇ ਅਤੇ ਕੋਸੇ ਪਾਣੀ ਨਾਲ ਪੀਣ ਤੇ ਫੋੜੇ, ਫਿਨਸੀ ਅਤੇ ਖਾਰਸ਼ ਆਦਿ ਵਿਚ ਲਾਭ ਹੁੰਦਾ ਹੈ। ਇਸ ਰਸ ਦੇ ਸੇਵਨ ਨਾਲ ਮਧੂਮੇਹ ਭਾਵ ਸ਼ੂਗਰ ਰੋਗੀ ਦੇ ਮੂਤਰ ਵਿਚ ਸ਼ੱਕਰ ਦੀ ਮਾਤਰਾ ਆਮ ਹੋ ਜਾਂਦੀ ਹੈ। ਬੁਖਾਰ ਵਿਚ ਇਸ ਦੇ ਰਸ ਦਾ ਸੇਵਨ ਕਰਨ ਨਾਲ ਬੁਖਾਰ ਠੀਕ ਹੋ ਜਾਂਦਾ ਹੈ। ਮੂੰਹ ਦੇ ਛਾਲੇ ਅਤੇ ਮਸੂੜਿਆਂ 'ਚੋਂ ਖ਼ੂਨ ਵਗਣ 'ਤੇ ਟਮਾਟਰ ਦੇ ਰਸ ਨੂੰ ਪਾਣੀ ਵਿਚ ਮਿਲਾ ਕੇ ਕੁਰਲੀ ਕਰਨ 'ਤੇ ਰਹਿਣ ਨਾਲ ਮੂੰਹ ਦੇ ਛਾਲੇ ਠੀਕ ਹੋ ਜਾਂਦੇ ਹਨ ਅਤੇ ਮਸੂੜਿਆਂ 'ਚੋਂ ਖ਼ੂਨ ਆਉਣਾ ਵੀ ਰੁਕ ਜਾਂਦਾ ਹੈ।

# ਯਾਦ ਸ਼ਕਤੀ ਲਈ ਘਾਤਕ ਹੈ ਐਲੂਮੀਨੀਅਮ

ਬ੍ਰੈੱਡ, ਪਨੀਰ, ਕੇਕ, ਡੱਬਾ ਬੰਦ ਅਚਾਰ ਆਦਿ ਖਾਣ ਵਾਲੇ ਪਦਾਰਥਾਂ ਦਾ ਇਸਤੇਮਾਲ ਅੱਜ ਕੱਲ੍ਹ ਬਹੁਤ ਹੋਣ ਲੱਗਾ ਹੈ। ਇਸ ਵਿਚ ਮੌਜੂਦ ਐਲੂਮੀਨੀਅਮ ਦੇ ਕਣ ਸਿਹਤ ਘਾਤਕ ਪ੍ਰਭਾਵ ਪਾਉਂਦੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਵੱਧ ਮਾਤਰਾ ਵਿਚ ਐਲੂਮੀਨੀਅਮ ਜਦੋਂ ਸਰੀਰ ਦੇ ਅੰਦਰ ਪਹੁੰਚਦਾ ਹੈ ਤਾਂ ਇਸ ਨਾਲ ਨਾ ਸਿਰਫ ਯਾਦ ਸ਼ਕਤੀ ਘੱਟ ਹੁੰਦੀ ਹੈ, ਬਲਕਿ ਇਸ ਦੇ ਪ੍ਰਭਾਵ ਨਾਲ ਹੱਡੀਆਂ ਵੀ ਟੇਢੀਆਂ-ਮੇਢੀਆਂ ਹੋਣ ਲਗਦੀਆਂ ਹਨ। ਇਥੋਂ ਤਕ ਕਿ ਇਹ ਲਗਪਗ ਚਾਲੀ ਸਾਲ ਦੀ ਉਮਰ ਤੋਂ ਬਾਅਦ ਦਿਮਾਗ ਦੀਆਂ ਕੋਸ਼ਿਕਾਵਾਂ ਦਾ ਵਾਧਾ ਇਕਦਮ ਰੁਕ ਸਕਦਾ ਹੈ।



ਇਸ ਦੇ ਨਾਲ ਕਿਡਨੀ, ਦਿਮਾਗ, ਲਿਵਰ ਅਤੇ ਹੱਡੀਆਂ ਵਿਚ ਜਮ੍ਹਾਂ ਹੁੰਦਾ ਹੈ। ਇਕ ਖੋਜ ਅਨੁਸਾਰ ਗੁਰਦਿਆਂ ਵਿਚ ਐਲੂਮੀਨੀਅਮ ਦੇ ਜਮ੍ਹਾਂ ਹੋਣ ਨਾਲ ਗੁਰਦੇ ਮੁੱਖ ਕੰਮ ਸਰੀਰ ਵਿਚ ਫਾਸਫੇਟ ਦੀ ਮਾਤਰਾ ਨੂੰ ਕੰਟਰੋਲ ਕਰਨਾ ਛੱਡ ਦਿੰਦੀਆਂ ਹਨ।

ਚੂਹਿਆਂ 'ਤੇ ਕੀਤੇ ਗਏ ਤਜਰਬਿਆਂ ਨਾਲ ਇਹ ਸਿੱਧ ਹੋਇਆ ਹੈ ਕਿ ਕੈਲਸ਼ੀਅਮ ਬਹੁਤ ਹੱਦ ਤਕ ਐਲੂਮੀਨੀਅਮ 'ਤੇ ਕਾਬੂ ਰੱਖਣ ਵਿਚ ਸਹਾਇਤਾ ਕਰਦਾ ਹੈ। ਇਸ 'ਤੇ ਅਜੇ ਹੋਰ ਖੋਜ ਕੀਤੀ ਜਾ ਰਹੀ ਹੈ, ਜਿਸ ਨਾਲ ਭਵਿੱਖ ਵਿਚ ਕੁਝ ਹੋਰ ਵੀ ਨਵੇਂ ਤੱਥ ਸਾਹਮਣੇ ਆਉਣ ਦੀ ਸੰਭਾਵਨਾ ਹੈ।

ਇਲਾਜ ਨਾਲੋਂ ਪਰਹੇਜ਼ ਹਮੇਸ਼ਾ ਚੰਗਾ ਹੁੰਦਾ ਹੈ ਅਤੇ ਆਉ ਹੇਠ ਲਿਖੀਆਂ ਗੱਲਾਂ ਵੱਲ ਧਿਆਨ ਦੇਈਏ :

ਭੋਜਨ ਬਣਾਉਣ ਲਈ ਜਿੱਥੋਂ ਤਕ ਸੰਭਵ ਹੋਵੇ ਐਲੂਮੀਨੀਅਮ ਦੇ ਭਾਂਡਿਆਂ ਦਾ ਇਸਤੇਮਾਲ ਨਾ ਕਰੋ। ਜੇਕਰ ਐਲੂਮੀਨੀਅਮ ਦੇ ਭਾਂਡੇ ਦਾ ਇਸਤੇਮਾਲ ਕਰਨਾ ਵੀ ਹੋਵੇ ਤਾਂ ਅਮਲੀ ਪਦਾਰਥ ਜਾਂ ਨਿੰਬੂ ਦਾ ਰਸ, ਟਮਾਟਰ ਦੀ ਚਟਨੀ ਆਦਿ ਇਸ ਵਿਚ ਨਾ ਰੱਖੋ। ਡੱਬਾ ਬੰਦ ਪ੍ਰੋਸੈਸਡ ਭੋਜਨ-ਜਿਸ ਵਿਚ ਸੰਭਾਲਨ ਵਾਲੇ ਤੱਤ ਪ੍ਰੀਜ਼ਰਵੇਟਿਵ ਦਾ ਇਸੇਤਮਾਲ ਕੀਤਾ ਗਿਆ ਹੋਵੇ ਦੇ ਇਸਤੇਮਾਲ ਤੋਂ ਬਚੋ।

ਐਲੂਮੀਨੀਅਮ ਜ਼ੈਲ ਐਂਟਾਸਿਡ ਦਾ ਇਸਤੇਮਾਲ ਨਾ ਕਰੋ।

ਗਰਭਵਤੀ ਔਰਤਾਂ, ਵਧੇਰੇ ਉਮਰ ਵਾਲੇ ਵਿਅਕਤੀ, ਸ਼ਰਾਬ ਪੀਣ ਵਾਲੇ ਜਾਂ ਜੋ ਹਰ ਰੋਜ਼ ਕੈਲੀਸ਼ੀਅਮ ਘੱਟ ਮਾਤਰਾ ਵਿਚ ਲੈਂਦੇ ਹੋਣ, ਉਨ੍ਹਾਂ ਲਈ ਐਲੂਮੀਨੀਅਮ ਤੋਂ ਪਰਹੇਜ਼ ਬਹੁਤ ਜਰੂਰੀ ਹੈ।

ਜੇਕਰ ਦਿਮਾਗ ਜਾਂ ਹੱਡੀਆਂ ਦੇ ਠੀਕ ਵਿਕਾਸ ਵਿਚ ਥੋੜ੍ਹੀ ਵੀ ਕਮੀ ਦਾ ਅਹਿਸਾਸ ਹੋਵੇ, ਆਸਟੋਪੋਰੋਸਿਸ ਜਾਂ ਯਾਦ ਸ਼ਕਤੀ ਕਮਜ਼ੋਰ ਹੋਣ ਦਾ ਕੋਈ ਵੀ ਲੱਛਣ ਦਿਖਾਈ ਦੇਵੇ ਤਾਂ ਬਿਨਾਂ ਦੇਰ ਕੀਤੇ ਤੁਰੰਤ ਮਾਹਿਰਾਂ ਨਾਲ ਸੰਪਰਕ ਸਥਾਪਿਤ ਕਰੋ।

# ਗਜ਼ਨੀ ਦੇ ਬਜ਼ਾਰਾਂ ਦਾ ਅਸਲੀ ਸੱਚ

ਇਤਿਹਾਸ ਦੀਆਂ ਉਹ ਘਟਨਾਵਾਂ ਜੋ ਸਦੀਆਂ ਬਾਅਦ ਵੀ ਲੋਕਾਂ ਦੀਆਂ ਯਾਦਾਂ ਵਿੱਚ ਘੁੰਮਦੀਆਂ ਰਹਿੰਦੀਆਂ ਹਨ, ਅਕਸਰ ਅਸਲੀਅਤ ਅਤੇ ਮਿਥਿਹਾਸ ਦੇ ਗੁੰਝਲਦਾਰ ਰੂਪ ਵਿੱਚ ਸਾਹਮਣੇ ਆਉਂਦੀਆਂ ਹਨ। ਗਜਨੀ ਦੇ ਬਾਜਾਰ ਇਸੇ ਤਰ੍ਹਾਂ ਦੀ ਇੱਕ ਵਿਵਾਦਾਸਪਦ ਅਤੇ ਅੰਧਕਾਰਮਈ ਕਹਾਣੀਆਂ ਹਨ। ਇਨ੍ਹਾਂ ਬਾਜਾਰਾਂ ਨੂੰ ਭਾਰਤੀ ਇਤਿਹਾਸ ਵਿੱਚ ਉਸ ਸਥਾਨ ਵਜੋਂ ਯਾਦ ਕੀਤਾ ਜਾਂਦਾ ਹੈ ਜਿੱਥੇ ਮਹਿਮੂਦ ਗਜਨੀ ਵੱਲੋਂ ਭਾਰਤ ਤੋਂ ਅਗਵਾ ਕੀਤੀਆਂ ਔਰਤਾਂ ਅਤੇ ਕੁੜੀਆਂ ਨੂੰ ਟਕੇ ਟਕੇ ਸਿਰ ਵੇਚਿਆ ਜਾਂਦਾ ਸੀ। ਇਸ ਬਾਰੇ ਬਹੁਤ ਸਾਰੀਆਂ ਲੋਕ-ਕਥਾਵਾਂ ਅਤੇ ਆਧੁਨਿਕ ਰਾਜਨੀਤਿਕ ਬਿਆਨ ਵੀ ਚੱਲਦੇ ਹਨ। ਪਰ ਅਸਲੀਅਤ ਇਸ ਤੋਂ ਬਹੁਤ ਵੱਖਰੀ ਅਤੇ ਵਧੇਰੇ ਗੁੰਝਲਦਾਰ ਹੈ। ਇਸ ਲੇਖ ਵਿੱਚ ਅਸੀਂ ਉਪਲਬਧ ਇਤਿਹਾਸਕ ਸਰੋਤਾਂ ਅਧਾਰ ਤੇ ਗਜਨੀ ਦੇ ਗੁਲਾਮ ਬਾਜਾਰਾਂ ਦੀ ਅਸਲੀ ਕਹਾਣੀ ਨੂੰ ਉਜਾਗਰ ਕਰਨ ਦੀ ਕੋਸਿਸ ਕਰਾਂਗੇ ਅਤੇ ਉਸ ਨਾਲ ਜੁੜੀਆਂ ਗਲਤਫਹਿਮੀਆਂ ਨੂੰ ਵੀ ਦੂਰ ਕਰਾਂਗੇ।

ਗਜਨੀ, ਜੋ ਅੱਜ ਦੇ ਅਫਗਾਨਿਸਤਾਨ ਵਿੱਚ ਇੱਕ ਛੋਟਾ ਜਿਹਾ ਸਹਿਰ ਹੈ, 10ਵੀਂ ਅਤੇ 11ਵੀਂ ਸਦੀ ਵਿੱਚ ਇੱਕ ਤਾਕਤਵਰ ਰਾਜਧਾਨੀ ਵਜੋਂ ਉਭਰਿਆ। ਇਸ ਦਾ ਰਾਜਵੰਸ ਘਜਨਵਿਦ ਰਾਜ ਵਜੋਂ ਜਾਣਿਆ ਜਾਂਦਾ ਹੈ, ਜਿਸ ਦੀ ਨੀਂਹ ਸੇਬੂਕਤਗੀਨ ਨੇ 977 ਈਸਵੀ ਵਿੱਚ ਰੱਖੀ ਸੀ। ਉਸ ਦਾ ਪੁੱਤਰ ਮਹਿਮੂਦ ਗਜਨੀ (998-1030 ਈ.) ਇਸ ਰਾਜ ਨੂੰ ਉਚਾਈਆਂ ਤੱਕ ਲੈ ਗਿਆ। ਮਹਿਮੂਦ ਨੇ ਆਪਣੀ ਫੌਜੀ ਤਾਕਤ ਅਤੇ ਧਾਰਮਿਕ ਉਤਸਾਹ ਨੂੰ ਵਰਤ ਕੇ ਭਾਰਤ ਉੱਤੇ ਲਗਭਗ 17 ਵੱਡੇ ਹਮਲੇ ਕੀਤੇ। ਇਹ ਹਮਲੇ ਸਿਰਫ ਲੁੱਟ ਅਤੇ ਧਨ ਇਕੱਠਾ ਕਰਨ ਲਈ ਨਹੀਂ ਸਨ, ਬਲਕਿ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਗੁਲਾਮ ਬਣਾਉਣ ਲਈ ਵੀ ਸਨ। ਉਸ ਸਮੇਂ ਮੱਧ ਏਸੀਆ ਅਤੇ ਇਸਲਾਮੀ ਖੇਤਰਾਂ ਵਿੱਚ ਗੁਲਾਮ ਵਪਾਰ ਇੱਕ ਵਿਆਪਕ ਅਤੇ ਲਾਭਦਾਇਕ ਵਪਾਰ ਸੀ। ਗਜਨੀ ਇਸ ਵਪਾਰ ਦਾ ਇੱਕ ਮਹੱਤਵਪੂਰਨ ਕੇਂਦਰ ਬਣ ਗਿਆ।

ਇਤਿਹਾਸਕਾਰ ਅਲ-ਉਤਬੀ, ਜੋ ਮਹਿਮੂਦ ਦਾ ਆਪਣਾ ਇਤਿਹਾਸਕਾਰ ਸੀ, ਆਪਣੀ ਰਚਨਾ ਤਾਰੀਖ ਅਲ-ਯਾਮੀਨੀ ਵਿੱਚ ਇਸ ਦਾ ਵਿਸਥਾਰ ਨਾਲ ਵਰਣਨ ਕਰਦਾ ਹੈ। ਉਸ ਅਨੁਸਾਰ 1001 ਈਸਵੀ ਵਿੱਚ ਪਹਿਲੇ ਵੱਡੇ ਹਮਲੇ ਤੋਂ ਹੀ ਹਜਾਰਾਂ ਲੋਕ ਗੁਲਾਮ ਬਣਾਏ ਗਏ। ਥਾਨੇਸਰ (1015 ਈ.) ਵਿੱਚ ਲਗਭਗ ਦੋ ਲੱਖ ਗੁਲਾਮ ਲਿਆਂਦੇ ਗਏ, ਜਿਸ ਨਾਲ ਗਜਨੀ ਇੱਕ ਭਾਰਤੀ ਸਹਿਰ ਵਾਂਗ ਲੱਗਣ ਲੱਗਾ। ਸਾਲ 1018-19 ਵਿੱਚ ਕਨੌਜ ਅਤੇ ਮਥੁਰਾ ਉੱਤੇ ਹਮਲੇ ਤੋਂ ਬਾਅਦ 53,000 ਤੋਂ ਵੱਧ ਗੁਲਾਮ ਲਿਆਂਦੇ ਗਏ। ਇਨ੍ਹਾਂ ਵਿੱਚ ਮਰਦ, ਔਰਤਾਂ ਅਤੇ ਬੱਚੇ ਸਭ ਸਾਮਲ ਸਨ। ਇਹ ਗੁਲਾਮ ਗਜਨੀ ਦੇ ਬਾਜਾਰਾਂ ਵਿੱਚ ਵੇਚੇ ਜਾਂਦੇ ਸਨ। ਇਨ੍ਹਾਂ ਬਾਜਾਰਾਂ ਵਿੱਚ ਗੁਲਾਮਾਂ ਦੀਆਂ ਕੀਮਤਾਂ ਬਹੁਤ ਘੱਟ ਹੁੰਦੀਆਂ ਸਨ ਆਮ ਤੌਰ ਤੇ ਇੱਕ ਵਿਅਕਤੀ ਲਈ 2 ਤੋਂ 10 ਦਿਰਹਮ ਤੱਕ। ਇਹ ਮੁੱਲ ਇੰਨਾ ਘੱਟ ਸੀ ਕਿ ਵਪਾਰੀ ਦੂਰ-ਦੂਰ ਤੋਂ ਆ ਕੇ ਖਰੀਦਦੇ ਸਨ ਅਤੇ ਉਨ੍ਹਾਂ ਨੂੰ ਖੁਰਾਸਾਨ, ਇਰਾਕ ਅਤੇ ਹੋਰ ਇਸਲਾਮੀ ਖੇਤਰਾਂ ਵਿੱਚ ਲੈ ਜਾਂਦੇ ਸਨ। ਇਹ ਬਾਜਾਰ ਗੁਲਾਮੀ ਦੀ ਉਸ ਵਿਆਪਕ ਪ੍ਰਣਾਲੀ ਦਾ ਹਿੱਸਾ ਸਨ ਜੋ ਅਬਾਸੀ ਖਲੀਫਾ ਕਾਲ ਤੋਂ ਚੱਲੀ ਆ ਰਹੀ ਸੀ। ਗਜਨੀ ਵਿੱਚ ਇਹ ਬਾਜਾਰ 10ਵੀਂ ਸਦੀ ਦੇ ਅਖੀਰ ਤੋਂ ਸੁਰੂ ਹੋਏ ਅਤੇ 11ਵੀਂ ਸਦੀ ਵਿੱਚ ਆਪਣੀ ਉਚਾਈ ਤੱਕ ਪਹੁੰਚੇ। ਮਹਿਮੂਦ ਦੀ ਮੌਤ (1030 ਈ.) ਤੋਂ ਬਾਅਦ ਵੀ ਘਜਨਵਿਦ ਰਾਜ ਵਿੱਚ ਗੁਲਾਮ ਵਪਾਰ ਜਾਰੀ ਰਿਹਾ, ਪਰ ਭਾਰਤ ਤੋਂ ਵੱਡੇ ਪੈਮਾਨੇ ਉੱਤੇ ਗੁਲਾਮ ਲਿਆਉਣ ਦਾ ਸਿਲਸਿਲਾ ਘੱਟ ਹੋ ਗਿਆ। 12ਵੀਂ ਸਦੀ ਵਿੱਚ ਘੁਰੀਦਾਂ ਵੱਲੋਂ ਗਜਨੀ ਉੱਤੇ ਹਮਲਿਆਂ ਨਾਲ ਇਸ ਰਾਜ ਦਾ ਅੰਤ ਹੋਇਆ ਅਤੇ ਗੁਲਾਮ ਵਪਾਰ ਦਾ ਕੇਂਦਰ ਹੌਲੀ-ਹੌਲੀ ਦਿੱਲੀ ਵੱਲ ਚਲਾ ਗਿਆ। ਇਸ ਤਰ੍ਹਾਂ ਗਜਨੀ ਦੇ ਬਾਜਾਰਾਂ ਦੀ ਸਭ ਤੋਂ ਵੱਧ ਗਤੀਸੀਲ ਮਿਆਦ ਲਗਭਗ 1000 ਤੋਂ 1100 ਈਸਵੀ ਤੱਕ ਰਹੀ, ਜੋ ਕੁੱਲ ਮਿਲਾ ਕੇ ਲਗਭਗ ਦੋ ਸਦੀਆਂ ਤੱਕ ਚੱਲੀ।



ਇਹ ਬਾਜਾਰ ਭਾਰਤ ਲਈ ਇੱਕ ਵੱਡੀ ਤ੍ਰਾਸਦੀ ਸਨ। ਹਜਾਰਾਂ ਔਰਤਾਂ ਅਤੇ ਕੁੜੀਆਂ ਨੂੰ ਘਰਾਂ ਤੋਂ ਉਖਾੜ ਕੇ ਲਿਆਂਦਾ ਗਿਆ ਅਤੇ ਉਨ੍ਹਾਂ ਨੂੰ ਗੁਲਾਮ ਵਜੋਂ ਵੇਚਿਆ ਗਿਆ। ਇਸ ਨਾਲ ਨਾ ਸਿਰਫ ਭਾਰਤੀ ਸਮਾਜ ਦੀਆਂ ਢਾਂਚਾਗਤ ਤਬਾਹੀਆਂ ਹੋਈਆਂ ਬਲਕਿ ਇੱਕ ਲੰਬੇ ਸਮੇਂ ਤੱਕ ਚੱਲਣ ਵਾਲੀ ਯਾਦ ਵੀ ਬਣੀ। ਆਧੁਨਿਕ ਭਾਰਤੀ ਇਤਿਹਾਸ ਵਿੱਚ ਇਸ ਨੂੰ ਇੱਕ ਉਦਾਹਰਨ ਵਜੋਂ ਵਰਤਿਆ ਜਾਂਦਾ ਹੈ ਜੋ ਬਾਹਰੀ ਹਮਲਾਵਰਾਂ ਵੱਲੋਂ ਹੋਏ ਲੁੱਟ ਅਤੇ ਅਤਿਆਚਾਰ ਨੂੰ ਦਰਸਾਉਂਦੀ ਹੈ। ਪਰ ਇਸ ਨਾਲ ਇੱਕ ਗਲਤਫਹਿਮੀ ਵੀ ਜੁੜ ਗਈ ਹੈ। ਬਹੁਤ ਸਾਰੇ ਲੋਕ ਇਹ ਮੰਨਦੇ ਹਨ ਕਿ ਸਿੱਖ ਯੋਧਿਆਂ ਨੇ ਗਜਨੀ ਦੇ ਬਾਜਾਰਾਂ ਵਿੱਚੋਂ ਔਰਤਾਂ ਅਤੇ ਭੈਣਾਂ ਨੂੰ ਬਚਾ ਕੇ ਲਿਆਂਦਾ ਸੀ। ਇਹ ਧਾਰਨਾ ਇਤਿਹਾਸਕ ਤੌਰ ਤੇ ਗਲਤ ਹੈ।

ਸਿੱਖ ਧਰਮ ਦੀ ਰਸਮੀ ਸਥਾਪਨਾ ਖਾਲਸਾ ਪੰਥ ਵਜੋਂ 1699 ਈਸਵੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਹੋਈ ਸੀ, ਜੋ ਮਹਿਮੂਦ ਗਜਨੀ ਤੋਂ ਲਗਭਗ 670 ਸਾਲ ਬਾਅਦ ਹੈ। ਇਸ ਲਈ ਸਿੱਖ ਯੋਧੇ ਗਜਨੀ ਦੇ ਬਾਜਾਰਾਂ ਨਾਲ ਸਿੱਧੇ ਤੌਰ ਤੇ ਜੁੜੇ ਹੀ ਨਹੀਂ ਸਨ। ਇਹ ਕਹਾਣੀ ਅਸਲ ਵਿੱਚ 18ਵੀਂ ਸਦੀ ਦੀ ਇੱਕ ਘਟਨਾ ਨਾਲ ਜੁੜੀ ਹੋਈ ਹੈ। ਤੀਜੀ ਪਾਨੀਪਤ ਦੀ ਲੜਾਈ (1761 ਈ.) ਤੋਂ ਬਾਅਦ ਅਹਿਮਦ ਸਾਹ ਅਬਦਾਲੀ ਵੱਲੋਂ ਅਗਵਾ ਕੀਤੀਆਂ ਲਗਭਗ 22,000 ਮਰਾਠਾ ਔਰਤਾਂ ਅਤੇ ਬੱਚਿਆਂ ਨੂੰ ਅਫਗਾਨਿਸਤਾਨ ਲੈ ਜਾਇਆ ਜਾ ਰਿਹਾ ਸੀ। ਸਿੱਖ ਮਿਸਲਾਂ ਨੇ ਇਸ ਸਮੇਂ ਅਚਾਨਕ ਹਮਲੇ ਕਰ ਕੇ ਬਹੁਤ ਸਾਰੀਆਂ ਔਰਤਾਂ ਨੂੰ ਬਚਾਇਆ। ਖਾਸ ਕਰਕੇ ਜੱਸਾ ਸਿੰਘ ਅਹਲੂਵਾਲੀਆ ਵਰਗੇ ਯੋਧਿਆਂ ਨੇ ਇਸ ਵਿੱਚ ਅਗਵਾਈ ਕੀਤੀ। ਇਹਨਾਂ ਔਰਤਾਂ ਨੂੰ ਘੋੜਿਆਂ ਉੱਤੇ ਬਿਠਾ ਕੇ ਵਾਪਸ ਪਹੁੰਚਾਇਆ ਗਿਆ ਅਤੇ ਜਿਹਨਾਂ ਔਰਤਾਂ ਨੂੰ ਉਹਨਾਂ ਦੇ ਘਰਦਿਆਂ ਵੱਲੋਂ ਪ੍ਰਵਾਨ ਨਹੀਂ ਕੀਤਾ ਗਿਆ ਉਹਨਾਂ ਔਰਤਾਂ ਨਾਲ ਇਹਨਾਂ ਸਿੱਖ ਯੋਧਿਆਂ ਵੱਲੋਂ ਵਿਆਹ ਵੀ ਕੀਤੇ ਗਏ। ਇਹ ਘਟਨਾ ਸਿੱਖ ਬਹਾਦੁਰੀ ਦੀ ਆਦਰਸ਼ ਮਿਸਾਲ ਹੈ, ਪਰ ਇਸ ਨੂੰ ਗਜਨੀ ਦੇ ਬਾਜਾਰਾਂ ਨਾਲ ਜੋੜਨਾ ਇੱਕ ਗਲਤੀ ਜਾਂ ਮਿਥਿਹਾਸਕ ਮਿਸਰਣ ਹੈ। ਅਬਦਾਲੀ ਵੀ ਅਫਗਾਨ ਰਾਜਾ ਸੀ ਅਤੇ ਗਜਨੀ ਉਸ ਦੇ ਰਾਜ ਵਿੱਚ ਆਉਂਦਾ ਸੀ, ਇਸ ਲਈ ਦੋਵਾਂ ਵਿਚਕਾਰ ਗੁੰਝਲ ਉਤਪੰਨ ਹੋ ਗਈ।

ਅਸਲ ਵਿੱਚ ਗਜਨੀ ਦੇ ਬਾਜਾਰ ਗੁਲਾਮੀ ਦੀ ਉਸ ਨਿਰਦਈ ਪ੍ਰਥਾ ਨੂੰ ਦਰਸਾਉਂਦੇ ਹਨ ਜੋ ਉਸ ਸਮੇਂ ਦੀ ਰਾਜਨੀਤੀ ਅਤੇ ਆਰਥਿਕਤਾ ਦਾ ਹਿੱਸਾ ਸੀ। ਇਹ ਸਿਰਫ ਇੱਕ ਧਰਮ ਜਾਂ ਇੱਕ ਵਿਅਕਤੀ ਦੀ ਕਹਾਣੀ ਨਹੀਂ ਸੀ, ਬਲਕਿ ਯੁੱਧ, ਲੁੱਟ ਅਤੇ ਮਨੁੱਖੀ ਸੋਸਣ ਦੀ ਇੱਕ ਵੱਡੀ ਪ੍ਰਣਾਲੀ ਸੀ। ਆਧੁਨਿਕ ਸਮੇਂ ਵਿੱਚ ਇਸ ਨੂੰ ਰਾਜਨੀਤਿਕ ਤੌਰ ਤੇ ਵਰਤਣ ਨਾਲ ਇਤਿਹਾਸ ਨੂੰ ਸਰਲੀਕਰਨ ਕਰ ਦਿੱਤਾ ਜਾਂਦਾ ਹੈ ਅਤੇ ਅਸਲ ਤੱਥ ਲੁਕ ਜਾਂਦੇ ਹਨ। ਇਸ ਲਈ ਇਤਿਹਾਸ ਨੂੰ ਤੱਥਾਂ ਦੇ ਅਧਾਰ ਤੇ ਸਮਝਣਾ ਬਹੁਤ ਜਰੂਰੀ ਹੈ। ਗਜਨੀ ਦੇ ਬਾਜਾਰ ਇੱਕ ਯਾਦਗਾਰ ਹਨ ਜੋ ਸਾਨੂੰ ਯਾਦ ਦਿਵਾਉਂਦੇ ਹਨ ਕਿ ਯੁੱਧ ਅਤੇ ਗੁਲਾਮੀ ਮਨੁੱਖੀ ਸਭਿਆਚਾਰ ਲਈ ਕਿੰਨੀ ਵੱਡੀ ਤਬਾਹੀ ਲੈ ਕੇ ਆਉਂਦੇ ਹਨ।

ਅੱਜ ਵੀ ਜਦੋਂ ਅਸੀਂ ਇਸ ਬਾਰੇ ਗੱਲ ਕਰਦੇ ਹਾਂ ਤਾਂ ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇਤਿਹਾਸ ਨੂੰ ਨਫਰਤ ਫੈਲਾਉਣ ਲਈ ਨਹੀਂ, ਬਲਕਿ ਸਿੱਖਿਆ ਲੈਣ ਲਈ ਵਰਤਣਾ ਚਾਹੀਦਾ ਹੈ। ਗਜਨੀ ਦੇ ਬਾਜਾਰਾਂ ਦਾ ਅਸਲੀ ਸੱਚ ਇਹ ਹੈ ਕਿ ਉਹ ਇੱਕ ਖਾਸ ਇਤਿਹਾਸਕ ਦੌਰ ਦੀ ਉਪਜ ਸਨ, ਜਿਸ ਵਿੱਚ ਰਾਜਨੀਤਿਕ ਤਾਕਤ, ਧਾਰਮਿਕ ਉਤਸਾਹ ਅਤੇ ਆਰਥਿਕ ਲਾਭ ਇੱਕ ਥਾਂ ਉੱਤੇ ਆ ਗਏ ਸਨ। ਉਸ ਨੂੰ ਆਧੁਨਿਕ ਰਾਜਨੀਤੀ ਜਾਂ ਧਾਰਮਿਕ ਬਿਆਨ ਨਾਲ ਗੁੰਝਲਦਾਰ ਬਣਾਉਣ ਨਾਲ ਅਸੀਂ ਇਤਿਹਾਸ ਦੀ ਅਸਲੀਅਤ ਤੋਂ ਦੂਰ ਹੋ ਜਾਂਦੇ ਹਾਂ। ਇਸ ਲਈ ਤੱਥਾਂ ਨੂੰ ਉਨ੍ਹਾਂ ਦੇ ਸੰਦਰਭ ਵਿੱਚ ਸਮਝਣਾ ਅਤੇ ਉਨ੍ਹਾਂ ਤੋਂ ਸਬਕ ਲੈਣਾ ਹੀ ਸਭ ਤੋਂ ਵਧੀਆ ਤਰੀਕਾ ਹੈ।

ਸੰਦੀਪ ਕੁਮਾਰ

# ਔਰਤਾਂ ਦੇ ਦਰਦ ਨੂੰ ਸਮਝਣ ਵਾਲੀ ਡਾਕਟਰ ਦਲੀਪ ਕੌਰ ਟਿਵਾਣਾ

ਡਾਕਟਰ ਦਲੀਪ ਕੌਰ ਟਿਵਾਨਾ ਜੋ ਕਿ ਔਰਤਾਂ ਦੇ ਦਰਦ ਨੂੰ ਸਮਝਣ ਵਾਲੀ ਪੰਜਾਬੀ ਦੀ ਵੱਡੀ ਲੇਖਕਾ ਹੈ ਕਿਸੀ ਜਾਨ ਪਹਿਚਾਣ ਦੀ ਮੁਹਤਾਜ ਨਹੀਂ ਸਗੋਂ ਪੰਜਾਬੀ ਸਾਹਿਤ ਵਿੱਚ ਧਰੂਵ ਤਾਰੇ ਵਾਂਗ ਚਮਕਣ ਵਾਲੀ ਸਾਹਿਤਕਾਰ ਹੈ। ਡਾਕਟਰ ਟਿਵਾਨਾ ਦਾ ਜਨਮ 4 ਮਈ 1935 ਨੂੰ ਲੁਧਿਆਣਾ ਜਿਲ੍ਹੇ ਦੇ ਪਿੰਡ ਰੱਬੋ ਵਿਖੇ ਹੋਇਆ। ਦਲੀਪ ਕੌਰ ਟਿਵਾਣਾ ਪੰਜਾਬੀ ਸਾਹਿਤ ਰਚਨਾ ਦੀ ਖੇਤਰ ਚ ਇੱਕ ਵੱਡਾ ਨਾਂ ਹੈ ਸਾਹਿਤ ਰਚਨਾ ਤੋਂ ਬਿਨਾਂ ਉਹ ਉਸ ਸਮੇਂ ਦੀਆਂ ਔਰਤਾਂ ਦੇ ਸੰਘਰਸ ਦੀ ਮਿਸਾਲ ਬਣ ਕੇ ਸਾਹਮਣੇ ਆਈ ਹੈ ਜਦੋਂ ਜਗੀਰਦਾਰੀ ਸਮਾਜ ਦਾ ਬੋਲ ਬਾਲਾ ਸੀ । ਇਹ ਉਹ ਸਮਾਂ ਸੀ ਜਦ ਕੁੜੀਆਂ ਨੂੰ ਪੜ੍ਹਾਉਣਾ ਤਾਂ ਦੂਰ ਦੀ ਗੱਲ ਘਰ ਦੇ ਅੰਦਰ ਹੀ ਰੱਖਿਆ ਜਾਂਦਾ ਸੀ। ਲੋਕਾਂ ਤੇ ਜਗੀਰੂ ਸੋਚ ਭਾਰੂ ਸੀ। ਇਸ ਸਮੇਂ ਉਸ ਨੂੰ ਔਰਤ ਵਿਰੋਧੀ ਦੇ ਹਨੇਰੇ ਪੱਖ ਨੂੰ ਸਮਝਣ ਦਾ ਮੌਕਾ ਮਿਲਿਆ। ਉਹ ਪਰੰਪਰਾ ਦੀ ਵਿਰੋਧੀ ਨਹੀਂ ਪਰੰਪਰਾ ਵਿੱਚ ਜੋ ਸਾਰਥਕ ਹੈ ਉਸ ਨੂੰ ਬਚਾਉਣ ਦੇ ਹੱਕ ਵਿੱਚ ਹੈ।ਟਿਵਾਣਾ ਨੇ ਹਰ ਕਦਮ ਤੇ ਸੰਘਰਸ ਕੀਤਾ ਤੇ ਪੜ ਲਿਖ ਕੇ ਨਾ ਦ ਸਾਹਿਤ ਖੇਤਰ ਸਗੋਂ ਸਮਾਜ ਵਿੱਚ ਆਪਣਾ ਨਾ ਚਮਕਾਇਆ। ਉਹ ਪੀਐਚਡੀ ਕਰਨ ਵਾਲੇ ਛੋਟੀ ਉਮਰ ਦੀ ਪਹਿਲੀ ਕੁੜੀ ਸੀ ਪ੍ਰਿੰਸੀਪਲ ਤੇਜਾ ਸਿੰਘ ਦੀ ਪ੍ਰੇਰਨਾ ਸਦਕਾ ਉਸ ਦਾ ਕਹਾਣੀਕਾਰ ਵਜੋਂ ਪੰਜਾਬੀ ਸਾਹਿਤ ਵਿੱਚ ਆਗਮਨ ਹੋਇਆ ਦਲੀਪ ਪਟਵਾਰਾ ਨੇ ਬਹੁਤ ਕਹਾਣੀ ਸੰਗ੍ਰਹਿ ਪੰਜਾਬੀ ਮਾਂ ਬੋਲੀ ਦੀ ਝੋਲੀ ਪਾਏ ਤੇ ਉਸਦੇ ਅਣਗਿਣਤ ਨਾਵਲ ਵੀ ਪੰਜਾਬੀ ਸਾਹਿਤ ਵਿੱਚ ਆਗਮਣ ਹੋਏ ਪੰਜਾਬੀ ਸਾਹਿਤ ਵਿੱਚ ਉਸ ਨੂੰ ਪ੍ਰਾਪਤ ਹੋਏ ਸਨਮਾਨਾਂ ਦੀ ਸੂਚੀ ਬਹੁਤ ਲੰਬੀ ਹੈ ਡਾਕਟਰ ਟਿਵਾਨਾ ਨੂੰ ਸਾਹਿਤ ਅਕਾਦਮੀ ਪੁਰਸਕਾਰ ਸਰਸਵਤੀ ਸਨਮਾਨ ਪੰਜਾਬੀ ਸਾਹਿਤ



ਰਤਨ ਭਾਰਤ ਸਰਕਾਰ ਵੱਲੋਂ ਪਦਮਸ੍ਰੀ ਦੀਆਂ ਉਪਾਧੀਆਂ ਨਾਲ ਸਨਮਾਨਿਤ ਕੀਤਾ ਗਿਆ। ਉਸ ਸਮੇਂ ਦੇ ਸੱਚ ਨੂੰ ਉਜਾਗਰ ਕਰਦੀ ਹੈ ਦਪ ਕੋਟੀਵਾਨਾਂ ਦੇ ਬਹੁਤ ਸਾਰੇ ਨਾਵਲ ਕਹਾਣੀ ਸੰਗ੍ਰਹਿ ਆਲੋਚਨਾ ਪੁਸਤਕਾਂ ਵਾਰਤਕ ਸੰਗ੍ਰਹਿ ਆਦਿ ਹਨ ਇਸ ਤੋਂ ਬਿਨਾਂ ਸਵੈਜੀਵਨੀ ਤੇ ਸਾਹਿਤਿਕ ਸਵੈਜੀਵਨੀ ਵੀ ਹੈ ਡਾਕਟਰ ਟਿਵਾਣਾ ਨੇ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਵਜੋਂ ਵੀ ਆਪਣੀਆਂ ਸੇਵਾਵਾਂ ਦਿੱਤੀਆਂ ਹਨ। ਡਾਕਟਰ ਦੀਵਾਰਾਂ ਦੀਆਂ ਜਿਆਦਾਤਰ ਲਿਖਤਾਂ ਵਿੱਚ ਪੰਜਾਬ ਦੇ ਸਮਾਜਿਕ ਸੱਭਿਆਚਾਰ ਔਰਤਾਂ ਦੀ ਹੋਣ ਔਰਤਾਂ ਦੀ ਮਾਨਸਿਕਤਾ ਦਾ ਯਥਾਰਥਕ ਵੇਰਵਾ ਹੈ। ਟਿਵਾਣਾ ਨੇ ਔਰਤਾਂ ਦੇ ਦਰਦ ਨੂੰ ਲਿਖਿਆ ਹੀ ਨਹੀਂ ਸਗੋਂ ਆਪਣੇ ਪਿੰਡੇ ਤੇ ਵੀ ਹੰਡਾਇਆ ਹੈ ਦਵਾਨਾਂ ਦੇ ਨਾਵਲਾਂ ਦੀਆਂ ਔਰਤਾਂ ਦਾ ਦਰਦ ਪੂਰੇ ਸਮਾਜ ਨੂੰ ਕਟਹਿਰੇ ਵਿੱਚ ਖੜਾ ਕਰਦਾ ਹੈ ਤੇ ਸਮਾਜ ਨਾਲ ਸੰਵਾਦ ਵੀ ਰਚਾਉਂਦਾ ਹੈ।। ਪੰਜਾਬੀ ਸਾਹਿਤ ਵਿੱਚ ਖੂਬ ਚਮਕੀ ਹੈ। ਦਲੀਪ ਕੌਰ ਟਿਵਾਣਾ ਇਨਸਾਨ ਦੀ ਜਿੰਦਗੀ ਨੂੰ ਇੱਕ ਹਰੀ ਨਹੀਂ ਮੰਨਦੀ ਸਗੋਂ ਯਥਾਰਥ ਦਾ ਬਿੰਬ ਉਸਾਰਦੀ ਹੈ ਇਹੋ ਹਮਾਰਾ ਜੀਵਨਾ ਵਿਚਲੀ ਪਾਤਰ ਭਾਨੋ ਤੋਂ ਲੈ ਕੇ ਅਲਕਾ ਦੇ ਰੂਪ ਵਿੱਚ ਦਲੀਪ ਕੌਰ ਟਿਵਾਣ ਨੇਐਂ ਰਤ ਦੀ ਚੇਤਨਾ ਦਾ ਵਿਕਾਸ ਕੀਤਾ ਹੈ ਦਿੱਲੀ ਕੋ ਟਿਵਾਣਾ ਆਪਣੀ ਰਚਨਾਵਾਂ ਵਿੱਚ ਅਜਿਹੇ ਮਸਲੇ ਉਜਾਗਰ ਕਰਦੀ ਹੈ ਜੋ ਉਸਨੂੰ ਵਿਕਸਿਤ ਕਰਦੇ ਹਨ ।ਦਲੀਪ ਕੌਰ ਟਿਵਾਨਾ ਨੇ ਆਪਣੀ ਰਚਨਾ ਸਿਰਫ ਔਰਤ ਦਾ ਦਰਦ ਹੀ ਨਹੀਂ ਬਲਕਿ ਦਰਦ ਦੇ ਕਾਰਨਾਂ ਦਾ ਵੀ ਡੂੰਗਾ ਅਧਿਐਨ ਕੀਤਾ ਹੈ ਦੀਵਾਨਾ ਆਪਣੀ ਸਹਾਇਤਕਾਰੀ ਦੇ ਅਸਲੀ ਧਰਮ ਨੂੰ ਪਛਾਣਦੀ ਹੈ। ਦਲੀਪ ਕੌਰ ਦੀਵਾਨਾਂ ਦੀਆਂ ਕਹਾਣੀਆਂ ਭਾਵਕਤਾ ਭਰਪੂਰ ਹਨ ਤੇ ਸਾਡੇ ਯਥਾਰਥ ਨੂੰ ਵੀ ਉਭਾਰਦੀਆਂ ਹਨ। ਉਸ ਦੇ ਨਾਵਲਾਂ ਵਿਚਲੀਆਂ ਔਰਤਾਂ ਆਪਣੀ ਚਰਿਤਰ ਪ੍ਰਤੀ ਸੁਚੇਤ ਰਹਿੰਦੀਆਂ ਹਨ । ਨਾਵਲਾਂ ਵਿੱਚ ਨਹੀਂ ਔਰਤਾਂ ਪੇਂਡੂ ਸੱਭਿਆਚਾਰ ਦੀ ਉਪਜ ਹਨ।ਦਲੀਪ ਕੌਰ ਟਿਵਾਣਾ ਦਾ ਸਫਰ ਰਚਨਾਤਮਕ ਤੋਰ ਤੇ ਸਫਲ ਹੈ ।ਉਸਨੇ ਔਰਤ ਦੀ ਵੇਦਨਾ ਨੂੰ ਵਿਵੇਕਸੀਲ ਪਰਿਪੇਖ ਵਿੱਚ ਪਰਖਿਆ ਅਤੇ ਸਿਰਜਿਆ ਹੈ। ਉਸ ਦਾ ਦ੍ਰਿਸਟੀਕੋਣ ਵਿਵੇਕਸੀਲ ਹੈ ਉਹ ਲੇਖਕ ਦਾ ਕਿਸੇ ਇੱਕ ਵਿਚਾਰਧਾਰਾ ਨਾਲ ਬੱਝੇ ਰਹਿਣਾ ਸਵੀਕਾਰ ਨਹੀਂ ਕਰਦੀ ਸਗੋਂ ਸਮਕਾਲੀ ਸਮੱਸਿਆਵਾਂ ਤੇ ਵਿਚਾਰਧਾਰਾ ਨਾਲ ਸੰਬੰਧਿਤ ਰਚਨਾਵਾਂ ਨੂੰ ਬਿਆਨ ਦੀ ਹੈ। ਡਾਕਟਰ ਟਿਵਾਨਾ ਵਰਗੇ ਸਾਹਿਤਕਾਰ ਨਵੇਂ ਲੇਖਕਾਂ ਲਈ ਪ੍ਰੇਰਨਾ ਸਰੋਤ ਹਨ।

ਇੰਦਰਪ੍ਰੀਤ ਕੌਰ

# ਸਿਆਸਤ ਦੀ ਲਾਡਲੀ ਜਾਂ ਸਿਰਫ਼ ਵੋਟ ਬੈਂਕ

ਔਰਤਾਂ ਨੂੰ ਅਸਲ ਤਾਕਤ ਅਤੇ ਆਤਮ-ਨਿਰਭਰਤਾ ਦੇਣ ਦੀ ਬਜਾਏ, ਉਨ੍ਹਾਂ ਨੂੰ ਵੱਖ-ਵੱਖ ਸਹਾਰਿਆਂ ਅਤੇ ਆਸਰਿਆਂ 'ਤੇ ਨਿਰਭਰ ਬਣਾਈ ਰੱਖਣ ਦੀ ਪ੍ਰਵਿਰਤੀ ਭਾਰਤ ਦੀਆਂ ਸਿਆਸੀ ਪਾਰਟੀਆਂ ਨੇ ਜਿਵੇਂ ਤਨੋਂ-ਮਨੋਂ ਅਪਣਾ ਲਈ ਹੈ। ਇਹ ਮਹਿਜ਼ ਇੱਕ ਸੰਜੋਗ ਹੀ ਨਹੀਂ ਹੈ ਕਿ ਜਦੋਂ ਵੀ ਚੋਣਾਂ ਦਾ ਮੌਸਮ ਆਉਂਦਾ ਹੈ, ਤਾਂ ਔਰਤਾਂ ਦੇ ਕਲਿਆਣ ਦੀਆਂ ਯੋਜਨਾਵਾਂ ਨੂੰ ਲੈ ਕੇ ਸਿਆਸੀ ਪਾਰਟੀਆਂ ਵਿੱਚ ਇੱਕ ਅਨੋਖੀ ਹੋੜ ਜਿਹੀ ਲੱਗ ਜਾਂਦੀ ਹੈ। ਹਰ ਕੋਈ ਔਰਤਾਂ ਨੂੰ ਵੱਖ-ਵੱਖ ਸਹੂਲਤਾਂ ਦਾ ਐਲਾਨ ਹੀ ਨਹੀਂ ਕਰ ਰਿਹਾ, ਸਗੋਂ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਪੂਰਾ ਕਰਨ ਦਾ ਦਾਅਵਾ ਵੀ ਕਰ ਰਿਹਾ ਹੈ, ਤਾਂ ਜੋ ਉਨ੍ਹਾਂ ਦਾ ਅੱਧੀ ਆਬਾਦੀ ਵਾਲਾ ਵੋਟ ਬੈਂਕ ਪੂਰੀ ਤਰ੍ਹਾਂ ਪੱਕਾ ਹੋ ਸਕੇ।

ਭਾਜਪਾ ਹੋਵੇ ਜਾਂ ਕਾਂਗਰਸ, ਤ੍ਰਿਣਮੂਲ ਕਾਂਗਰਸ (ਟੀ.ਐਮ.ਸੀ) ਹੋਵੇ ਜਾਂ ਆਮ ਆਦਮੀ ਪਾਰਟੀ -ਇਸ ਸਿਆਸੀ ਖੇਡ ਵਿੱਚ ਸਾਰੇ ਹੀ ਆਪਣੀ ਪੂਰੀ ਤਾਕਤ ਲਗਾ ਰਹੇ ਹਨ। ਚੋਣਾਂ ਤੋਂ ਠੀਕ ਪਹਿਲਾਂ ਜਾਂ ਬਾਅਦ ਵਿੱਚ, ਇੱਕ ਨਿਸ਼ਚਿਤ ਨਗਦ ਰਾਸ਼ੀ ਸਿੱਧੀ ਔਰਤਾਂ ਦੇ ਬੈਂਕ ਖ਼ਾਤਿਆਂ ਵਿੱਚ ਟ੍ਰਾਂਸਫਰ ਕਰ ਦਿੱਤੀ ਜਾਂਦੀ ਹੈ ਅਤੇ ਸਰਕਾਰੀ ਬੱਸਾਂ ਵਿੱਚ ਯਾਤਰਾ ਉਨ੍ਹਾਂ ਲਈ ਪੂਰੀ ਤਰ੍ਹਾਂ ਮੁਫ਼ਤ ਹੋ ਜਾਂਦੀ ਹੈ। ਅਸਲ ਵਿੱਚ, ਮੁਫ਼ਤ ਦੀਆਂ ਰੇਉੜੀਆਂ ਵੰਡਣ ਦੀ ਇਹ ਪ੍ਰਥਾ ਭਾਰਤੀ ਲੋਕਤੰਤਰ ਦਾ ਇੱਕ ਅਹਿਮ ਅਤੇ ਚਿੰਤਾਜਨਕ ਹਿੱਸਾ ਬਣ ਚੁੱਕੀ ਹੈ। ਭਾਰਤੀ ਚੋਣ ਕਮਿਸ਼ਨ ਅਤੇ ਸੁਪਰੀਮ ਕੋਰਟ ਵੀ ਮੁਫ਼ਤ ਤੋਹਫ਼ੇ ਪ੍ਰਦਾਨ ਕਰਨ ਦੀ ਇਸ ਸੰਸਕ੍ਰਿਤੀ ਨੂੰ ਲੈ ਕੇ ਕਈ ਵਾਰ ਡੂੰਘੀ ਚਿੰਤਾ ਪ੍ਰਗਟ ਕਰ ਚੁੱਕੇ ਹਨ, ਪਰ ਸਿਆਸੀ ਲਾਹੇ ਅੱਗੇ ਇਹ ਚਿੰਤਾਵਾਂ ਬੇਅਸਰ ਦਿਖਾਈ ਦਿੰਦੀਆਂ ਹਨ।

ਆਰਥਿਕ ਮਾਹਰਾਂ ਦਾ ਸਪੱਸ਼ਟ ਕਹਿਣਾ ਹੈ ਕਿ ਔਰਤਾਂ ਦੇ ਕਲਿਆਣ ਦੇ ਨਾਂ 'ਤੇ ਸ਼ੁਰੂ ਕੀਤੀ ਗਈ ਇਸ ਸਿਆਸੀ ਹੋੜ ਕਾਰਨ ਕਈ ਸੂਬੇ ਕਰਜ਼ੇ ਦੇ ਭਾਰੀ ਦਲਦਲ ਵਿੱਚ ਧਸਦੇ ਜਾ ਰਹੇ ਹਨ। ਵਿੱਤੀ ਅਨੁਸ਼ਾਸਨ, ਜੋ ਕਿਸੇ ਵੀ ਸੂਬੇ ਜਾਂ ਦੇਸ਼ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਰੀੜ੍ਹ ਦੀ ਹੱਡੀ ਵਾਂਗ ਹੁੰਦਾ ਹੈ, ਉਹ ਪੂਰੀ ਤਰ੍ਹਾਂ ਚਰਮਰਾ ਚੁੱਕਾ ਹੈ। ਹਾਲ ਹੀ ਵਿੱਚ ਹੋਏ ਕੁਝ ਆਰਥਿਕ ਅਧਿਐਨਾਂ ਤੋਂ ਪਤਾ ਲੱਗਦਾ ਹੈ ਕਿ ਔਰਤਾਂ ਨੂੰ 1,000 ਰੁਪਏ ਤੋਂ ਲੈ ਕੇ 2,500 ਰੁਪਏ ਤੱਕ ਮਹੀਨਾਵਾਰ ਦੇਣ ਵਾਲੀਆਂ ਇਨ੍ਹਾਂ ਸਕੀਮਾਂ ਨੇ ਸੂਬਿਆਂ ਦੇ ਵਿੱਤੀ ਖੇਤਰ ਵਿੱਚ ਇੱਕ ਤਰ੍ਹਾਂ ਦੀ ਸੁਨਾਮੀ ਲਿਆਂਦੀ ਹੈ। ਇਸ ਨਾਲ ਮੱਧ ਪ੍ਰਦੇਸ਼, ਪੰਜਾਬ, ਛੱਤੀਸਗੜ੍ਹ, ਮਹਾਰਾਸ਼ਟਰ, ਕਰਨਾਟਕ, ਤਾਮਿਲਨਾਡੂ, ਉੜੀਸਾ, ਪੱਛਮੀ ਬੰਗਾਲ, ਦਿੱਲੀ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਰਗੇ ਰਾਜਾਂ ਦਾ ਬਜਟ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ।

ਮੱਧ ਪ੍ਰਦੇਸ਼ ਦੀ ਬੇਹੱਦ ਚਰਚਿਤ 'ਲਾਡਲੀ ਬਹਿਨਾ ਯੋਜਨਾ' ਤਹਿਤ ਯੋਗ ਔਰਤਾਂ ਨੂੰ ਹਰ ਮਹੀਨੇ 1,000 ਰੁਪਏ (ਹੁਣ ਵਧਾਈ ਹੋਈ ਰਾਸ਼ੀ) ਦੇਣ ਨਾਲ ਸੂਬਾ ਸਰਕਾਰ 'ਤੇ ਸਾਲਾਨਾ ਲਗਭਗ 12,000 ਕਰੋੜ ਰੁਪਏ ਦਾ ਸਿੱਧਾ ਵਿੱਤੀ ਬੋਝ ਪੈ ਰਿਹਾ ਹੈ।

ਮਹਾਰਾਸ਼ਟਰ ਵਿੱਚ ਸ਼ੁਰੂ ਕੀਤੀ ਗਈ ਇਸੇ ਤਰ੍ਹਾਂ ਦੀ ਯੋਜਨਾ 'ਤੇ ਸੂਬੇ ਦੇ ਖ਼ਜ਼ਾਨੇ ਵਿੱਚੋਂ ਲਗਭਗ 46,000 ਕਰੋੜ ਰੁਪਏ ਖ਼ਰਚ ਕੀਤੇ ਜਾ ਰਹੇ ਹਨ, ਜਿਸ ਨਾਲ ਰਾਜ ਦੇ ਹੋਰ ਵਿਕਾਸ ਕਾਰਜ ਪ੍ਰਭਾਵਿਤ ਹੋ ਰਹੇ ਹਨ।

ਪੱਛਮੀ ਬੰਗਾਲ ਦੀ 'ਅੰਨਪੂਰਨਾ ਭੰਡਾਰ' ਯੋਜਨਾ ਲਈ 79,000 ਕਰੋੜ ਰੁਪਏ, ਬੇਰੁਜ਼ਗਾਰੀ ਭੱਤੇ ਲਈ 30,000 ਕਰੋੜ ਰੁਪਏ ਅਤੇ ਮਹਿੰਗਾਈ ਭੱਤੇ (ਡੀ.ਏ.) ਦੇ ਬਕਾਏ ਲਈ 62,000 ਕਰੋੜ ਰੁਪਏ ਦਾ ਪ੍ਰਬੰਧ ਹੈ। ਜੇਕਰ ਇਨ੍ਹਾਂ ਤਿੰਨਾਂ ਨੂੰ ਮਿਲਾ ਦਿੱਤਾ ਜਾਵੇ, ਤਾਂ ਇਹ ਰਾਸ਼ੀ 1,71,000 ਕਰੋੜ ਰੁਪਏ ਵਰਗੀ ਭਾਰੀ-ਭਰਕਮ ਰਕਮ ਬਣਦੀ ਹੈ।

ਸਵਾਲ ਇਹ ਉੱਠਦਾ ਹੈ ਕਿ ਕੀ ਇਹ ਰਿਆਇਤਾਂ ਅਤੇ ਮੁਫ਼ਤ ਯੋਜਨਾਵਾਂ ਆਉਣ ਵਾਲੇ ਸਮੇਂ ਵਿੱਚ ਇਨ੍ਹਾਂ ਸੂਬਿਆਂ



ਵਿੱਚ ਇੱਕ ਗੰਭੀਰ ਵਿੱਤੀ ਐਮਰਜੈਂਸੀ ਵਰਗੀ ਸਥਿਤੀ ਪੈਦਾ ਨਹੀਂ ਕਰ ਦੇਣਗੀਆਂ? ਵੋਟਾਂ ਨੂੰ ਬਟੋਰਨ ਦੀ ਕਾਹਲ ਵਿੱਚ ਸੂਬਿਆਂ ਦੀ ਲੰਮੇ ਸਮੇਂ ਦੀ ਆਰਥਿਕ ਸਿਹਤ ਦੀ ਪੂਰੀ ਤਰ੍ਹਾਂ ਅਣਦੇਖੀ ਕੀਤੀ ਜਾ ਰਹੀ ਹੈ। ਸਿਆਸੀ ਲਾਭ ਲਈ ਬਣਾਈਆਂ ਗਈਆਂ ਇਹ ਯੋਜਨਾਵਾਂ ਸਮਾਜ ਅਤੇ ਸਰਕਾਰੀ ਤੰਤਰ ਵਿੱਚ ਇਸ ਕਦਰ ਆਪਣੀਆਂ ਜੜ੍ਹਾਂ ਜਮਾ ਲੈਂਦੀਆਂ ਹਨ ਕਿ ਬਾਅਦ ਵਿੱਚ ਕਿਸੇ ਵੀ ਸਰਕਾਰ ਲਈ ਇਨ੍ਹਾਂ ਨੂੰ ਵਾਪਸ ਲੈਣਾ ਜਾਂ ਬੰਦ ਕਰਨਾ ਸਿਆਸੀ ਤੌਰ 'ਤੇ ਲਗਭਗ ਅਸੰਭਵ ਹੋ ਜਾਂਦਾ ਹੈ।

ਉਦਾਹਰਨ ਲਈ, ਪੰਜਾਬ ਵਿੱਚ ਕਿਸਾਨਾਂ ਨੂੰ ਦਿੱਤੀ ਜਾ ਰਹੀ ਮੁਫ਼ਤ ਬਿਜਲੀ ਅਤੇ ਆਮ ਜਨਤਾ ਲਈ 300 ਯੂਨਿਟ ਮੁਫ਼ਤ ਬਿਜਲੀ ਦੀ ਸਹੂਲਤ ਕੀ ਕਦੇ ਕੋਈ ਸਰਕਾਰ ਬੰਦ ਕਰਨ ਦੀ ਹਿੰਮਤ ਕਰ ਸਕੇਗੀ? ਜਵਾਬ ਹੈ-ਬਿਲਕੁਲ ਨਹੀਂ, ਕਿਉਂਕਿ ਅਜਿਹਾ ਕਰਨਾ ਕਿਸੇ ਵੀ ਪਾਰਟੀ ਲਈ ਸਿਆਸੀ ਖ਼ੁਦਕੁਸ਼ੀ ਵਰਗਾ ਹੋਵੇਗਾ।

ਭਾਰਤ ਦੀ ਮੌਜੂਦਾ ਰਾਜਨੀਤੀ ਵਿੱਚ ਔਰਤ ਇਸ ਕਰਕੇ 'ਲਾਡਲੀ' ਜਾਂ ਪਿਆਰੀ ਨਹੀਂ ਬਣੀ ਕਿ ਸਿਆਸਤਦਾਨਾਂ ਦੇ ਦਿਲਾਂ ਵਿੱਚ ਉਨ੍ਹਾਂ ਲਈ ਕੋਈ ਸੱਚਾ ਸਤਿਕਾਰ ਹੈ ਜਾਂ ਉਨ੍ਹਾਂ ਦੇ ਪਿਛੜੇਪਣ ਨੂੰ ਲੈ ਕੇ ਕੋਈ ਅਸਲ ਦਰਦ ਹੈ। ਇਸਦੇ ਪਿੱਛੇ ਦਾ ਸਿੱਧਾ ਅਤੇ ਕੜਵਾ ਸੱਚ ਇਹ ਹੈ ਕਿ ਪਾਰਟੀਆਂ ਨੂੰ ਚੋਣਾਂ ਜਿੱਤਣ ਲਈ ਔਰਤਾਂ ਦਾ ਇੱਕਮੁਸ਼ਤ ਅਤੇ ਵਫ਼ਾਦਾਰ ਵੋਟ ਬੈਂਕ ਚਾਹੀਦਾ ਹੈ।

ਭਾਰਤੀ ਜਨਤਾ ਪਾਰਟੀ ਨੇ ਪਿਛਲੇ ਪਾਰਲੀਮੈਂਟ ਸੈਸ਼ਨ ਵਿੱਚ ਮਹਿਲਾ ਕਾਰਡ ਖੇਡਦੇ ਹੋਏ ਇੱਕ ਵੱਡਾ ਦਾਅ ਚੱਲਿਆ। ਪਹਿਲਾਂ ਹੀ ਸਿਧਾਂਤਕ ਰੂਪ ਵਿੱਚ ਪਾਸ ਕੀਤੇ ਜਾ ਚੁੱਕੇ 33% ਮਹਿਲਾ ਰਾਖਵਾਂਕਰਨ ਐਕਟ 'ਤੇ ਕੁਝ ਤਕਨੀਕੀ ਸੋਧਾਂ ਦਾ ਬਹਾਨਾ ਬਣਾ ਕੇ, ਪੱਛਮੀ ਬੰਗਾਲ, ਕੇਰਲ ਅਤੇ ਹੋਰ ਰਾਜਾਂ ਦੀਆਂ ਆਉਣ ਵਾਲੀਆਂ ਚੋਣਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਬਿੱਲ ਨੂੰ ਦੁਬਾਰਾ ਸੰਸਦ ਵਿੱਚ ਚਰਚਾ ਦੇ ਕੇਂਦਰ ਵਿੱਚ ਲਿਆਂਦਾ ਗਿਆ। ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਹ ਸਭ ਮਹਿਲਾ ਵੋਟਰਾਂ ਨੂੰ ਇਹ ਸੰਦੇਸ਼ ਦੇਣ ਲਈ ਕੀਤਾ ਗਿਆ ਕਿ ਸਿਰਫ ਮੌਜੂਦਾ ਸਰਕਾਰ ਹੀ ਉਨ੍ਹਾਂ ਦੀ ਸੱਚੀ ਹਿਤੈਸ਼ੀ ਹੈ। ਕੀ ਇਹ ਨੀਤੀ ਇੱਕ ਸਿਆਸੀ ਵਿਅੰਗ ਵਰਗੀ ਨਹੀਂ ਲੱਗਦੀ?

ਜੇਕਰ ਅਸੀਂ ਇਤਿਹਾਸ ਵਿੱਚ ਜਾਈਏ ਕਿ ਔਰਤਾਂ ਅਚਾਨਕ ਰਾਜਨੀਤੀ ਦੀਆਂ ਇੰਨੀਆਂ ਲਾਡਲੀਆਂ ਕਦੋਂ ਤੋਂ ਬਣ ਗਈਆਂ, ਤਾਂ ਇਸਦਾ ਉੱਤਰ ਨਵੰਬਰ 2023 ਦੀਆਂ ਮੱਧ ਪ੍ਰਦੇਸ਼ ਵਿਧਾਨ ਸਭਾ ਚੋਣਾਂ ਵਿੱਚ ਮਿਲਦਾ ਹੈ। ਚੋਣਾਂ ਤੋਂ ਠੀਕ ਪਹਿਲਾਂ ਸੱਤਾ ਵਿਰੋਧੀ ਲਹਿਰ ਤੋਂ ਘਬਰਾਈ ਤਤਕਾਲੀ ਸ਼ਿਵਰਾਜ ਸਿੰਘ ਚੌਹਾਨ ਦੀ ਸਰਕਾਰ ਨੇ 'ਲਾਡਲੀ ਬਹਿਨਾ ਯੋਜਨਾ' ਦਾ ਦਾਅ ਖੇਡਿਆ। ਇਸ ਤਹਿਤ 21 ਤੋਂ 60 ਸਾਲ ਦੀਆਂ ਔਰਤਾਂ ਦੇ ਖਾਤੇ ਵਿੱਚ ਸਿੱਧੇ ਪੈਸੇ ਟ੍ਰਾਂਸਫਰ ਕੀਤੇ ਗਏ। ਨਤੀਜਾ ਇਹ ਹੋਇਆ ਕਿ ਤਮਾਮ ਅੰਦਾਜ਼ਿਆਂ ਨੂੰ ਦਰਕਿਨਾਰ ਕਰਦੇ ਹੋਏ ਭਾਜਪਾ ਨੇ 230 ਵਿੱਚੋਂ 163 ਸੀਟਾਂ ਜਿੱਤ ਕੇ ਹੂੰਝਾਫੇਰ ਬਹੁਮਤ ਹਾਸਲ ਕੀਤਾ। ਇਸ ਜਿੱਤ ਨੂੰ ਪੂਰੀ ਤਰ੍ਹਾਂ 'ਮਹਿਲਾ ਵੋਟਰਾਂ ਦਾ ਚਮਤਕਾਰ' ਮੰਨਿਆ ਗਿਆ।

ਇਸ ਸਬੰਧ ਵਿੱਚ ਭਾਰਤੀ ਸਟੇਟ ਬੈਂਕ ਦੀ ਇੱਕ ਰਿਸਰਚ ਰਿਪੋਰਟ ਬੇਹੱਦ ਚੌਂਕਾਉਣ ਵਾਲੇ ਤੱਥ ਸਾਹਮਣੇ ਲਿਆਉਂਦੀ ਹੈ। ਰਿਪੋਰਟ ਅਨੁਸਾਰ, ਮੱਧ ਪ੍ਰਦੇਸ਼ ਦੇ ਜਿਨ੍ਹਾਂ ਜ਼ਿਲ੍ਹਿਆਂ ਵਿੱਚ 'ਲਾਡਲੀ ਬਹਿਨਾ ਯੋਜਨਾ' ਦੇ ਲਾਭਪਾਤਰੀਆਂ ਦੀ ਸੰਖਿਆ ਵਿੱਚ ਮਹਿਜ਼ 1% ਦਾ ਵਾਧਾ ਦੇਖਿਆ ਗਿਆ, ਉੱਥੇ ਸੱਤਾਧਾਰੀ ਦਲ ਦੇ ਵੋਟ ਸ਼ੇਅਰ ਅਤੇ ਸਫ਼ਲਤਾ ਦਰ ਵਿੱਚ 0.36% ਦਾ ਸਿੱਧਾ ਉਛਾਲ ਦਰਜ ਕੀਤਾ ਗਿਆ। ਇਸ ਯੋਜਨਾ ਨੇ ਔਰਤਾਂ ਨੂੰ ਨਾ ਸਿਰਫ ਆਰਥਿਕ ਤੌਰ 'ਤੇ ਪ੍ਰਭਾਵਿਤ ਕੀਤਾ, ਸਗੋਂ ਉਨ੍ਹਾਂ ਨੂੰ ਆਪਣੇ ਘਰਾਂ ਤੋਂ ਬਾਹਰ ਨਿਕਲ ਕੇ ਭਾਰੀ ਸੰਖਿਆ ਵਿੱਚ ਪੋਲਿੰਗ ਬੂਥਾਂ ਤੱਕ ਜਾ ਕੇ ਇੱਕਤਰਫ਼ਾ ਵੋਟ ਪਾਉਣ ਲਈ ਵੀ ਪ੍ਰੇਰਿਤ ਕੀਤਾ।

ਇਸ 'ਲਾਡਲੀ ਸਿਆਸਤ' ਦੀ ਅਸਲੀ ਵਜ੍ਹਾ ਕੋਈ ਗੁਪਤ ਰਹੱਸ ਨਹੀਂ ਹੈ, ਸਗੋਂ ਇਹ ਮਹਿਲਾ ਵੋਟਰਾਂ ਦੇ ਤੇਜ਼ੀ ਨਾਲ ਬਦਲਦੇ ਅੰਕੜਿਆਂ ਨਾਲ ਜੁੜੀ ਹੋਈ ਹੈ। ਸਾਲ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਰਤ ਦੇ ਇਤਿਹਾਸ ਵਿੱਚ ਰਿਕਾਰਡ 31.2 ਕਰੋੜ ਔਰਤਾਂ ਨੇ ਆਪਣੇ ਮਤਾਧਿਕਾਰ ਦਾ ਇਸਤੇਮਾਲ ਕੀਤਾ। ਦੇਸ਼ ਦੇ 36 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚੋਂ 19 ਰਾਜਾਂ ਵਿੱਚ ਔਰਤਾਂ ਦਾ ਵੋਟਿੰਗ ਫ਼ੀਸਦੀ ਮਰਦਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਸੀ। ਔਰਤਾਂ ਦੀ ਇਹ ਭਾਰੀ ਹਿੱਸੇਦਾਰੀ ਹੁਣ ਕਿਸੇ ਵੀ ਚੋਣ ਦਾ ਪਾਸਾ ਪਲਟਣ ਲਈ ਕਾਫ਼ੀ ਹੈ, ਅਤੇ ਇਹੀ ਵਜ੍ਹਾ ਹੈ ਕਿ ਸਿਆਸੀ ਰਣਨੀਤੀਕਾਰ ਹੁਣ ਆਪਣਾ ਪੂਰਾ ਏਜੰਡਾ ਔਰਤਾਂ ਨੂੰ ਕੇਂਦਰ ਵਿੱਚ ਰੱਖ ਕੇ ਤਿਆਰ ਕਰਦੇ ਹਨ।

ਜੇਕਰ ਅਸੀਂ ਅਤੀਤ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ, ਤਾਂ ਸਾਲ 1962 ਦੀਆਂ ਆਮ ਚੋਣਾਂ ਵਿੱਚ ਔਰਤਾਂ ਦਾ ਕੁੱਲ ਵੋਟਿੰਗ ਟਰਨਆਊਟ ਮਹਿਜ਼ 47% ਸੀ, ਜਦੋਂ ਕਿ ਮਰਦਾਂ ਦਾ 63% ਸੀ-ਯਾਨੀ ਦੋਵਾਂ ਵਿਚਕਾਰ 16% ਦਾ ਇੱਕ ਵੱਡਾ ਫ਼ਰਕ ਸੀ। ਪਰ ਸਾਲ 2019 ਦੀਆਂ ਚੋਣਾਂ ਵਿੱਚ ਪਹਿਲੀ ਵਾਰ ਇੱਕ ਨਵਾਂ ਇਤਿਹਾਸ ਬਣਿਆ, ਜਦੋਂ ਔਰਤਾਂ ਨੇ ਮਤਦਾਨ ਦੇ ਮਾਮਲੇ ਵਿੱਚ ਮਰਦਾਂ ਨੂੰ ਪਿੱਛੇ ਛੱਡ ਦਿੱਤਾ। ਸਾਲ 2024 ਵਿੱਚ ਇਹ ਅੰਤਰ ਹੋਰ ਵਧ ਗਿਆ ਅਤੇ ਦੇਸ਼ ਦੇ ਲਗਭਗ 137 ਲੋਕ ਸਭਾ ਖੇਤਰਾਂ ਵਿੱਚ ਔਰਤਾਂ ਨੇ ਮਰਦਾਂ ਦੀ ਤੁਲਨਾ ਵਿੱਚ ਬਹੁਤ ਜ਼ਿਆਦਾ ਮਤਦਾਨ ਕੀਤਾ। ਇਹ ਬਦਲਾਅ ਸਿਰਫ ਸੰਖਿਆ ਦਾ ਨਹੀਂ ਹੈ, ਸਗੋਂ ਇਹ ਭਾਰਤੀ ਔਰਤਾਂ ਦੇ ਅੰਦਰ ਆਉਂਦੀ ਜਾ ਰਹੀ ਸਿਆਸੀ ਅਤੇ ਸਮਾਜਿਕ ਚੇਤਨਾ ਦਾ ਵੀ ਇੱਕ ਵੱਡਾ ਪ੍ਰਤੀਕ ਹੈ।

ਅੰਤਰਰਾਸ਼ਟਰੀ ਥਿੰਕ ਟੈਂਕ 'ਕਾਰਨੇਗੀ ਐਂਡੋਮੈਂਟ ਫਾਰ ਇੰਟਰਨੈਸ਼ਨਲ ਪੀਸ' ਦੇ ਇੱਕ ਵਿਆਪਕ ਅਧਿਐਨ ਅਨੁਸਾਰ, ਚੋਣਾਂ ਵਿੱਚ ਔਰਤਾਂ ਦੀ ਇਹ ਵਧਦੀ ਹੋਈ ਭਾਗੀਦਾਰੀ ਸਿੱਧੇ ਤੌਰ 'ਤੇ ਉਨ੍ਹਾਂ ਕਲਿਆਣਕਾਰੀ ਅਤੇ ਵਿੱਤੀ ਯੋਜਨਾਵਾਂ ਨਾਲ ਜੁੜੀ ਹੋਈ ਹੈ ਜੋ ਸਿੱਧੇ ਉਨ੍ਹਾਂ ਦੇ ਜੀਵਨ ਨੂੰ ਪ੍ਰਭਾਵਿਤ ਕਰਦੀਆਂ ਹਨ। ਪਰ ਇੱਥੇ ਇੱਕ ਬੁਨਿਆਦੀ ਅਤੇ ਨੈਤਿਕ ਸਵਾਲ ਖੜ੍ਹਾ ਹੁੰਦਾ ਹੈ ਕਿ ਕੀ ਭਾਰਤੀ ਔਰਤਾਂ ਸੱਚਮੁੱਚ ਸਿਆਸੀ ਤੌਰ 'ਤੇ ਜਾਗਰੂਕ ਅਤੇ ਸੁਤੰਤਰ ਹੋ ਗਈਆਂ ਹਨ, ਜਾਂ ਫਿਰ ਸਿਆਸਤਦਾਨਾਂ ਵੱਲੋਂ ਉਨ੍ਹਾਂ ਨੂੰ ਮੁਫ਼ਤ ਦੀਆਂ ਚੀਜ਼ਾਂ ਅਤੇ ਪੈਸਿਆਂ ਦਾ ਲਾਲਚ ਦੇ ਕੇ ਆਪਣੀ ਤਰਫ਼ ਖਿੱਚਿਆ ਜਾ ਰਿਹਾ ਹੈ?

ਹਾਲਾਂਕਿ, ਇੱਕ ਹੋਰ ਹਾਂ-ਪੱਖੀ ਪਹਿਲੂ ਇਹ ਵੀ ਹੈ ਕਿ ਸਾਲ 2014 ਅਤੇ 2019 ਦੇ ਵਿਚਕਾਰ ਕੀਤੇ ਗਏ ਕੁਝ ਸਰਵੇਖਣ ਦੱਸਦੇ ਹਨ ਕਿ ਲਗਭਗ 70% ਔਰਤਾਂ ਨੇ ਆਪਣੀ ਮਰਜ਼ੀ ਨਾਲ ਅਤੇ ਪੂਰੀ ਤਰ੍ਹਾਂ ਸੁਤੰਤਰ ਹੋ ਕੇ ਵੋਟ ਪਾਈ, ਅਤੇ ਉਨ੍ਹਾਂ ਨੇ ਆਪਣੇ ਪਤੀ ਜਾਂ ਪਰਿਵਾਰ ਦੇ ਮਰਦਾਂ ਦੇ ਸਿਆਸੀ ਦਬਾਅ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। 2024 ਦੀਆਂ ਚੋਣਾਂ ਵਿੱਚ ਔਰਤਾਂ ਦੀ ਇਹ ਵੈਚਾਰਿਕ ਸੁਤੰਤਰਤਾ ਹੋਰ ਮਜ਼ਬੂਤ ਹੋ ਕੇ ਉਭਰੀ ਹੈ।

ਉਦਾਹਰਨ ਦੇ ਤੌਰ 'ਤੇ, ਤਾਮਿਲਨਾਡੂ ਵਿੱਚ ਡੀ.ਐਮ.ਕੇ. ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁਫ਼ਤ ਬੱਸ ਸੇਵਾ ਦੇ ਨਤੀਜੇ ਸਮਾਜਿਕ ਤੌਰ 'ਤੇ ਕਾਫ਼ੀ ਉਤਸ਼ਾਹਜਨਕ ਰਹੇ। ਇਸ ਨਾਲ ਕੰਮਕਾਜੀ ਅਤੇ ਗਰੀਬ ਔਰਤਾਂ ਦੀ ਗਤੀਸ਼ੀਲਤਾ ਵਧੀ ਅਤੇ ਉਹ ਕੰਮ ਦੇ ਸਿਲਸਿਲੇ ਵਿੱਚ ਬਾਹਰ ਨਿਕਲਣ ਲੱਗੀਆਂ। ਪਰ ਇਸਦਾ ਦੂਜਾ ਪਹਿਲੂ ਇਹ ਵੀ ਹੈ ਕਿ ਇਸ ਨਾਲ ਸੂਬਾ ਟ੍ਰਾਂਸਪੋਰਟ ਨਿਗਮ ਅਤੇ ਸਰਕਾਰੀ ਖ਼ਜ਼ਾਨੇ 'ਤੇ ਸਾਲਾਨਾ 1,500 ਕਰੋੜ ਰੁਪਏ ਦੀ ਸਬਸਿਡੀ ਦਾ ਭਾਰੀ ਵਿੱਤੀ ਬੋਝ ਆ ਪਿਆ। ਇਸੇ ਤਰਜ਼ 'ਤੇ ਜੂਨ 2023 ਵਿੱਚ ਕਰਨਾਟਕ ਅਤੇ ਤੇਲੰਗਾਨਾ ਦੀਆਂ ਸਰਕਾਰਾਂ ਨੇ ਵੀ ਇਸ ਯੋਜਨਾ ਨੂੰ ਲਾਗੂ ਕੀਤਾ, ਜਿਸ ਨਾਲ ਉਨ੍ਹਾਂ ਦਾ ਬਜਟ ਘਾਟਾ ਵਧ ਗਿਆ।

ਇੱਥੇ ਸਭ ਤੋਂ ਵੱਡਾ ਅਤੇ ਗੰਭੀਰ ਸਵਾਲ ਇਹ ਹੈ ਕਿ ਕੀ ਮੁਫ਼ਤ ਦੀਆਂ ਇਹ ਲੋਕ-ਲੁਭਾਵਨ ਯੋਜਨਾਵਾਂ ਸੂਬਿਆਂ ਦੇ ਮੁੱਖ ਵਿਕਾਸ ਕਾਰਜਾਂ ਜਿਵੇਂ-ਗੁਣਵੱਤਾਪੂਰਨ ਸਿੱਖਿਆ, ਸਿਹਤ ਸਹੂਲਤਾਂ, ਹਸਪਤਾਲ ਅਤੇ ਬੁਨਿਆਦੀ ਢਾਂਚੇ ਦੇ ਨਿਰਮਾਣ ਨੂੰ ਬਹੁਤ ਪਿੱਛੇ ਨਹੀਂ ਧੱਕ ਰਹੀਆਂ? ਖ਼ਜ਼ਾਨੇ ਖਾਲੀ ਹੋਣ ਕਾਰਨ ਵਿਕਾਸ ਯੋਜਨਾਵਾਂ ਅਤੇ ਨਵੀਂਆਂ ਨੌਕਰੀਆਂ ਪੈਦਾ ਕਰਨ ਦੇ ਕੰਮ ਸਰਕਾਰਾਂ ਦੀ ਤਰਜੀਹੀ ਸੂਚੀ ਵਿੱਚ ਦੂਜੇ ਜਾਂ ਤੀਜੇ ਨੰਬਰ 'ਤੇ ਚਲੇ ਗਏ ਹਨ।

ਇਸ ਗੱਲ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਕਿ ਇਹ ਮਹੀਨਾਵਾਰ ਭੱਤੇ ਅਤੇ ਮੁਫ਼ਤ ਯਾਤਰਾਵਾਂ ਗਰੀਬ ਔਰਤਾਂ ਨੂੰ ਤਤਕਾਲੀ ਰੂਪ ਵਿੱਚ ਇੱਕ ਵੱਡੀ ਆਰਥਿਕ ਰਾਹਤ ਦਿੰਦੀਆਂ ਹਨ। ਪਰ ਉਨ੍ਹਾਂ ਲੰਮੇ ਸਮੇਂ ਦੇ ਅਤੇ ਠੋਸ ਪ੍ਰੋਜੈਕਟਾਂ ਦਾ ਕੀ ਹੋਵੇਗਾ ਜੋ ਔਰਤਾਂ ਦੇ ਸਥਾਈ ਸਸ਼ਕਤੀਕਰਨ ਅਤੇ ਉਨ੍ਹਾਂ ਨੂੰ ਆਤਮ-ਨਿਰਭਰ ਬਣਾਉਣ ਲਈ ਬੇਹੱਦ ਜ਼ਰੂਰੀ ਹਨ? ਸਰਕਾਰਾਂ ਕੇਵਲ ਸ਼ਾਰਟ-ਟਰਮ (ਘੱਟ ਸਮੇਂ ਦੇ) ਫਾਇਦੇ ਦਿਖਾ ਕੇ ਅਤੇ ਵੋਟਰਾਂ ਨੂੰ ਪ੍ਰਭਾਵਿਤ ਕਰਕੇ ਸੱਤਾ ਦੀ ਕੁਰਸੀ ਹਥਿਆ ਰਹੀਆਂ ਹਨ।

ਔਰਤਾਂ ਨੂੰ ਬੱਸਾਂ ਵਿੱਚ ਸਿਰਫ ਮੁਫ਼ਤ ਸਫ਼ਰ ਦਾ ਲਾਲਚ ਦੇਣ ਜਾਂ ਚੰਦ ਰੁਪਏ ਪ੍ਰਤੀ ਮਹੀਨਾ ਦੇਣ ਦੀ ਬਜਾਏ, ਉਨ੍ਹਾਂ ਨੂੰ ਸਮਾਜ ਵਿੱਚ ਬਿਹਤਰ ਅਤੇ ਉੱਚ ਸਿੱਖਿਆ ਕਿਉਂ ਨਹੀਂ ਦਿੱਤੀ ਜਾਂਦੀ? ਉਨ੍ਹਾਂ ਨੂੰ ਹਰ ਖੇਤਰ ਵਿੱਚ ਰੁਜ਼ਗਾਰ ਦੇ ਬਰਾਬਰ ਅਵਸਰ, ਬਰਾਬਰ ਕੰਮ ਲਈ ਬਰਾਬਰ ਤਨਖ਼ਾਹ, ਸਖ਼ਤ ਕਾਨੂੰਨੀ ਸੁਰੱਖਿਆ, ਸੁਰੱਖਿਅਤ ਮਾਹੌਲ ਅਤੇ ਦੇਸ਼ ਦੀ ਮੁੱਖ ਧਾਰਾ ਦੀ ਰਾਜਨੀਤੀ ਵਿੱਚ ਬਰਾਬਰ ਦੀ ਟਿਕਟ ਅਤੇ ਹਿੱਸੇਦਾਰੀ ਕਿਉਂ ਨਹੀਂ ਦਿੱਤੀ ਜਾਂਦੀ?

ਜਦੋਂ ਤੱਕ ਔਰਤਾਂ ਨੂੰ ਫੈਸਲੇ ਲੈਣ ਵਾਲੇ ਉੱਚ ਪ੍ਰਸ਼ਾਸਨਿਕ ਅਹੁਦਿਆਂ ਅਤੇ ਨੀਤੀ-ਘੜਨ ਵਾਲੀਆਂ ਕਮੇਟੀਆਂ ਵਿੱਚ ਅਸਲ ਨੁਮਾਇੰਦਗੀ ਨਹੀਂ ਮਿਲਦੀ, ਉਦੋਂ ਤੱਕ ਅਜਿਹੀਆਂ ਸਕੀਮਾਂ ਸਿਰਫ਼ ਸਿਆਸੀ ਹੱਥਕੰਡਾ ਹੀ ਰਹਿਣਗੀਆਂ।

ਅੱਜ ਦੇ ਸਿਆਸਤਦਾਨ ਔਰਤਾਂ ਨੂੰ ਕੇਵਲ ਇੱਕ 'ਲਾਭਪਾਤਰੀ' ਵਰਗ ਜਾਂ ਕੈਟੇਗਰੀ ਵਿੱਚ ਉਲਝਾ ਕੇ ਰੱਖ ਰਹੇ ਹਨ, ਜਿਸ ਨਾਲ ਉਹ ਦੇਸ਼ ਦੀ ਮੁੱਖ ਰਾਜਨੀਤੀ ਅਤੇ ਨੀਤੀ-ਨਿਰਧਾਰਨ ਦੀ ਪ੍ਰਕਿਰਿਆ ਤੋਂ ਦੂਰ ਰਹਿਣ। ਭਾਰਤੀ ਔਰਤਾਂ ਨੂੰ ਹੁਣ ਇਹ ਡੂੰਘਾਈ ਨਾਲ ਸਮਝਣਾ ਹੋਵੇਗਾ ਕਿ ਇਹ ਮੁਫ਼ਤ ਦੀਆਂ ਸਹੂਲਤਾਂ ਅਤੇ ਖ਼ੈਰਾਤ ਉਨ੍ਹਾਂ ਦੀ ਆਰਥਿਕ ਤੰਗੀ ਨੂੰ ਕੁਝ ਸਮੇਂ ਲਈ ਘੱਟ ਕਰਨ ਦਾ ਇੱਕ ਜ਼ਰੀਆ ਤਾਂ ਹੋ ਸਕਦੀਆਂ ਹਨ, ਪਰ ਇਹ ਉਨ੍ਹਾਂ ਦੀ ਪ੍ਰਗਤੀ ਦੀ ਅਸਲੀ ਮੰਜ਼ਿਲ ਜਾਂ ਵਾਸਤਵਿਕ ਸਸ਼ਕਤੀਕਰਨ ਕਦਾਚਿਤ ਨਹੀਂ ਹੈ। ਸੱਚੀ ਆਜ਼ਾਦੀ ਅਤੇ ਬਰਾਬਰੀ ਮੁਫ਼ਤ ਦੇ ਭੱਤਿਆਂ ਤੋਂ ਨਹੀਂ, ਬਲਕਿ ਸਿੱਖਿਆ, ਅਧਿਕਾਰ ਅਤੇ ਆਤਮ-ਨਿਰਭਰਤਾ ਨਾਲ ਹੀ ਹਾਸਲ ਕੀਤੀ ਜਾ ਸਕਦੀ ਹੈ।

ਗੁਰਮੀਤ ਸਿੰਘ ਪਲਾਹੀ

# 1 ਜੂਨ ਤੋਂ 6 ਜੂਨ ਤਕ ਸ੍ਰੀ ਦਰਬਾਰ ਸਾਹਿਬ 'ਤੇ ਹੋਏ ਹਮਲੇ ਦਾ ਵੇਰਵਾ

ਪੰਜਾਬ: ਜੂਨ 1984 ਸਿੱਖ ਮਾਨਸਿਕਤਾ 'ਤੇ ਅਜਿਹਾ ਜ਼ਖ਼ਮ ਐ ਜੋ ਹਰ ਸਾਲ ਨਾਸੂਰ ਬਣ ਕੇ ਵਹਿੰਦਾ। ਇਸ ਦੀ ਪੀੜ ਅੱਜ ਇੰਨੇ ਸਾਲਾਂ ਮਗਰੋਂ ਵੀ ਹਰ ਸਿੱਖ ਦੀ ਅੱਖ ਵਿਚੋਂ ਸਾਫ਼ ਨਜ਼ਰ ਆਉਂਦੀ ਹੈ। ਦਰਅਸਲ ਇਹ ਹਮਲਾ ਭਾਵੇਂ 6 ਜੂਨ 1984 ਨੂੰ ਹੋਇਆ ਸੀ।

ਪਰ ਇਸ ਦੀ ਤਿਆਰੀ ਬਹੁਤ ਸਮਾਂ ਪਹਿਲਾਂ ਹੀ ਹੋ ਚੁੱਕੀ ਸੀ। 28 ਮਈ 1984 ਨੂੰ ਭਾਰਤ ਸਰਕਾਰ ਵੱਲੋਂ ਪੂਰੇ ਪੰਜਾਬ ਵਿਚ ਫ਼ੌਜ ਤਾਇਨਾਤ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਗਏ। ਸ਼ਹਿਰਾਂ ਦੇ ਗਲੀਆਂ ਮੁਹੱਲਿਆਂ ਵਿਚ ਫ਼ੌਜ ਹਰਲ ਹਰਲ ਕਰਦੀ ਫਿਰ ਰਹੀ ਸੀ।

ਅੰਮ੍ਰਿਤਸਰ ਵਿਚ ਫ਼ੌਜ ਸ਼ਹਿਰ ਤੋਂ ਹਟਵੇਂ ਫ਼ੌਜ ਦੇ ਕੈਂਪਾਂ ਵਿਚ ਸੀ। ਪਿੰਡਾਂ ਵਿਚ ਫ਼ੌਜ ਵੱਲੋਂ ਅੰਮ੍ਰਿਤਧਾਰੀ ਸਿੰਘਾਂ ਨੂੰ ਸ਼ੱਕ ਭਰੀਆਂ ਨਜ਼ਰਾਂ ਨਾਲ ਦੇਖਿਆ ਜਾ ਰਿਹਾ ਸੀ। ਸ਼ਹਿਰ ਤੋਂ ਬਾਹਰ ਬੈਠੀ ਫ਼ੌਜ ਦੀ ਨਕਲੋ ਹਰਕਤ ਦੇਖ ਕੇ ਇੰਝ ਲਗਦਾ ਸੀ ਕਿ ਜਿਵੇਂ ਫ਼ੌਜ ਕੁੱਝ ਵੱਡਾ ਕਰ ਗੁਜ਼ਰਨ ਦੀ ਤਾਕ ਵਿਚ ਬੈਠੀ ਹੋਵੇ।

ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਸਰਦਾਰ ਗੁਰਦੇਵ ਸਿੰਘ ਨੇ ਫ਼ੌਜ ਦੇ ਸ੍ਰੀ ਦਰਬਾਰ ਸਾਹਿਬ ਵਿਚ ਦਾਖ਼ਲੇ ਦੇ ਸਰਕਾਰੀ ਹੁਕਮਾਂ 'ਤੇ ਦਸਤਖ਼ਤ ਕਰਨ ਤੋਂ ਇਨਕਾਰ ਕਰ ਦਿੱਤਾ, ਜਿਸ ਕਾਰਨ ਉਨ੍ਹਾਂ ਨੂੰ ਜ਼ਬਰੀ ਲੰਬੀ ਛੁੱਟੀ 'ਤੇ ਭੇਜ ਦਿੱਤਾ ਗਿਆ।

ਉਸ ਵੇਲੇ ਦੇ ਗਵਰਨਰ ਬੀਡੀ ਪਾਂਡੇ ਨੇ ਤੁਰੰਤ ਰਮੇਸ਼ਇੰਦਰ ਸਿੰਘ ਨੂੰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦਾ ਚਾਰਜ ਸੌਂਪ ਦਿੱਤਾ, ਜਿਸ ਨੇ ਦਰਬਾਰ ਸਾਹਿਬ 'ਚ ਫ਼ੌਜ ਦੇ ਦਾਖ਼ਲੇ ਵਾਲੇ ਹੁਕਮਾਂ 'ਤੇ ਬਿਨਾਂ ਕਿਸੇ ਝਿਜਕ ਦੇ ਦਸਤਖ਼ਤ ਕਰ ਦਿੱਤੇ।

ਭਾਰਤੀ ਫ਼ੌਜ ਦੇ ਮੁਖੀ ਜਨਰਲ ਅਰੁਣ ਸ੍ਰੀਧਰ ਵੈਦਿਆ ਵੱਲੋਂ ਪੱਛਮੀ ਕਮਾਨ ਦੇ ਲੈਫਟੀਨੈਂਟ ਜਨਰਲ ਕੇ ਸੁੰਦਰ ਨੂੰ ਇਸ ਅਪਰੇਸ਼ਨ ਦਾ ਮੁਖੀ ਥਾਪਿਆ ਗਿਆ ਜਦਕਿ ਰਣਜੀਤ ਸਿੰਘ ਦਿਆਲ ਨੂੰ ਗਵਰਨਰ ਪੰਜਾਬ ਦਾ ਸੁਰੱਖਿਆ ਸਲਾਹਕਾਰ ਨਾਮਜ਼ਦ ਕੀਤਾ ਗਿਆ।

ਇਸ ਤੋਂ ਇਲਾਵਾ ਜਨਰਲ ਕੁਲਦੀਪ ਸਿੰਘ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਨ ਦੀ ਅਗਵਾਈ ਲਈ ਅੰਮ੍ਰਿਤਸਰ ਆ ਪੁੱਜਾ ਸੀ। ਸੀਆਰਪੀਐਫ ਨੇ ਪਹਿਲਾਂ ਤੋਂ ਹੀ ਹਮਲੇ ਦੀ ਤਿਆਰੀ ਕੀਤੀ ਹੋਈ ਸੀ। ਸ੍ਰੀ ਦਰਬਾਰ ਸਾਹਿਬ ਦੇ ਆਲੇ ਦੁਆਲੇ ਮੋਰਚਾਬੰਦੀ ਹੋ ਚੁੱਕੀ ਸੀ।

1 ਜੂਨ 1984 ਨੂੰ ਸਾਢੇ 12 ਵਜੇ ਸੀਆਰਪੀਐਫ ਨੇ ਬਿਨਾਂ ਕਿਸੇ ਭੜਕਾਹਟ ਦੇ ਸ੍ਰੀ ਦਰਬਾਰ ਸਾਹਿਬ ਵੱਲ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਮਸਲਾ ਪੈਦਾ ਕਰਨਾ ਸਰਕਾਰ ਲਈ ਕੋਈ ਔਖਾ ਕੰਮ ਨਹੀਂ ਸੀ। ਸ੍ਰੀ ਦਰਬਾਰ ਸਾਹਿਬ ਨਾਲ ਲਗਦੇ ਇਲਾਕੇ ਦੇ ਮੋਚੀ ਬਜ਼ਾਰ ਵਿਚ ਇਕ ਕੰਧ ਦੀ ਉਸਾਰੀ ਨੂੰ ਲੈ ਕੇ ਸੀਆਰਪੀਐਫ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁੱਝ ਅਧਿਕਾਰੀਆਂ ਵਿਚਾਲੇ ਤਕਰਾਰਬਾਜ਼ੀ ਹੋ ਗਈ।

ਸੀਆਰਪੀਐਫ ਨੇ ਬਿਨਾਂ ਕਿਸੇ ਦੇਰੀ ਗੋਲੀ ਚਲਾ ਦਿੱਤੀ, ਦੂਜੇ ਬੰਨਿਓਂ ਵੀ ਗੋਲੀ ਦਾ ਜਵਾਬ ਦਿੱਤਾ ਗਿਆ। ਇਹ ਗੋਲੀਬਾਰੀ ਦੇਰ ਸ਼ਾਮ ਤਕ ਜਾਰੀ ਰਹੀ। ਇਸ ਗੋਲੀਬਾਰੀ ਦੌਰਾਨ ਗੁਰਦੁਆਰਾ ਬਾਬਾ ਅਟਲ ਰਾਏ 'ਤੇ ਮੋਰਚਾ ਮੱਲੀ ਬੈਠੇ ਭਾਈ ਮਹਿੰਗਾ ਸਿੰਘ ਬੱਬਰ ਸ਼ਹੀਦ ਹੋ ਗਏ, ਜਿਨ੍ਹਾਂ ਦਾ ਅੰਤਮ ਸਸਕਾਰ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਹੀ ਕੀਤਾ ਗਿਆ। ਪੂਰੇ ਸ਼ਹਿਰ ਵਿਚ ਕਰਫਿਊ ਲੱਗ ਚੁੱਕਾ ਸੀ, ਜਿਸ ਕਾਰਨ ਪੂਰੇ ਸ਼ਹਿਰ ਦੇ ਲੋਕ ਸਹਿਮੇ ਹੋਏ ਸਨ।




1 ਜੂਨ ਦੀ ਹੋਈ ਗੋਲੀਬਾਰੀ ਮਗਰੋਂ ਅਗਲੀ ਸਵੇਰ ਯਾਨੀ 2 ਜੂਨ ਨੂੰ ਸ਼ਹਿਰ ਦੇ ਸਿੱਖ ਅਤੇ ਦੂਰ ਦੁਰਾਡਿਓਂ ਸਿੱਖ ਸੰਗਤਾਂ ਵਹੀਰਾਂ ਘੱਤ ਕੇ ਸ੍ਰੀ ਦਰਬਾਰ ਸਾਹਿਬ ਵੱਲ ਤੁਰ ਪਈਆਂ। ਖ਼ਬਰ ਅੱਗ ਦੀ ਤਰ੍ਹਾਂ ਫੈਲ ਗਈ ਸੀ ਕਿ ਸੀਆਰਪੀਐਫ ਨੇ ਸ੍ਰੀ ਦਰਬਾਰ ਸਾਹਿਬ ਵੱਲ ਗੋਲੀ ਚਲਾਈ ਹੈ।

ਸਰਕਾਰ ਨੇ ਸਾਰੀਆਂ ਅਖ਼ਬਾਰਾਂ ਬੰਦ ਕਰ ਦਿੱਤੀਆਂ ਕਿਉਂਕਿ ਭਾਰਤ ਸਰਕਾਰ ਚਾਹੁੰਦੀ ਸੀ ਕਿ ਉਸ ਦੇ ਇਸ ਕਾਲੇ ਕਾਰਨਾਮੇ ਦੀ ਰਿਪੋਰਟ ਕਿਸੇ ਤੱਕ ਨਾ ਪੁੱਜੇ। ਇਸ ਲਈ ਅੰਮ੍ਰਿਤਸਰ ਵਿਚ ਤਾਇਨਾਤ ਵਿਦੇਸ਼ੀ ਪੱਤਰਕਾਰਾਂ ਨੂੰ ਪੰਜਾਬ ਵਿਚੋਂ ਬਾਹਰ ਚਲੇ ਜਾਣ ਦੀ ਫ਼ਰਮਾਨ ਜਾਰੀ ਕਰ ਦਿੱਤੇ ਗਏ।

ਇਸ ਗੋਲੀਬਾਰੀ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਵੀ 2 ਜੂਨ ਨੂੰ ਸ੍ਰੀ ਦਰਬਾਰ ਸਾਹਿਬ ਵਿਖੇ ਆਣ ਪੁੱਜੇ। ਸ਼ਾਮ ਤਕ ਕੁੱਝ ਫ਼ੌਜੀ ਅਧਿਕਾਰੀ ਸਾਦੇ ਕੱਪੜਿਆਂ ਵਿਚ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦਾ ਮੁਆਇਨਾ ਕਰ ਗਏ ਸਨ। ਇਸ ਮੁਆਇਨੇ ਦਾ ਮਕਸਦ ਜਨਰਲ ਸੁਬੇਗ ਸਿੰਘ ਦੀ ਜੰਗੀ ਤਿਆਰੀ ਦਾ ਜਾਇਜ਼ਾ ਲੈਣਾ ਸੀ।

ਇੰਦਰਾ ਗਾਂਧੀ ਵੱਲੋਂ ਦਿੱਤੇ ਭਾਸ਼ਣ ਦੇ ਤੁਰੰਤ ਮਗਰੋਂ ਅੰਮ੍ਰਿਤਸਰ ਸ਼ਹਿਰ ਦਾ ਬਾਕੀ ਦੇਸ਼ ਨਾਲੋਂ ਸੰਪਰਕ ਟੁੱਟ ਗਿਆ। ਟੈਲੀਫ਼ੋਨ ਦੀਆਂ ਲਾਈਨਾਂ ਤਕ ਕੱਟ ਦਿੱਤੀਆਂ ਗਈਆਂ। 3 ਜੂਨ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਸੀ। ਦਰਬਾਰ ਸਾਹਿਬ ਦੇ ਚਾਰੇ ਪਾਸੇ ਦੋਵੇਂ ਧਿਰਾਂ ਮੋਰਚਾਬੰਦੀ ਕਰ ਰਹੀਆਂ ਸਨ।

ਲੋਕਲ ਤੇ ਕੁੱਝ ਵੱਡੇ ਪੱਤਰਕਾਰ ਸੰਤ ਜਰਨੈਲ ਸਿੰਘ ਖ਼ਾਲਸਾ ਨੂੰ ਮਿਲਣ ਲਈ ਅਕਾਲ ਤਖ਼ਤ ਆਏ। ਹਰ ਪੱਤਰਕਾਰ ਕੋਲ ਕਈ ਸਵਾਲ ਸਨ ਪਰ ਇਕ ਸਵਾਲ ਸਭ ਦਾ ਸਾਂਝਾ ਸੀ। ਹਰ ਕੋਈ ਉਸ ਦਾ ਜਵਾਬ ਭਾਲਦਾ ਸੀ, ਜੇ ਹਮਲਾ ਹੋਇਆ ਤਾਂ ਕੀ ਹੋਵੇਗਾ? ਸੰਤ ਕੁੱਝ ਪਲਾਂ ਲਈ ਖਾਮੋਸ਼ ਹੋ ਗਏ ਤੇ ਜਵਾਬ ਦਿੱਤਾ "ਮੇਰੇ ਗੁਰੂ ਨੇ ਕੜਾ ਦਿੱਤੈ ਚੂੜੀ ਨਹੀਂ, ਲੋਹੇ ਦੇ ਚਣੇ ਚਬਾ ਦਿਆਂਗੇ।"

4 ਜੂਨ ਦੀ ਸਵੇਰ ਰਾਗੀ ਸਿੰਘ ਬੇਨਤੀ ਅਤੇ ਬੀਰ ਰਸ ਦੇ ਸ਼ਬਦਾਂ ਨਾਲ ਆਸ਼ਾ ਦੀ ਵਾਰ ਦਾ ਕੀਰਤਨ ਗਾਇਨ ਕਰ ਰਹੇ ਸਨ। ਘੜੀਆਂ 'ਤੇ 4 ਵੱਜ ਕੇ 45 ਮਿੰਟ ਦਾ ਸਮਾਂ ਸੀ। ਜਲ੍ਹਿਆਂ ਵਾਲੇ ਬਾਗ਼ ਦੇ ਪਾਸੇ ਤੋਂ ਇਕ ਛੂਕਦਾ ਹੋਇਆ ਗੋਲਾ ਆਇਆ ਅਤੇ ਆਵਾਜ਼ ਨਾਲ ਪੂਰਾ ਵਾਤਾਵਰਣ ਗੂੰਜ ਉਠਿਆ।

ਪਰਿਕਰਮਾ ਵਿਚ ਔਰਤਾਂ ਅਤੇ ਬੱਚਿਆਂ ਦਾ ਬੁਰਾ ਹਾਲ ਸੀ। ਚਾਰੇ ਪਾਸੇ ਤੋਂ ਗੋਲੀ ਚੱਲਣੀ ਸ਼ੁਰੂ ਹੋ ਗਈ ਪਰ ਫਿਰ ਵੀ ਸ਼ਬਦ ਗੁਰਬਾਣੀ ਦਾ ਪ੍ਰਵਾਹ ਜਾਰੀ ਸੀ। ਧੜਾਧੜ ਲਾਸ਼ਾਂ ਡਿਗ ਰਹੀਆਂ ਸਨ, ਫਾਈਰਿੰਗ ਪੂਰੇ ਜ਼ੋਬਨ 'ਤੇ ਸੀ। ਇੰਨੇ ਨੂੰ ਇਕ ਬੰਬ ਸ੍ਰੀ ਦਰਬਾਰ ਸਾਹਿਬ ਨੂੰ ਬਿਜਲੀ ਸਪਲਾਈ ਦੇਣ ਵਾਲੇ ਬਿਜਲੀ ਘਰ 'ਤੇ ਡਿੱਗਾ। ਸ੍ਰੀ ਦਰਬਾਰ ਦੇ ਆਸਪਾਸ ਦੇ ਇਲਾਕਿਆਂ ਦੀ ਬਿਜਲੀ ਬੰਦ ਹੋ ਗਈ। 5 ਜੂਨ ਦੀ ਰਾਤ ਵੀ▲ਾਂ ਦੇ ਨਿੱਜੀ ਸਹਾਇਕ ਭਾਈ ਰਛਪਾਲ ਸਿੰਘ ਅਪਣੀ ਸਿੰਘਣੀ ਬੀਬੀ ਪ੍ਰੀਤਮ ਕੌਰ ਅਤੇ ਅਪਣੇ 15 ਦਿਨਾਂ ਦੇ ਪੁੱਤਰ ਮਨਪ੍ਰੀਤ ਸਿੰਘ ਨੂੰ ਲੈ ਕੇ ਪਰਿਕਰਮਾ ਵਿਚ ਹੀ ਸਨ। ਇਸੇ ਦੌਰਾਨ ਨਵਜਾਤ ਸਿੱਖ ਬੱਚੇ ਮਨਪ੍ਰੀਤ ਸਿੰਘ ਨੂੰ ਗੋਲੀ ਵੱਜੀ, ਜਿਸ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਕੁੱਝ ਸਮੇਂ ਬਾਅਦ ਭਾਈ ਰਛਪਾਲ ਸਿੰਘ ਵੀ ਸ਼ਹੀਦ ਹੋ ਗਏ। ਸੰਤ ਜਰਨੈਲ ਸਿੰਘ ਖ਼ਾਲਸਾ ਅਪਣੇ ਸਾਥੀ ਸਿੰਘਾਂ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਾਹਰ ਆ ਗਏ। ਅਜੇ ਸੰਤ ਨਿਸ਼ਾਨ ਸਾਹਿਬ ਦੇ ਨੇੜੇ ਹੀ ਪੁੱਜੇ ਸਨ ਕਿ ਇਕ ਬਰੱਸਟ ਸੰਤ ਜੀ ਦੇ ਆ ਵੱਜਾ, ਜਿਸ ਕਾਰਨ ਉਹ ਮੌਕੇ 'ਤੇ ਹੀ ਸ਼ਹੀਦ ਹੋ ਗਏ।

ਸੰਤਾਂ ਦੀ ਲਾਸ਼ ਨੂੰ ਲੈ ਕੇ ਫ਼ੌਜੀ ਘੰਟਾ ਘਰ ਪੁੱਜੇ। ਲਾਸ਼ ਨੂੰ ਤਸਦੀਕ ਕਰਵਾਉਣ ਲਈ ਲੋਕਾਂ ਦੀ ਖੋਜ ਹੋਣ ਲੱਗੀ। ਸ਼ਾਮ ਨੂੰ ਸੰਤਾਂ ਦੇ ਭਰਾ ਕੈਪਟਨ ਹਰਚਰਨ ਸਿੰਘ ਰੋਡੇ ਅੰਮ੍ਰਿਤਸਰ ਆ ਗਏ, ਜਿਨ੍ਹਾਂ ਨੇ ਸੰਤਾਂ ਦੀ ਲਾਸ਼ ਨੂੰ ਤਸਦੀਕ ਕੀਤਾ। ਗੋਲੀ ਅਜੇ ਵੀ ਚੱਲ ਰਹੀ ਸੀ। ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਤੇ ਸਰੋਵਰ ਵਿਚ ਲਾਸ਼ਾਂ ਹੀ ਲਾਸ਼ਾਂ ਪਈਆਂ ਸਨ, ਜ਼ਖ਼ਮੀ ਦਰਦ ਨਾਲ ਕਰਾਹ ਰਹੇ ਸਨ। ਕੁੱਝ ਲੋਕਾਂ ਨੂੰ ਬੰਦੀ ਬਣਾ ਕੇ ਪਰਿਕਰਮਾ ਵਿਚ ਬਿਠਾਇਆ ਹੋਇਆ ਸੀ।

6 ਜੂਨ ਸ਼ਾਮ ਤਕ ਗੋਲੀਬਾਰੀ ਘੱਟ ਹੋ ਗਈ। ਲੜਨ ਵਾਲੇ ਸਿੰਘ ਜਾਂ ਤਾਂ ਸ਼ਹੀਦ ਹੋ ਚੁੱਕੇ ਸਨ ਜਾਂ ਫਿਰ ਫੜੇ ਜਾ ਚੁੱਕੇ ਸਨ। ਫ਼ੌਜ ਵੱਲੋਂ ਪਰਿਕਰਮਾ ਵਿਚ ਮੌਜੂਦ ਲਾਸ਼ਾਂ ਨੂੰ ਹਟਾਉਣ ਦਾ ਕੰਮ ਕੀਤਾ ਜਾ ਰਿਹਾ ਸੀ।

ਲਾਸ਼ਾਂ ਦੀ ਹਾਲਤ ਇਸ ਹੱਦ ਤਕ ਗਲ਼ ਚੁੱਕੀਆਂ ਸਨ ਕਿ ਅੰਗ ਵੀ ਹੱਥ ਲਾਇਆਂ ਲੱਥ ਰਹੇ ਸਨ। ਲਾਸ਼ਾਂ 'ਤੇ ਡੀਡੀਟੀ ਦਾ ਛਿੜਕਾਅ ਕੀਤਾ ਗਿਆ। ਸੰਤਾਂ ਦੀ ਲਾਸ਼ ਨੂੰ ਘੰਟਾ ਘਰ ਦੀ ਬਾਹੀ 'ਤੇ ਰੱਖਿਆ ਗਿਆ ਸੀ। ਉਨ੍ਹਾਂ ਦੇ ਕੇਸ ਖੁੱਲ੍ਹੇ ਹੋਏ ਸਨ, ਚਿਹਰੇ ਤੱਕ 'ਤੇ ਗੋਲੀਆਂ ਵੱਜੀਆਂ ਹੋਈਆਂ ਸਨ। ਇਕ ਲੱਤ ਵੀ ਗੋਲੀਆਂ ਵੱਜ ਕੇ ਟੁੱਟ ਕੇ ਲਮਕੀ ਹੋਈ ਸੀ।

ਬ੍ਰਿਗੇਡੀਅਰ ਓਂਕਾਰ ਸਿੰਘ ਗੋਰਾਇਆ ਜੋ ਇਸ ਅਸਾਵੀਂ ਜੰਗ ਵਿਚ ਸ਼ਾਮਲ ਸੀ, ਨੇ ਦੱਸਿਆ ਕਿ ਮੈਂ 1965 ਤੇ 1971 ਦੀ ਜੰਗ ਵਿਚ ਵੀ ਭਾਗ ਲਿਆ ਸੀ ਪਰ ਇੰਨੀਆਂ ਲਾਸ਼ਾਂ ਮੈਂ ਉਸ ਲੜਾਈ ਵਿਚ ਵੀ ਨਹੀਂ ਸੀ ਦੇਖੀਆਂ।

ਅਖ਼ੀਰ ਦੁਪਹਿਰ ਨੂੰ ਸ੍ਰੀ ਦਰਬਾਰ ਸਾਹਿਬ ਦੀ ਸਫ਼ਾਈ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਕਰਨ ਦੀ ਤਿਆਰੀ ਸ਼ੁਰੂ ਕੀਤੀ ਗਈ। ਸਰਕਾਰੀ ਅੰਕੜਿਆਂ ਮੁਤਾਬਕ ਇਸ ਹਮਲੇ ਵਿਚ ਕੁੱਲ 5 ਹਜ਼ਾਰ ਲੋਕ ਸ਼ਹੀਦ ਹੋਏ ਅਤੇ 80 ਤੋਂ 90 ਦੇ ਕਰੀਬ ਫ਼ੌਜੀ ਵੀ ਮਾਰੇ ਗਏ।

ਇਸ ਤੋਂ ਇਲਾਵਾ ਹਜ਼ਾਰ ਤੋਂ ਜ਼ਿਆਦਾ ਸਿੱਖਾਂ ਨੂੰ ਫੜ ਕੇ ਜੇਲ੍ਹ ਭੇਜਿਆ ਗਿਆ। ਜੂਨ 1984 ਵਿਚ ਹੋਏ ਇਸ ਹਮਲੇ ਦੇ ਜ਼ਖ਼ਮ ਅੱਜ 36 ਸਾਲਾਂ ਮਗਰੋਂ ਵੀ ਹਰੇ ਹਨ ਅਤੇ ਇਸ ਖ਼ੂਨੀ ਸਾਕੇ ਦਾ ਦਰਦ ਹਰ ਸਿੱਖ ਦੇ ਮਨ ਵਿਚ ਇਕ ਚੰਗਿਆੜੀ ਦੀ ਤਰ੍ਹਾਂ ਸੁਲਘ ਰਿਹਾ।

(ਇੰਟਰਨੈਟ)

# ਸੂਰਮਗਤੀ ਸਹੀਦੀ ਜਾਮ ਪੀਣ ਵਾਲਾ ਮਹਾਨ ਨਾਇਕ: ਬਾਬਾ ਬੰਦਾ ਸਿੰਘ ਬਹਾਦਰ

## 25 ਜੂਨ ਸ਼ਹੀਦੀ ਦਿਵਸ ਤੇ ਵਿਸ਼ੇਸ਼

ਮੌਤ ਇੱਕ ਅਟੱਲ ਸਚਾਈ ਹੈ। ਬਹੁ ਗਿਣਤੀ ਮੌਤ ਦੇ ਜਬਾੜੇ ਦੀ ਹਨੇਰ ਕੋਠੜੀ ਵਿੱਚ ਗੁੰਮ ਸੁੰਮ ਹੋ ਕੇ ਰਹਿ ਜਾਂਦੀ ਹੈ। ਵਿਰਲੇ ਲੋਕ ਹੀ ਹੁੰਦੇ ਨੇ ਜੋ ਮਜਲੂਮਾਂ ਦੇ ਹੱਕਾਂ ਤੇ ਇਨਸਾਫ ਖਾਤਰ ਸੰਗਰਸਮਈ ਜੀਵਨ ਨੂੰ ਹੰਢਾਉਂਦੇ ਹੋਏ ਹਰ ਕੁਰਬਾਨੀ ਕਰਨ ਲਈ ਹਮੇਸਾਂ ਤਤਪਰ ਰਹਿੰਦੇ ਹਨ ਭਾਵੇਂ ਉਨ੍ਹਾਂ ਦੇ ਜੀਵਨ ਦਾ ਅੰਤ ਕਿੰਨਾ ਵੀ ਭਿਆਨਕ ਤੇ ਦਿਲ ਕੰਬਾਊ ਹੋਵੇ ਪਰ ਫਿਰ ਵੀ ਉਹ ਮੌਤ ਨੂੰ ਇੱਕ ਮਹਾਂ ਅਨੰਦ ਦੇ ਸਹਿਜ ਰੂਪ ਵਿੱਚ ਹੀ ਲੈਂਦੇ ਹੋਏ ਧਰੂ ਤਾਰੇ ਵਾਂਗ ਚਮਕਦੇ ਤੇ ਅਮਰ ਹੋ ਜਾਂਦੇ ਹਨ।

ਅਜਿਹੇ ਮਹਾਂ ਅਨੰਦ ਨੂੰ ਮਾਨਣ ਵਾਲੇ ਲਛਮਣ ਦਾਸ/ਮਾਧੋਦਾਸ (ਬਾਬਾ ਬੰਦਾ ਸਿੰਘ ਬਹਾਦਰ)ਦਾ ਜਨਮ ਰਾਜੌਰੀ(ਜੰਮੂ-ਕਸਮੀਰ) ਵਿਖੇ ਇੱਕ ਹਿੰਦੂ ਪਰਿਵਾਰ ਦੇ ਕਿਸਾਨ ਰਾਮ ਦੇਵ ਦੇ ਘਰ ਵਿੱਚ 27 ਅਕਤੂਬਰ 1670 ਨੂੰ ਹੋਇਆ ਸੀ। ਇਹ ਡੋਗਰਾ ਰਾਜਪੂਤ ਪਰਵਾਰ ਵੈਸਨਵ ਸੰਪ੍ਰਦਾ ਦਾ ਪੈਰੋਕਾਰ ਸੀ, ਜਿਸਨੂੰ ਬੈਰਾਗੀ ਜਾਂ ਵੈਰਾਗੀ ਵੀ ਕਿਹਾ ਜਾਂਦਾ ਹੈ।

ਭਾਵੇਂ ਕਿ ਇੱਕ ਮੌਕੇ ਮੇਲ ਦੌਰਾਨ ਹਿਰਨੀ ਅਤੇ ਉਸਦੇ ਪੇਟ ਵਿੱਚ ਬੱਚਿਆਂ ਦੀ ਤੜਫ ਤੜਫ ਕੇ ਹੋਈ ਮੌਤ ਦੇ ਭਿਆਨਕ ਮੰਜਰ ਨੇ ਮਾਧੋਦਾਸ ਦੇ ਜੀਵਨ ਵਿੱਚ ਇੱਕ ਵੱਡੀ ਉਪਰਾਮਤਾ ਪੈਦਾ ਕਰ ਦਿੱਤੀ। ਜਿਸ ਕਰਕੇ ਅਭਿਆਸੀ ਬੈਰਾਗੀ ਜੀਵਨ ਜੀਊਣ ਲਈ ਉਸ ਨੇ ਨੰਦੇੜ ਦੇ ਜੰਗਲਾਂ ਵਿੱਚ ਗੋਦਾਵਰੀ ਨਦੀ ਕਿਨਾਰੇ ਜਾ ਡੇਰਾ ਕੀਤਾ। ਪਰ ਸੰਨ 1708ਵਿੱਚ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਹੋਏ ਮਿਲਾਪ ਅਤੇ ਪੰਜਾਬ ਦੀ ਧਰਤੀ ਉਤੇ ਹੋ ਰਹੇ ਜੁਲਮ ਦੇ ਇੰਤਾਹ ਦੀ ਕਹਾਣੀ ਸੁਣ ਕੇ ਅਤਿਆਚਾਰ ਦੇ ਵਿਰੋਧ ਵਿੱਚ ਜੂਝਣ ਲਈ ਉਸ ਦਾ ਖੂਨ ਉਬਾਲੇ ਮਾਰਨ ਲੱਗ ਪਿਆ। ਯਾਨਿ ਉਸ ਵਿੱਚ ਇੱਕ ਜੰਗਜੂ ਯੋਧੇ ਦਾ ਰੂਪ ਸਾਖਸਾਤ ਹੋਣ ਲੱਗਾ। ਉਸ ਨੂੰ ਮਹਿਸੂਸ ਹੋਣ ਲੱਗਾ ਪਿਆ ਕਿ ਇੱਕ ਯੋਧਾ ਮਜਲੂਮਾਂ 'ਤੇ ਹੁੰਦੇ ਜੁਲਮ ਦੇ ਸਿਤਮ ਨੂੰ ਕਿਵੇਂ ਚੁੱਪ ਰਹਿ ਕੇ ਸਹਾਰ ਸਕਦਾ ਹੈ ? ਸੋ ਉਹ ਹਰ ਤਰ੍ਹਾਂ ਦੇ ਜੁਲਮ ਨਾਲ ਲੋਹਾ ਲੈਣ ਲਈ ਇੱਕ ਦਮ ਤਿਆਰ ਹੋ ਗਿਆ। ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਦੀ ਦਾਤ ਰੂਪ ਵਿੱਚ ਥਾਪੜਾ ਤੇ ਕੁਝ ਕੁ ਜਬਾਜ ਸਿੱਖ ਯੋਧਿਆਂ ਨੂੰ ਨਾਲ ਲੈ ਕੇ ਮਾਧੋਦਾਸ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਰੂਪ ਵਿੱਚ ਪੰਜਾਬ ਵਿੱਚ ਜੁਲਮ ਦੇ ਝੁਲ ਰਹੇ ਤੁਫਾਨ ਨੂੰ ਠੱਲ੍ਹਣ ਲਈ ਪੰਜਾਬ ਵੱਲ ਕੂਚ ਕਰ ਦਿੱਤਾ। ਉਸ ਸਮੇਂ ਦੇ ਪੰਜਾਬ ਵਿੱਚ ਦਾਖਲ ਹੁੰਦਿਆਂ ਹੀ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿੱਚ ਮੁੱਠੀ ਭਰ ਸਿੱਖ ਫੌਜ ਨੇ ਸੋਨੀਪਤ, ਸਮਾਣਾ ਮੁਸਤਫਾਬਾਦ , ਸਢੌਰਾ, ਮਲੇਰਕੋਟਲਾ ਅਤੇ ਨਾਹਨ ਦੇ ਮੁਗਲ ਜਰਵਾਣਿਆਂ ਨੂੰ ਮਾਤ ਦੇ ਕੇ ਪੰਜਾਬ ਦੇ ਸੀਸ-ਸਤਲੁਜ ਇਲਾਕਿਆਂ ਨੂੰ ਫਤਿਹ ਕਰ ਲਿਆ।ਇਨਸਾਫ ਪਸੰਦ ਲੋਕਾਂ ਦਾ ਸਮੇਂ ਸਮੇਂ ਸਾਮਿਲ ਹੋਣ ਨਾਲ ਸਿੱਖ ਫੌਜ ਵਿਚ ਵਾਧਾ ਹੋਣ ਲੱਗਾ। ਮਨੁੱਖੀ ਦਰਿੰਦਗੀ ਦਾ ਪ੍ਰਤੀਕ 'ਸਾਕਾ ਸਰਹਿੰਦ' ਸਿਰਫ ਸਿੱਖ ਇਤਿਹਾਸ ਦਾ ਹੀ ਨਹੀਂ ਸਗੋਂ ਦੁਨੀਆਂ ਦੇ ਇਤਿਹਾਸ ਦਾ ਹੀ ਇੱਕ ਵੱਡਾ ਕਾਲਾ ਸਿਆਹ ਪੰਨਾ ਹੋ ਨਿਬੜਿਆ ਸੀ ਕਿਉਂਕਿ ਤਤਕਾਲੀ ਮੁਗਲ ਹਕੂਮਤ ਦਾ ਖਾਸਮ ਖਾਸ ਵਜੀਰ ਨਵਾਬ ਵਜੀਰ /ਵਜੀਦ ਖਾਂ ਵਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜਾਦਿਆਂ ਬਾਬਾ ਜੋਰਾਵਰ ਸਿੰਘ ,ਬਾਬਾ ਫਤਿਹ ਸਿੰਘ ਅਤੇ ਮਾਤਾ ਗੁਜਰੀ (ਗੁਜਰ ਕੌਰ) ਉਪਰ ਢਾਹੇ ਅਕਿਹ ਤੇ ਅਸਿਹ ਕਹਿਰ ਦੀ ਨਿਸਾਨੀ ਕਰਕੇ 'ਗੁਰੂ ਮਾਰੀ ਸਰਹਿੰਦ' ਵਜੋਂ ਜਾਣੇ ਜਾਂਦੇ ਸੂਬੇ ਦੇ ਜਬਰ ਦੇ ਕਿਲ੍ਹੇ ਦੀ ਇੱਟ ਨਾਲ ਇੱਟ ਖੜਕਾਉਣ ਅਤੇ ਦੋਸੀ ਸਾਸਕਾਂ ਨੂੰ ਦੰਡ ਦੇਣ ਲਈ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਫਤਿਹ ਕਰਨ ਦੀ ਤਿਆਰੀ ਕਰ ਲਈ ਤਾਂ ਕਿ ਸਿੱਖਾਂ ਦੀ ਤੜਫ ਤੇ ਤਪ ਰਹੀ ਦੁੱਖੀ ਮਾਨਸਿਕਤਾ ਨੂੰ ਸਾਂਤ ਕੀਤਾ ਜਾ ਸਕੇ।12 ਮਈ 1710 ਨੂੰ ਚੱਪੜਚਿੜੀ ਦੇ ਮੈਦਾਨੇ ਜੰਗ ਵਿੱਚ ਸਾਕੇ ਸਰਹਿੰਦ ਦੇ ਮੁੱਖ ਦੋਸੀ ਵਜੀਰ ਖਾਨ ਅਤੇ ਦੀਵਾਨ ਸੁੱਚਾ ਨੰਦ ਨੂੰ ਮਾਰ ਕੇ ਮੁਗਲ ਫੌਜ ਨੂੰ ਮਾਰ ਭਜਾਇਆ।ਦੋ ਦਿਨਾਂ ਬਾਅਦ ਸਿੱਖਾਂ ਨੇ ਸਰਹਿੰਦ ਉੱਤੇ ਕਬਜਾ ਕਰ ਲਿਆ। ਬਾਬਾ ਬੰਦਾ ਸਿੰਘ ਬਹਾਦਰ ਨੇ ਸਤਲੁਜ ਤੋਂ ਯਮੁਨਾ ਤੱਕ ਦੇ ਖੇਤਰ ਨੂੰ ਫਤਿਹ ਕਰਨ ਉ੍ਪਰੰਤ ਜਿੰਮੀਦਾਰਾਂ ਤੋਂ ਕਿਸਾਨੀ ਮੁਕਤ ਕਰਵਾਉਣ ਲਈ ਇੱਕ ਵਿਸੇਸ ਆਦੇਸ ਜਾਰੀ ਕੀਤਾ ਤਾਂ ਕਿ ਜਮੀਨ ਦੀ ਮਾਲਕੀ ਵਾਹੀਕਾਰ ਕਿਰਤੀ ਕਿਸਾਨਾਂ ਨੂੰ ਸੌਂਪ ਦਿੱਤੀ ਜਾਵੇ। ਜਿਸ ਨਾਲ ਉਹ ਵੀ ਇੱਜਤ ਅਤੇ ਸਵੈ-ਮਾਣ ਦੀ ਰੋਟੀ ਕਮਾਉਂਦੇ ਹੋਏ ਜੀਵਨ ਬਸਰ ਕਰ ਸਕਣ। ਸੋ ਕਿਰਤੀ ਕਿਸਾਨਾਂ ਨੂੰ ਜਮੀਨ ਦਾ ਮਾਲਕਾਨਾ ਹੱਕ ਦਿਵਾਉਣਾ ਅਤੇ ਜਾਤਪਾਤ/ਧਰਮ ਆਦਿ ਦੀ ਦਵੈਤ ਭਾਵਨਾ ਤੋਂ ਉੱਪਰ ਉੱਠ ਕੇ ਲੋਕਾਂ ਨੂੰ ਬਣਦਾ ਇੱਜਤ ਮਾਣ /ਮਾਣ ਤਾਣ ਦੇ ਰਾਖੇ ਵਜੋਂ ਮਹਾਂ ਨਾਇਕ ਦੇ ਤੌਰ'ਤੇ ਵੀ ਜਾਂਦੇ ਬਾਬਾ ਬੰਦਾ ਸਿੰਘ ਬਹਾਦਰ ਦਾ ਇਨਸਾਫ ਪਸੰਦ ਕਿਰਦਾਰ ਉਭਰਨਾ ਵੀ ਇਤਿਹਾਸ ਦੀ ਇੱਕ ਅਹਿਮ ਘਟਨਾ ਮੰਨੀ ਜਾਂਦੀ ਹੈ। ਇਥੇ ਇਹ ਵੀ ਵਰਨਣਯੋਗ ਹ ਕਿ ਬੰਦਾ ਸਿੰਘ ਬਹਾਦਰ ਦੀ ਸੋਚ ਤੇ ਅਮਲ ਫਿਰਕਾਪ੍ਰਸਤੀ ਤੋਂ ਉਪਰ ਹੋਣ ਕਰਕੇ ਅਮਨ ਪਸੰਦ ਹਿੰਦੂਆਂ ਤੇ ਮੁਸਲਮਾਨਾਂ ਦਾ ਤਨੋਂ ਮਨੋਂ ਪੂਰਨ ਸਹਿਯੋਗ /ਸਮੱਰਥਨ ਮਿਲਣ ਲੱਗ ਪਿਆ। ਜਮਨਾ ਗੰਗਾ ਦੁਆਬ ਵਿਚ ਸਹਾਰਨਪੁਰ ਤੇ ਜਲਾਲਾਬਾਦ, ਜਲੰਧਰ, ਬਟਾਲਾ, ਕਲਾਨੌਰ ਤੇ ਅੰਮ੍ਰਿਤਸਰ ਦੇ ਇਲਾਕਿਆਂ ਵਿੱਚ ਵੀ ਖਾਲਸੇ ਜਲੋ ਜਲਾਲ ਦੀ ਗੂੰਜ ਪੈਣ ਲੱਗ ਪਈ।

ਇਥੇ ਇਹ ਵੀ ਵਰਨਣਯੋਗ ਹੈ ਬਾਬਾ ਬੰਦਾ ਸਿੰਘ ਬਹਾਦਰ ਦੇ ਪ੍ਰਭਾਵਸਾਲੀ ਦਿੱਖ , ਉਚੇ ਸੁੱਚੇ ਕਿਰਦਾਰ, ਇਨਸਾਫ ਲਈ ਜੂਝਣ, ਅਤੇ ਜਰਵਾਣਿਆਂ ਨੂੰ ਸੋਧਣ ਦੇ ਮਿਸਨ (ਧਰਮ ਯੁੱਧ )ਦਾ ਲੋਕਾਂ ਉਤੇ ਜਾਦੂਮਈ ਪ੍ਰਭਾਵ ਪੈਣ ਕਾਰਨ ਬਹੁਤ ਸਾਰੇ ਇਨਸਾਫ ਪਸੰਦ ਲੋਕ ਜਿਥੇ ਲੜਨ ਮਰਨ ਲਈ ਤਿਆਰ ਹੋ ਰਹੇ ਸਨ ਉਥੇ ਸਿੱਖਾਂ ਦੀ ਤੁਛ ਜਿਹੀ ਫੌਜ ਦੇ ਜੰਗਜੂ ਜੌਹਰਾਂ ਨਾਲ ਹੋ ਰਹੀਆਂ ਹੈਰਾਨੀ ਜਨਕ ਜਿੱਤਾਂ ਹੋਣ ਲੱਗੀਆਂ। ਇਹ ਸਭ ਕੁਝ ਬਾਬਾ ਬੰਦਾ ਸਿੰਘ ਬਹਾਦਰ ਦੇ ਜਾਦੂਈ ਕਰਾਮਤੀ ਕਾਰਨਾਮੇ ਵਜੋਂ ਜਾਣੇ ਜਾਣ ਲੱਗੇ।

ਸੰਨ 1713ਵਿੱਚ ਬਾਬਾ ਬੰਦਾ ਸਿੰਘ ਬਹਾਦਰ ਨੇ ਗੁਰਦਾਸ ਨੰਗਲ ਨੂੰ ਆਪਣੀ ਰਾਜਧਾਨੀ ਬਣਾ ਕੇ ਇੱਕ ਕੁਸਲ ਤੇ ਇਨਸਾਫ ਰਾਜ ਦੀ ਨੀਂਹ ਰੱਖਦਿਆਂ ਇੱਕ ਸੁਚੱਜੇ ਲੋਕ ਹਿੱਤੂ ਖਾਲਸਾ ਰਾਜ ਪ੍ਰਬੰਧ ਚਲਾਉਣ ਵੱਲ ਤਵੱਜੋਂ ਦੇਣ ਦੇ ਯਤਨ ਸੁਰੂ ਕਰ ਦਿੱਤੇ। ਬਾਬਾ ਬੰਦਾ ਸਿੰਘ ਬਹਾਦਰ ਦੇ ਲੋਕ ਭਲਾਈ ਯਤਨਾਂ ਨਾਲ ਲੋਕ ਲਹਿਰ ਦਾ ਉਲਾਰ ਧਰਮ ਯੁੱਧ ਵੱਲ ਵੱਧਣ ਲੱਗਾ। ਜਿਸ ਨੇ ਜਰਵਾਣੇ ਸਾਸਕਾਂ ਨੂੰ ਇੱਕ ਧੁੜਕੂ ਲਾ ਦਿੱਤਾ ਕਿ ਉਨਾਂ ਦੁਆਰਾ ਮਜਲੂਮਾਂ ਉਤੇ ਢਾਹੇ ਅਤਿਆਚਾਰਾਂ ਦਾ ਹਿਸਾਬ ਕਿਤਾਬ ਦੇਣ ਦਾ ਸਮਾਂ ਨੇੜੇ ਆਉਂਦਾ (ਯਾਨੀ ਅੱਤ ਦਾ ਅੰਤ ) ਨਜਰ ਆਉਣ ਲੱਗਾ



ਫਿਆ। ਜਖਮੀ ਨਾਗ ਵਾਂਗ ਹੋਰ ਵੀ ਵਿੱਸ ਘੋਲਦੇ ਹੋਏ ਅੱਗ ਬਗੂਲਾ ਹੋ ਉਠੇ ।ਜਿਸ ਕਰਕੇ ਬਾਬਾ ਬੰਦਾ ਸਿੰਘ ਬਹਾਦਰ ਵਲੋਂ ਖਾਲਸਾ ਰਾਜ ਸਥਾਪਿਤ ਕਰਨ ਦੇ ਯਤਨਾਂ ਨੂੰ ਕੁਚਲਣ ਲਈ ਮੁਗਲ ਬਾਦਸਾਹ ਫਰੁਖਸੀਅਰ ਤੇ ਉਸ ਦੇ ਅਹਿਲਕਾਰਾਂ ਨੇ ਇੱਕ ਵੱਡਾ ਲਾਮ ਲਸਕਰ ਭੇਜਣ ਦਾ ਫੈਸਲਾ ਕਰ ਲਿਆ। ਲਾਹੌਰ ਦੇ ਸੂਬੇਦਾਰ ਅਬਦੁਲ ਸਮਦ ਖਾਨ ਨੇ ਇਸ ਫੌਜ ਦੀ ਕਮਾਨ ਸੰਭਾਲਦਿਆਂ ਬਾਬਾ ਬੰਦਾ ਸਿੰਘ ਬਹਾਦਰ ਦਾ ਪਿੱਛਾ ਕਰਦਿਆਂ ਗੁਰਦਾਸ ਨੰਗਲ ਉਤੇ ਹਮਲਾ ਕਰ ਦਿੱਤਾ। ਜਦ ਬੰਦਾ ਸਿੰਘ ਬਹਾਦਰ ਦੀ ਸਿੱਖ ਫੌਜ ਵੱਲੋਂ ਅੱਗੋਂ ਡੱਟ ਕੇ ਕੀਤੇ ਜਾ ਰਹੇ ਮੁਕਾਬਲੇ ਕਾਰਨ ਮੁਗਲ ਫੌਜ ਦੀ ਕੋਈ ਵਾਹ ਪੇਸ ਨਾ ਗਈ ਤਾਂ ਫਿਰ ਮੁਗਲਾਂ ਸਾਸਕਾਂ ਨੇ ਕਿਲ੍ਹੇ ਗੁਰਦਾਸ ਨੰਗਲ ਦੀ ਕਰੜੀ ਘੇਰਾ ਬੰਦੀ ਕਰ ਲਈ ਗਈ। ਕਰੀਬ ਦਸ ਮਹੀਨੇ ਦੀ ਇਸ ਸਖਤ ਨਾਕਾਬੰਦੀ ਕਾਰਨ ਕਿਲ੍ਹੇ ਅੰਦਰ ਸਭ ਤਰ੍ਹਾਂ ਦਾ ਜਮਾਂ ਰਾਸਨ ਪਾਣੀ ਖਤਮ ਹੋਣ ਦੇ ਬਾਵਜੂਦ ਘਿਰੀ ਖਾਲਸਾ ਫੌਜ ਵੱਲੋਂ ਆਪਣੇ ਦਮ ਖਮ (ਸਿਦਕ ) ਰੱਖਦਿਆਂ ਧਰਮ ਯੁੱਧ ਜਾਰੀ ਰੱਖ ਕੇ ਵੈਰੀਆਂ ਦਾ ਮੂੰਹ ਬੁਰੀ ਤਰਾਂ ਭੰਨਿਆ ਜਾ ਰਿਹਾ ਸੀ। ਆਖਰ ਵਿੱਚ ਭੁੱਖ ਪਿਆਸ ਕਾਰਨ ਸਰੀਰਕ ਤੌਰ 'ਤੇ ਕਮਜੋਰ ਪੈ ਚੁੱਕੀ ਖਾਲਸਾ ਫੌਜ ਉਪਰ ਮੁਗਲ ਫੌਜ ਭਾਰੀ ਪੈ ਹੀ ਗਈ ਤੇ ਦਸੰਬਰ 1715 ਵਿੱਚ ਬੰਦਾ ਸਿੰਘ, ਉਸ ਦੇ ਕਰੀਬ 740 ਸਾਥੀਆਂ ਅਤੇ ਤਿੰਨ ਸਾਲ ਦੇ ਮਾਸੂਮ ਪੁੱਤਰ ਅਜੈ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ। ਗ੍ਰਿਫਤਾਰ ਕੀਤੇ ਗਏ ਸਿੱਖ ਕੈਦੀਆਂ ਨੂੰ 27 ਫਰਵਰੀ, 1716 ਦੇ ਦਿਨ ਦਿੱਲੀ ਦੇ ਬਾਹਰਵਾਰ ਪਿੰਡ ਅਗਰਾਬਾਦ ਕੋਲ ਪਹੁੰਚਾਇਆ ਗਿਆ। ਆਮ ਲੋਕਾਂ ਵਿੱਚ ਦਹਿਸਤ ਪਾਕੇ ਮੁਗਲ ਸਾਮਰਾਜ ਦੀ ਹੋਰ ਧਾਂਕ ਜਮਾਉਣ ਖਾਤਰ ਇਨ੍ਹਾਂ ਕੈਦੀਆਂ ਦਾ ਦਿੱਲੀ ਵਿੱਚ ਜਲੂਸ ਕਢਿਆ ਗਿਆ। ਜਲੂਸ ਦੇ ਸਭ ਤੋਂ ਅੱਗੇ ਇੱਕ ਬੈਂਡ-ਵਾਜਾ ਜਾ ਰਿਹਾ ਸੀ। ਪਿੰਡ ਅਗਰਾਬਾਦ ਤੋਂ ਸੁਰੂ ਹੋ ਕੇ ਇਹ ਜਲੂਸ 10 ਕਿਲੋਮੀਟਰ ਦੂਰ ਲਾਲ ਕਿਲ੍ਹੇ ਤਕ ਲਿਜਾਇਆ ਗਿਆ। ਇਸ ਬੈਂਡ ਦੇ ਪਿੱਛੇ ਦੋ ਹਜਾਰ ਸਿੱਖਾਂ ਦੇ ਸਿਰ, ਜਿਨ੍ਹਾਂ 'ਚ ਤੂੜੀ ਭਰ ਕੇ ਬਾਂਸਾਂ 'ਤੇ ਲਟਕਾ ਕੇ ਲਿਜਾਇਆ ਜਾ ਰਿਹਾ ਸੀ। ਇਨ੍ਹਾਂ ਦੇ ਸਿਰਾਂ ਦੇ ਵਾਲ ਖੁੱਲ੍ਹੇ ਰੱਖੇ ਹੋਏ ਸਨ ਤਾਂ ਜੋ ਲੋਕ ਪਛਾਣ ਸਕਣ ਕਿ ਵਾਕਿਆ ਹੀ ਇਹ ਸਿੱਖਾਂ ਦੇ ਹੀ ਸਿਰ ਹਨ। ਇਨ੍ਹਾਂ ਦੀ ਗਿਣਤੀ ਵਧਾਉਣ ਵਾਸਤੇ ਕੁੱਝ ਔਰਤਾਂ ਦੇ ਸਿਰ ਵੱਢ ਕੇ ਵੀ ਸਾਮਲ ਕਰ ਦਿਤੇ ਗਏ ਸਨ ਤਾਂ ਜੋ ਲੰਮੇ ਵਾਲਾਂ ਕਾਰਨ ਉਹ ਵੀ ਸਿੱਖ ਸਿਪਾਹੀ ਹੀ ਜਾਪਣ। ਇਸ ਮਗਰ ਇੱਕ ਹਾਥੀ ਸੀ, ਜਿਸ ਉਤੇ ਰੱਖੇ ਹੋਏ ਪਿੰਜਰੇ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਕੈਦ ਕੀਤਾ ਹੋਇਆ ਸੀ। ਬਾਬਾ ਬੰਦਾ ਸਿੰਘ ਦਾ ਮਜਾਕ ਉਡਾਉਣ ਵਾਸਤੇ ਉਸ ਨੂੰ ਇੱਕ ਲਾੜੇ ਵਾਂਗ ਸੁਨਹਿਰੀ ਜਰੀ ਵਾਲੀ ਲਾਲ ਪੱਗ, ਅਨਾਰ ਦੇ ਫੁਲਾਂ ਦੇ ਰੰਗ ਦਾ ਸਾਹੀ ਚੋਗਾ ਪਾਇਆ ਹੋਇਆ ਸੀ। ਉਸ ਦੇ ਸਿਰ 'ਤੇ ਇੱਕ ਲਕੜੀ ਦਾ ਖੋਖਾ ਤਿੰਨ-ਚਾਰ ਕਿਲੋ ਮਿੱਟੀ ਨਾਲ ਭਰ ਕੇ ਰਖਿਆ ਹੋਇਆ ਸੀ, ਜਿਸ ਦੇ ਭਾਰ ਨਾਲ ਉਹ ਗਰਦਨ ਝੁਕਾਈ ਟੇਢਾ ਬੈਠਾ ਸੀ। ਬਾਬਾ ਬੰਦਾ ਸਿੰਘ ਬਹਾਦਰ ਭਾਵੇਂ ਪਿੰਜਰੇ ਵਿੱਚ ਬੰਦ ਸੀ, ਪਰ ਫਿਰ ਵੀ ਉਸ ਪਿੱਛੇ ਨੰਗੀ ਤਲਵਾਰ ਹੱਥ ਵਿੱਚ ਫੜ ਕੇ ਇੱਕ ਸਿਪਾਹੀ ਖੜਾ ਕੀਤਾ ਹੋਇਆ ਸੀ ਕਿਉਂਕਿ ਮੁਗਲ ਡਰਦੇ ਸੀ ਕਿ ਕਿਤੇ ਇਹ ਬੰਦਾ ਜਾਦੂ ਨਾਲ ਉੱਡ ਹੀ ਨਾ ਜਾਵੇ ।ਹਾਥੀ ਦੇ ਪਿੱਛੇ 740 ਕੈਦੀ ਸਨ। ਇਨ੍ਹਾਂ ਦੇ ਮੂੰਹਾਂ 'ਤੇ ਕਾਲਖ ਮਲੀ ਹੋਈ ਸੀ। ਉਨ੍ਹਾਂ ਦਾ ਇਕ-ਇਕ ਹੱਥ ਗਰਦਨ ਦੇ ਪਿੱਛੇ ਕਰ ਕੇ ਸਿਕੰਜੇ ਵਿੱਚ ਕੱਸ ਕੇ ਬੰਨਿਆ ਹੋਇਆ ਸੀ। ਉਨ੍ਹਾਂ ਦੇ ਸਿਰਾਂ 'ਤੇ ਕਾਗਜਾਂ ਦੀਆਂ ਖੋਖਾ-ਟੋਪੀਆਂ ਰੱਖੀਆਂ ਹੋਈਆਂ ਸਨ ਤੇ ਉਨ੍ਹਾਂ ਦੇ ਜਿਸਮਾਂ 'ਤੇ ਭੇਡਾਂ ਦੀ ਖੱਲ ਲਵ੍ਹੇਟੀ ਹੋਈ ਸੀ ਤਾਂ ਕਿ ਹਰ ਤਰ੍ਹਾਂ ਦਾ ਮੌਜੂ ਉਡਾਉਂਦਿਆਂ ਸਿੱਖ ਕੈਦੀਆਂ ਦੀ ਪੂਰੀ ਹੱਤਕ ਭਰੀ ਬੇਇਜਤੀ ਕੀਤੀ ਜਾ ਸਕੇ। ਉਨ੍ਹਾਂ ਨੂੰ ਦੋ-ਦੋ ਕਰ ਕੇ ਕਾਠੀਆਂ ਤੋਂ ਸੱਖਣੇ ਊਠਾਂ 'ਤੇ ਲੱਦਿਆ ਹੋਇਆ ਸੀ। ਇਸ ਜਲੂਸ ਪਿੱਛੇ ਮੁਗਲ ਸਿਪਾਹ ਸਲਾਰ / ਸੈਨਾਪਤੀ ਮੁਹੰਮਦ ਅਮੀਨ ਖਾਨ, ਉਸ ਦਾ ਪੁੱਤਰ ਕਮਰ-ਉਦ-ਦੀਨ ਖਾਨ ਅਤੇ ਜਕਰੀਆ ਖਾਨ ਦਾ ਪੁੱਤਰ ਅਬਦੁਸ ਸਮਦ ਖਾਨ ਢੀਂਗੜ ਢੀਂਗੜ ਕੇ ਆਕੜ ਭਰੀ ਚਾਲ ਚੱਲ ਰਹੇ ਸਨ। ਇਹ ਜਲੂਸ ਲਾਹੌਰੀ ਗੇਟ ਦੇ ਰਸਤਿਉਂ ਦਿੱਲੀ ਸਹਿਰ ਵਿੱਚ ਦਾਖਲ ਹੋਇਆ।ਮੌਤ ਵੱਲ ਵਧਦੇ ਮੌਤ ਦੇ ਦੀਵਾਨਿਆਂ ਦੇ ਇਸ ਜਲੂਸ ਦੇ ਮੰਜਰ ਦਾ ਨਜਾਰਾ ਵੇਖਣ ਲਈ ਦਿੱਲੀ ਦੇ ਲਾਂਘਿਆਂ ਉਤੇ ਤਮਾਸਬੀਨਾਂ ਦੀਆਂ ਭੀੜਾਂ ਦੀਆਂ ਭੀੜਾਂ ਜੁੜਨ ਲੱਗੀਆਂ । ਭੀੜਾਂ ਚੋਂ ਬਹੁਤ ਸਾਰੇ ਸਿਰ ਫਿਰੇ ਲੋਕ ਕੈਦ ਸਿੱਖ ਯੋਧਿਆਂ ਨੂੰ ਕੋਝੇ ਮਜਾਕ ਤੇ ਬੇਹੂਦਾ ਸੈਨਤਾਂ ਕਰਕੇ ਇਨਸਾਨੀਅਤ ਨੂੰ ਸਰਮਸਾਰ ਕਰ ਰਹੇ ਸੀ। ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਮੁਗਲ ਬਾਦਸਾਹ ਫਰਖਸੀਅਰ ਕੋਲ ਪੇਸ ਕੀਤਾ ਗਿਆ ਤਾਂ ਉਸ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੁੱਛਿਆ ਕਿ ਤੂੰ ਆਪਣੇ ਵਾਸਤੇ ਕਿਹੋ ਜਹੀ ਮੌਤ ਚੁਣੇਂਗਾ ? ਇਸ 'ਤੇ ਬਾਬਾ ਬੰਦਾ ਸਿੰਘ ਬਹਾਦਰ ਨੇ ਇੱਕ ਦਮ ਬੜੀ ਦਲੇਰੀ ਤੇ ਸੂਝ ਨਾਲ ਕਿਹਾ ਕਿ ਜਿਹੋ ਜਿਹੀ ਇੱਕ ਬਾਦਸਾਹ ਆਪਣੀ ਮੌਤ ਦੀ ਤਮੰਨਾ ਰੱਖਦਾ ਹੈ। ਪਰ ਮੁਗਲ ਹਕੂਮਤ ਨੇ ਇਨਸਾਨੀਅਤ ਦੀਆਂ ਸਾਰੀਆਂ ਹੱਦਾਂ ਬੰਨੇ ਟਪਦਿਆਂ ਅਤੇ ਕਰੂਰਤਾ ਦਾ ਇੱਕ ਵੱਡਾ ਸਬੂਤ ਦਿੰਦਿਆਂ ਗ੍ਰਿਫਤਾਰ ਸਿੱਖ ਸੈਨਿਕਾਂ ਦੇ ਵਹਿਸੀ ਕਤਲੇਆਮ ਦੌਰ ਚਲਾਇਆ ਫਿਰ ਬਾਬਾ ਬੰਦਾ ਸਿੰਘ ਬਹਾਦਰ ਦਾ ਮਨੋਬਲ ਡੇਗਣ ਦੇ ਨੀਚ ਮਨਸੂਬੇ ਘੜਦਿਆਂ ਜਰਵਾਣਿਆਂ ਵੱਲੋਂ ਬੜੀ ਹੀ ਬੇਕਿਰਕੀ ਨਾਲ ਉਸ ਦੇ ਸਾਹਮਣੇ ਹੀ ਮਾਸੂਮ ਪੁੱਤਰ ਅਜੈ ਸਿੰਘ ਦਾ ਕਾਲਜਾ ਕੱਢ ਕੇ ਬਾਬਾ ਬੰਦਾ ਸਿੰਘ ਬਹਾਦਰ ਦੇ ਮੂੰਹ ਵਿੱਚ ਤੁੰਨਣ ਦੀ ਘਿਨਾਉਣੀ ਕੋਸਿਸ ਕੀਤੀ ਗਈ। ਪਰ ਮੌਤ ਤੋਂ ਬੇਖੌਫ ਹੋ ਕੇ ਸਿੱਖੀ ਸਿਦਕ ਉਤੇ ਕਾਇਮ ਰਹਿੰਦਿਆਂ ਤਰ੍ਹਾਂ ਤਰ੍ਹਾਂ ਦੇ ਅਣਮਨੁੱਖੀ ਤਸੱਦਦ ਝਲਦਿਆਂ 9 ਜੂਨ 1716 ਨੂੰ ਬਾਬਾ ਬੰਦਾ ਸਿੰਘ ਇੱਕ ਵਿਲੱਖਣ ਸਹੀਦੀ ਜਾਮ ਪੀ ਗਿਆ। ਦਿਲ ਵਲੂੰਧਰਨ ਵਾਲੀ ਇਸ ਭਿਆਨਕ ਮੌਤ ਦੇ ਮੰਜਰ ਦਾ ਦ੍ਰਿੜ੍ਹਤਾ ਨਾਲ. ਚੜਦੀਕਲਾ ਵਿੱਚ ਸਾਹਮਣਾ ਕਰਦਿਆਂ ਬਾਬਾ ਬੰਦਾ ਸਿੰਘ ਬਹਾਦਰ ਨੇ ਸੂਰਮਗਤੀ ਮੌਤ ਦਾ ਮਹਾਂ ਅਨੰਦ ਦੇ ਸਹਿਜ ਰੂਪ ਨੂੰ ਮਾਣਿਆ ਤੇ ਪੂਰਨ ਪਰਮਾਨੰਦ ਨੂੰ ਪਾ ਲਿਆ। ਅਜਿਹੀ ਮਾਣਮੱਤੀ ਮੌਤ ਬਾਬਤ ਭਗਤ ਕਬੀਰ ਜੀ ਦਾ ਵੀ ਫੁਰਮਾਣ ਹੈ :

"ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥"



ਮਾਸਟਰ ਲਖਵਿੰਦਰ ਸਿੰਘ ਰਈਆ

# ਬੁਨਿਆਦੀ ਸੱਚ ਦੇ ਪੁਜਾਰੀ ਭਗਤ ਕਬੀਰ

## ਕਬੀਰ ਜੈਅੰਤੀ 'ਤੇ ਵਿਸ਼ੇਸ਼

ਕਬੀਰ ਜੀ ਦਾ ਜਨਮ ਬਿਕਰਮੀ ਸੰਮਤ 1455 ਅਰਥਾਤ 1398 ਈ: ਵਿਚ ਜੇਠ ਸੁਦੀ ਪੂਰਨਮਾਸ਼ੀ ਦਿਨ ਸੋਮਵਾਰ ਨੂੰ ਹੋਇਆ ਸੀ। ਭਾਵੇਂ ਕਿ ਕਬੀਰ ਜੀ ਦੀ ਜਨਮ ਤਰੀਕ ਬਾਰੇ ਕਬੀਰ ਜਨਮ ਖੋਜੀ ਲੇਖਕਾਂ ਵਿਚ ਕਾਫੀ ਮਤਭੇਦ ਹਨ ਪਰ ਬਹੁਤੇ ਖੋਜਕਾਰ ਲਗਪਗ ਉਕਤ ਮਿਤੀ ਨਾਲ ਸਹਿਮਤ ਹਨ। ਕਬੀਰ ਜੀ ਦੀ ਪੈਦਾਇਸ਼ ਦਾ 14ਵੀਂ-15ਵੀਂ ਸ਼ਤਾਬਦੀ ਦਾ ਇਹ ਉਹ ਸਮਾਂ ਸੀ ਜਦੋਂ ਭਾਰਤੀ ਸਾਹਿਤ ਇਤਿਹਾਸ ਦਾ ਭਗਤੀ ਅੰਦੋਲਨ ਉੱਤਰੀ ਭਾਰਤ ਵਿਚ ਫੈਲ ਚੁੱਕਾ ਸੀ, ਜਿਸ ਦੀ ਉਤਪਤੀ 12ਵੀਂ ਸਦੀ ਵਿਚ ਦੱਖਣ ਦ੍ਰਾਵੜ ਵਿਚ ਹੋਈ ਸੀ।

ਕਬੀਰ ਜੀ ਦੀ ਦੂਰਦ੍ਰਿਸ਼ਟੀ ਨੇ ਨਿਰਪੱਖਤਾ ਤੋਂ ਕੰਮ ਲਿਆ। ਕਬੀਰ ਜੀ ਲਈ ਹਿੰਦੂ ਤੇ ਮੁਸਲਮਾਨ ਦੋਵੇਂ ਬਰਾਬਰ ਸਨ। ਕਬੀਰ ਜੀ ਦੀ ਅਧਿਆਤਮਿਕ ਸਿੱਖਿਆ ਕਿਸੇ ਵਿਅਕਤੀ ਵਿਸ਼ੇਸ਼ ਲਈ ਨਹੀਂ ਸੀ ਸਗੋਂ ਸਮੁੱਚੇ ਮਾਨਵ ਸਮਾਜ ਨਾਲ ਸਬੰਧਿਤ ਸੀ। ਕਬੀਰ ਜੀ ਨੇ ਰੱਬੀ ਸਾਧਨਾਂ ਦਾ ਇਕ ਨਿਵੇਕਲਾ ਸੰਕਲਪ ਵਿਕਸਿਤ ਕੀਤਾ ਜਿਸ ਵਿਚ ਪੂਜਾ-ਪਾਠ, ਵੇਸ਼-ਭੂਸ਼ਾ, ਅਡੰਬਰ ਤੇ ਪਖੰਡ ਦੀ ਥਾਂ ਨਹੀਂ ਸੀ, ਕਿਉਂਕਿ ਇਹ ਨਿਰਗੁਣ ਬ੍ਰਹਮ ਦੀ ਉਪਾਸਨਾ ਤੇ ਭਗਤੀ ਸੀ। ਕਬੀਰ ਜੀ ਨੇ ਸਪੱਸ਼ਟ ਆਵਾਜ਼ ਵਿਚ ਕਿਹਾ ਸੀ ਕਿ ਮਨੁੱਖੀ ਸਮਾਜ ਦੇ ਹਰੇਕ ਜੀਵ ਵਿਚ ਇਕ ਨੂਰ ਹੈ ਜੋ ਕਿ ਖ਼ੁਦਾ ਦਾ ਹੀ ਰੂਪ ਹੈ। ਸ੍ਰਿਸ਼ਟੀ ਦੇ ਸਾਰੇ ਜੀਵ-ਜੰਤ ਇਸ ਦੀ ਹੀ ਸਿਰਜਣਾ ਹਨ। ਫਿਰ ਕਿਸੇ ਦੀ ਜਾਤ-ਮਜ਼ਹਬ ਬਾਰੇ ਕੋਈ ਭੁਲੇਖਾ ਨਹੀਂ ਰਹਿਣਾ ਚਾਹੀਦਾ। ਸਭ ਇਕੋ ਹੀ ਮਿੱਟੀ ਦੇ ਬਣੇ ਹੋਏ ਹਨ। ਕਬੀਰ ਜੀ ਨੇ ਆਖਿਆ ਕਿ ਮੈਂ ਆਪਣੇ ਮੁਰਸ਼ਦ ਦੀ ਕਿਰਪਾ ਨਾਲ ਇਸ ਰੱਬੀ ਨੂਰ ਨੂੰ ਹਰ ਥਾਂ ਦੇਖ ਰਿਹਾ ਹਾਂ। ਕਬੀਰ ਜੀ ਨੇ ਭਾਰਤੀ ਸਮਾਜ ਵਿਚ ਫੈਲੇ ਜਾਤੀਵਾਦ ਬਾਰੇ ਇਕ ਸਿਆਣੀ ਗੱਲ ਕਹੀ ਕਿ ਮੇਰੀ ਨੀਵੀਂ ਜੁਲਾਹਾ ਜਾਤ ਦਾ ਹਰ ਕੋਈ ਮਖੌਲ ਉਡਾਉਂਦਾ ਹੈ ਪਰ ਮੈਂ ਪਰਮਾਤਮਾ ਦਾ ਧੰਨਵਾਦ ਕਰਦਾ ਹਾਂ ਕਿ ਇਸ ਨੀਵੀਂ ਜਾਤ 'ਚ ਪੈਦਾ ਹੋ ਕੇ ਮੈਂ ਰੱਬ ਦੀ ਬੰਦਗੀ ਕੀਤੀ ਹੈ, ਜਿਸ ਕਰਕੇ ਇਹ ਸਲਾਹੁਣਯੋਗ ਹੋ ਗਈ ਹੈ ਕਿਉਂਕਿ ਜਿਸ ਕੁਲ ਵਿਚ ਪ੍ਰਭੂ ਭਗਤ ਜਨਮ ਲੈਂਦਾ ਹੈ, ਉਹ ਕੁਲ ਸੁਲੱਖਣੀ ਬਣ ਜਾਂਦੀ ਹੈ ਅਤੇ ਜਿਸ ਕੁਲ 'ਚ ਰੱਬ ਦੀ ਬੰਦਗੀ ਕਰਨ ਵਾਲਾ ਪੈਦਾ ਨਹੀਂ ਹੁੰਦਾ, ਉਹ ਕੁਲ ਢਕਪਲਾਹ ਨਿਕੰਮੇ ਰੁੱਖ ਵਰਗੀ ਬਿਨਾਂ ਫਲ ਤੋਂ ਹੁੰਦੀ ਹੈ।



